Punjabi Parwaz

# ਪੰਜਾਬੀ ਪਰਵਾਜ਼

ਅੰਕ 77ਵਾਂ (ਸ਼ਿਕਾਗੋ): 25 ਅਪਰੈਲ ਤੋਂ 8 ਮਈ 2026 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਅਮਰੀਕਾ-ਇਰਾਨ ਵਿਚਾਲੇ ਸਮਝੌਤੇ ਦੇ ਆਸਾਰ ਮੱਧਮ

**ਜਸਵੀਰ ਸਿੰਘ ਸ਼ੀਰੀ**

***ਜੰਗ ਦੀ ਤਿਆਰੀ ਕਰਨ ਲੱਗੀਆਂ ਦੋਨੋ ਧਿਰਾਂ *ਪਾਕਿਸਤਾਨ ਦੀ ਗੱਲਬਾਤ ਲਈ ਗੁਹਾਰ***

ਅਮਰੀਕਾ-ਇਜ਼ਰਾਇਲ ਅਤੇ ਇਰਾਨ ਵਿਚਕਾਰ ਜਿਹੜੀ ਆਰਜੀ ਜੰਗਬੰਦੀ ਚੱਲ ਰਹੀ ਹੈ, ਉਸ ਨੇ ਖਤਮ ਹੋ ਜਾਣਾ ਹੈ। ਜੰਗਬੰਦੀ ਲਈ ਗੱਲਬਾਤ ਵਾਸਤੇ ਇੱਕ ਪਾਸੇ ਤਾਂ ਅਮਰੀਕੀ ਰਾਸ਼ਟਰਪਤੀ ਦੇ ਅੰਦਰ ਇੱਕ ਕਾਹਲ ਵਿਖਾਈ ਦੇ ਰਹੀ ਹੈ, ਦੂਜੇ ਪਾਸੇ ਇਰਾਨ ਪਹਿਲੇ ਤਜ਼ਰਬਿਆਂ ਦੇ ਮੱਦੇਨਜ਼ਰ ਫੂਕ-ਫੂਕ ਕੇ ਕਦਮ ਪੁੱਟ ਰਿਹਾ ਹੈ। ਜੰਗਬੰਦੀ ਦੀ ਡੈਡ ਲਾਈਨ ਨਜ਼ਦੀਕ ਆਉਣ ਨਾਲ ਦੋਹਾਂ ਧਿਰਾਂ ਵਿਚਕਾਰ ਇੱਕ ਤਣਾਓ ਵੀ ਵਧ ਰਿਹਾ ਹੈ।

ਜੰਗਬੰਦੀ ਨੂੰ ਅਮਲ 'ਚ ਲਿਆਉਣ ਦੇ ਮਾਮਲੇ ਵਿੱਚ ਦੋਹਾਂ ਧਿਰਾਂ ਦੀਆਂ ਸ਼ਰਤਾਂ ਇੰਨੀਆ ਸਖ਼ਤ ਹਨ ਕਿ ਆਪਸ ਵਿੱਚ ਗੱਲ ਤੋਰਨੀ ਵੀ ਮੁਸ਼ਕਲ ਹੋ ਰਹੀ ਹੈ। ਟਰੰਪ ਹੋਰੀਂ ਤਾਂ ਜ਼ੁਬਾਨ ਦੇ ਰਸ ਨਾਲ ਹੀ ਆਪਣੇ ਆਪ ਲਈ ਮੁਸ਼ਕਲਾਂ ਖੜ੍ਹੀਆਂ ਕਰੀ ਜਾ ਰਹੇ ਹਨ। ਕਦੀ ਆਖ ਦੇਂਦੇ, 'ਇਰਾਨ ਨੂੰ ਧਰਤੀ ਤੋਂ ਮਿਟਾ ਦਿਆਂਗੇ, ਵਿੱਚ ਨੂੰ ਉਨ੍ਹਾਂ ਨੂੰ ਬਹਾਦਰਾਂ ਦੀ ਕੌਮ ਵੀ ਕਹੀ ਜਾਂਦੇ। ਥੋੜ੍ਹੀ ਦੇਰ ਬਾਅਦ ਬਿਆਨ ਆਏਗਾ, 'ਸਾਡਾ ਮਿਸ਼ਨ ਗੱਲਬਾਤ ਲਈ ਇਸਲਾਮਾਬਾਦ ਵੱਲ ਤੁਰ ਪਿਆ ਹੈ, ਰਸਤੇ ਵਿੱਚ ਹੈ; ਹਾਲੇ ਤੁਰਿਆ ਨਹੀਂ। ਫਿਰ ਆਖਦੇ, ਪਹਿਲਾਂ ਇਰਾਨੀ ਡੈਲੀਗੇਟ ਇਸਲਾਮਾਬਾਦ ਪੁੱਜੇ, ਜੰਗਬੰਦੀ ਹੋਰ ਅੱਗੇ ਨਹੀਂ ਵਧਾਵਾਂਗੇ। ਇਰਾਨ ਬੰਬਾਂ-ਬੰਦੂਕਾਂ ਵਾਲੀ ਭਾਸ਼ਾ ਹੀ ਸਮਝਦਾ ਹੈ, ਆਦਿ-ਆਦਿ।

ਇਰਾਨ ਦੀਆਂ ਸਿਆਸੀ ਪੁਜੀਸ਼ਨਾਂ ਭਾਵੇਂ ਟਿਕਵੀਆਂ ਅਤੇ ਇੱਕਸਾਰ ਹਨ, ਪਰ ਸਖ਼ਤੀ ਉਨ੍ਹਾਂ ਵਿੱਚ ਵੀ ਘੱਟ ਨਹੀਂ। ਆਇਤੁਲਾ ਖੁਮੀਨੀ ਦਾ ਤਖਤਾ ਪਲਟ ਕਰਨ ਤੋਂ ਤੁਰਦੀ ਇਹ ਜੰਗ ਇੱਥੇ ਆ ਗਈ ਹੈ ਕਿ ਸਭ ਤੋਂ ਮਹੱਤਵਪੂਰਨ ਹੌਰਮੂਜ਼ ਦਾ ਲਾਂਘਾ ਖੁਲਵ੍ਹਾਉਣਾ ਹੋ ਗਿਆ ਹੈ। ਹੁਣ ਤੇ ਇੱਥੇ ਡਬਲ ਘੇਰਾ ਪੈ ਗਿਆ। ਇਰਾਨ ਨੇ ਹੌਰਮੂਜ਼ ਦਾ ਕੰਟਰੋਲ ਅਸਲ ਵਿੱਚ ਆਪਣੇ ਹੱਥ ਲਿਆ ਹੋਇਆ ਹੈ। ਉਸ ਨੇ ਓਮਾਨ ਨੂੰ ਵੀ ਆਪਣੇ ਨਾਲ ਲਾ ਲਿਆ ਹੈ। ਹੌਰਮੂਜ਼ ਦਾ ਲਾਂਘਾ ਇੱਕ ਤਰ੍ਹਾਂ ਨਾਲ ਇਨ੍ਹਾਂ ਦੋਹਾਂ ਮੁਲਕਾਂ ਦੇ ਹੀ ਤੱਟੀ ਖੇਤਰ ਵਿੱਚ ਪੈਂਦਾ ਹੈ। ਇਸ ਲਾਂਘੇ ਤੋਂ ਲਿਆ ਜਾਣ ਵਾਲਾ ਟੋਲ ਇਹ ਦੋਨੋ ਮੁਲਕ ਆਪਸ ਵਿੱਚ ਵੰਡਣਗੇ। ਟਰੰਪ ਨੂੰ ਇਹ ਵੀ ਝਾਕ ਸੀ ਕਿ ਇਰਾਨ ਉਸ ਦੇ ਨਾਲ ਹੌਰਮੂਜ਼ ਟੋਲ ਨਾਕੇ ਦੀ ਆਮਦਨ ਸਾਂਝੀ ਕਰ ਲਵੇਗਾ, ਓਮਾਨ ਨੂੰ ਝਿੜਕ ਦਿਆਂਗੇ ਅਤੇ ਗੱਲ ਮੁੱਕ ਜਾਵੇਗੀ। ਪਰ ਇਰਾਨ ਵਿੱਚ ਅੱਜ ਜੋ ਸਰਕਾਰ ਹੈ, ਉਸ ਦਾ ਰਹਿਬਰ ਨਾਹੱਕ ਅਤੇ ਨਾ-ਇਨਸਾਫੀ ਅੱਗੇ ਨਾ ਝੁਕਣ ਦਾ ਵਾਅਦਾ ਆਪਣੀ ਕੌਮ ਤੋਂ ਲੈ ਕੇ ਸ਼ਹੀਦ ਹੋਇਆ ਹੈ। ਹਾਲੇ ਤੇ ਉਸ ਦੀਆਂ ਅੰਤਿਮ ਰਸਮਾਂ ਵੀ ਨਹੀਂ ਹੋਈਆਂ। ਵੇਹੜੇ ਵਿੱਚ ਪਿਓ ਦੀ ਲਾਸ਼ ਪਈ ਹੋਵੇ ਅਤੇ ਪੁੱਤ ਕਾਤਲਾਂ ਨਾਲ ਗਲਵੱਕੜੀ ਪਾ ਲੈਣ? ਇਰਾਨੀਆਂ ਨੂੰ ਸ਼ਾਇਦ ਇਹੋ ਜਿਹੀ ਮਿੱਟੀ ਨੇ ਨਹੀਂ ਸਾਜਿਆ ਹੈ!

ਇਰਾਨੀ ਪਾਰਲੀਮੈਂਟ ਦੇ ਸਪੀਕਰ ਮੁਹੰਮਦ ਬਘੇਰ ਕਾਲੀਬਾਖ ਨੇ ਕਿਹਾ ਕਿ ਜੇ ਅਮਰੀਕਾ ਅਗਲੇ ਗੇੜ ਦੀ ਗੱਲਬਾਤ ਕਰਨੀ ਚਾਹੁੰਦਾ ਹੈ ਤਾਂ ਸਾਡਾ ਜ਼ਬਤ ਕੀਤਾ ਹੋਇਆ ਸਮੁੰਦਰੀ ਜਹਾਜ਼ ਵਾਪਸ ਕਰੇ। ਸਮੁੰਦਰੀ ਬੇੜੇ ਅਬਰਾਹਮ ਲਿੰਕਨ ਨੂੰ ਪਿਛਾਂਹ ਲਿਜਾਵੇ। ਹੌਰਮੂਜ਼ ਦੀ ਘੇਰਾਬੰਦੀ ਖਤਮ ਕਰੇ, ਜਿਸ ਨੂੰ ਇਰਾਨ ਦੇ ਆਗੂ ਪਾਇਰੇਸੀ ਕਹਿੰਦੇ ਹਨ। ਇਹ ਵੀ ਕਿ ਅਮਰੀਕਾ ਦਾ ਰਾਸ਼ਟਰਪਤੀ ਆਪਣੀ ਬੋਲ-ਬਾਣੀ ਸੁਧਾਰੇ ਅਤੇ ਧਮਕੀਆਂ ਦੇਣੀਆਂ ਬੰਦ ਕਰੇ।

ਉਧਰ ਅਮਰੀਕੀ ਰਾਸ਼ਟਰਪਤੀ ਜ਼ੋਰ ਦੇ ਰਹੇ ਹਨ ਕਿ ਇਰਾਨ ਅਮਰੀਕਾ ਦੀ ਸ਼ਰਤਾਂ 'ਤੇ ਸਮਝੌਤਾ ਕਰੇ। ਸੋਧਿਆ ਹੋਇਆ 400 ਕਿੱਲੋ ਯੂਰੇਨੀਅਮ ਉਨ੍ਹਾਂ ਦੇ ਹਵਾਲੇ ਕਰੇ। ਅਗਾਂਹ ਨੂੰ ਆਪਣਾ ਪ੍ਰਮਾਣੂ ਪ੍ਰੋਗਰਾਮ ਤੇ ਯੂਰੇਨੀਅਮ ਇਨਰਿਚਮੈਂਟ ਬੰਦ ਕਰੇ। ਆਪਣਾ ਬਲਿਸਟਿਕ ਮਿਜ਼ਾਈਲ ਪ੍ਰੋਗਰਾਮ ਵੀ ਰੋਕ ਦੇਵੇ। ਇਰਾਨ ਇਨ੍ਹਾਂ ਵਿੱਚੋਂ ਇੱਕ ਮੰਗ 'ਤੇ ਅੱਧ-ਪਚੱਧ ਸਮਝੌਤਾ ਕਰਨ ਲਈ ਤਿਆਰ ਸੀ, ਮਤਲਬ ਆਪਣਾ ਯੂਰੇਨੀਅਮ ਇਨਰਿਚਮੈਂਟ ਦਾ ਪ੍ਰੋਗਰਾਮ 5 ਸਾਲਾਂ ਲਈ ਰੋਕ ਦੇਵੇਗਾ; ਪਰ ਅਮਰੀਕਾ ਇਸ ਨੂੰ 20 ਸਾਲਾਂ ਤੱਕ ਰੋਕਣ ਲਈ ਮੰਗ ਕਰਨ ਲੱਗਾ। ਫਿਰ ਵੀਹਾਂ ਤੋਂ ਵੀ ਵੱਧ ਸਾਲ ਲਈ। ਇਰਾਨ ਬਿਲਕੁਲ ਪਿੱਛੇ ਮੁੜ ਗਿਆ ਕਿ ਅਸੀਂ ਯੂਰੇਨੀਅਮ ਇਨਰਿਚਮੈਂਟ ਨਹੀਂ ਰੋਕਾਂਗੇ। ਕੁੱਲ ਮਿਲਾ ਕੇ ਗੱਲ ਫ਼ਸਦੀ ਵਿਖਾਈ ਦੇ ਰਹੀ ਹੈ। ਸਾਰੀ ਦੁਨੀਆਂ ਖਾੜੀ ਖੇਤਰ ਵੱਲ ਵੇਖ ਰਹੀ ਹੈ। ਇਰਨ ਤੇ ਖਾੜੀ ਦੇ ਲੋਕਾਂ ਦੀ ਜਾਨ ਮੁੱਠੀ ਵਿੱਚ ਆਈ ਪਈ ਹੈ।

ਇਰਾਨ ਦੀਆਂ ਰਾਜਸੀ ਸੰਸਥਾਵਾਂ ਤੀਹਰੇ-ਚੌਹਰੇ ਘੇਰੇ ਵਾਲੀਆਂ ਹਨ। ਧਾਰਮਿਕ ਲੀਡਰਸ਼ਿਪ, ਇਰਾਨ ਰੈਵੋਲੀਊਸ਼ਨਰੀ ਗਾਰਡ ਕੋਰ, ਰੈਵੋਲੀਊਸ਼ਨਰੀ ਗਾਰਡ ਦਾ ਨੇਵੀ ਵਿੰਗ, ਰੈਗੂਲਰ ਫੌਜ ਅਤੇ ਸਿਆਸੀ ਲੀਡਰਸ਼ਿੱਪ, ਜਿਸ ਵਿੱਚ ਰਾਸ਼ਟਰਪਤੀ ਮਸੂਦ ਪਜਿਸ਼ਕੀਅਨ, ਪਾਰਲੀਮੈਂਟ ਦੇ 290 ਮੈਂਬਰ, ਸਪੀਕਰ ਮੁਹੰਮਦ ਬਘੇਰ ਕਾਲੀਬਾਖ, ਇਰਾਨੀ ਵਿਦੇਸ਼ ਮੰਤਰੀ ਅੱਬਾਸ ਅਰਗਾਚੀ। ਧਾਰਮਿਕ ਆਗੂਆਂ ਦੀ ਇੱਕ ਕੌਂਸਲ ਵੱਖਰੀ ਹੈ। ਇਰਾਨ ਦੀ ਰਾਜਨੀਤਿਕ ਲੀਡਰਸ਼ਿੱਪ ਇਸ ਦਾ ਬਾਹਰਲਾ ਚਿਹਰਾ ਹੈ, ਜਿਹੜੀ ਬਾਹਰਲੀ ਦੁਨੀਆਂ ਨਾਲ ਮੇਲ-ਜੋਲ ਕਰਦੀ ਹੈ ਤੇ ਆਪਣਾ ਨਰਮ, ਮੌਡਰੇਟ ਰਵੱਈਆ ਬਣਾ ਕੇ ਰੱਖਦੀ ਹੈ। ਇਸੇ ਲਈ ਇਰਾਨ ਦੀ ਸਿਆਸੀ ਲੀਡਰਸ਼ਿਪ (ਰਾਸ਼ਟਰਪਤੀ) ਗੱਲਬਾਤ ਜਾਰੀ ਰੱਖਣ ਅਤੇ ਡਿਪਲੋਮੇਸੀ ਨੂੰ ਸਮਾਂ ਦੇਣ ਦੀ ਗੱਲ ਕਰ ਰਹੇ ਹਨ। ਸੁਪਰੀਮ ਆਗੂ ਮੁਜ਼ਤਬਾ ਖੁਮੈਨੀ ਦਾ ਬੰਦੂਕ ਵਾਲਾ ਪੋਸਟਰ ਸਾਹਮਣੇ ਆ ਗਿਆ ਹੈ, ਸੰਕੇਤ ਹੈ ਕਿ ਜੰਗ ਲਈ ਤਿਆਰ ਹਾਂ। ਜੰਗ ਤੁਸੀਂ ਸ਼ੁਰੂ ਕੀਤੀ, ਖਤਮ ਅਸੀਂ ਕਰਾਂਗੇ। ਵਿਚ ਨੂੰ ਆਰ.ਜੀ.ਸੀ. ਦਾ ਕਮਾਂਡਰ ਵੀ ਤਪਦੀ ਭਾਸ਼ਾ ਵਿੱਚ ਬੋਲਣ ਲਗਦਾ ਹੈ।

ਮੌਜੂਦਾ ਸਥਿਤਿਆਂ ਵਿੱਚ ਅਮਰੀਕਾ ਦੀ ਹਾਲਤ ਵੀ ਇਸ ਤੋਂ ਵੱਖ ਨਹੀਂ ਹੈ। ਬੜ੍ਹਕਾਂ ਮਾਰਨ ਨੂੰ ਟਰੰਪ ਰੱਖਿਆ। ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਨਰਮ ਭਾਸ਼ਾ ਵਿੱਚ ਹਦਾਇਤਾਂ ਕਰਦਾ ਹੈ। ਹਦਾਇਤਾਂ ਟਰੰਪ ਵਾਲੀਆਂ ਹਨ। ਪੁਆੜੇ ਦੀ ਜੜ੍ਹ (ਨੇਤਨਯਾਹੂ) ਟੈਲੀਫੋਨ 'ਤੇ ਸੂਚਨਾਵਾਂ ਹਾਸਲ/ਹਦਾਇਤਾਂ ਕਰ ਰਿਹਾ। ਸੈਨਿਟ ਜੰਗ ਨਾਲ ਸਹਿਮਤ ਨਹੀਂ, ਵੱਡੇ ਫੌਜੀ ਅਧਿਕਾਰੀ ਅਲੱਗ ਨਾਰਾਜ਼ ਹਨ। ਸਿਖ਼ਰ ਇਸ ਦੀ ਇਹ ਕਿ ਚਲਦੀ ਜੰਗ ਵਿੱਚ ਜਰਨੈਲ ਬਦਲਨੇ ਪੈ ਗਏ ਟਰੰਪ ਨੂੰ। ਅਗਾਂਹ ਅਕਤੂਬਰ ਵਿੱਚ ਮੱਧਵਰਤੀ ਚੋਣ ਆ ਰਹੀ ਹੈ। ਟਰੰਪ ਦੀ ਲੋਕਪ੍ਰਿਅਤਾ ਗਿਰ ਕੇ 33 ਫੀਸਦੀ ਰਹਿ ਗਈ ਹੈ। ਸੀ.ਆਈ.ਏ. ਅਲੱਗ ਟਰੰਪ ਨੂੰ ਅੱਖਾਂ ਕੱਢੀ ਜਾਂਦੀ, ਅਖੇ ਤੇਰੀਆਂ ਤਾਕਤਾਂ ਉੱਪ ਰਾਸ਼ਟਰਪਤੀ ਦੇ ਹਵਾਲੇ ਕਰ ਦਿਆਂਗੇ। ਅੰਦਰਲਾ ਡਿੱਕ-ਡੋਲੇ ਖਾਂਦਾ ਤੇ ਬੜ੍ਹਕਾ ਬੱਬਰ ਸ਼ੇਰ ਵਾਲੀਆਂ।

ਦੁਨੀਆਂ ਦੇ ਕੁਝ ਸਿਆਸੀ ਮਾਹਿਰਾਂ ਦਾ ਆਖਣਾ ਕਿ ਦੋਵੇਂ ਧਿਰਾਂ ਪੋਜ਼ ਭਾਵੇਂ ਜੰਗ ਲੜਨ ਵਾਲੇ ਬਣਾ ਰਹੀਆਂ, ਪਰ ਲਗਦਾ ਅਖ਼ੀਰ ਨੂੰ ਗੱਲਬਾਤ ਦੀ ਮੇਜ਼ 'ਤੇ ਆ ਜਾਣਗੇ। ਇਹਦੇ ਲਈ ਦੋਹਾਂ ਨੂੰ ਥੋੜ੍ਹਾ-ਥੋੜ੍ਹਾ ਨਰਮ ਹੋਣਾ ਪਵੇਗਾ। ਇਰਾਨ ਜੰਗ ਵਿੱਚ ਹੋਏ ਨੁਕਸਾਨ ਦਾ ਮੁਆਵਜ਼ਾ ਮੰਗ ਰਿਹਾ। ਅਮਰੀਕਾ ਸਮੇਤ ਕਈ ਮੁਲਕਾਂ ਵਿੱਚ ਦੱਬੇ ਗਏ ਫੰਡਾਂ ਨੂੰ ਜਾਰੀ ਕਰਨ, ਸਾਰੀਆਂ ਆਰਥਕ ਪਾਬੰਦੀਆਂ ਨੂੰ ਖਤਮ ਕਰਨ ਅਤੇ ਅਗਾਂਹ ਲਈ ਬੇਮਤਲਬ ਹਮਲਾ ਨਾ ਕਰਨ ਦੀ ਗਾਰੰਟੀ ਵੀ ਨਾਲ ਮੰਗ ਰਿਹਾ ਹੈ। ਇਸ ਸਾਰੇ ਕੁਝ 'ਤੇ ਵਿਚਾਰ ਤਾਂ ਤਦ ਹੀ ਹੋਏਗਾ, ਜੇ ਡੈਡਲਾਈਨ ਖਤਮ ਹੋਣ ਤੋਂ ਪਹਿਲਾਂ ਗੱਲਬਾਤ ਸ਼ੁਰੂ ਹੋਏਗੀ। ਬਹੁਤੇ ਮੀਡੀਆ ਅਨੁਮਾਨ ਇਹ ਹਨ ਕਿ ਅਸਲ ਵਿੱਚ ਲੜਾਈ ਕਰਨ ਲਈ ਕੋਈ ਤਿਆਰ ਨਹੀਂ ਹੈ ਜਾਂ ਤੇ ਵਾਰਤਾ ਤੁਰ ਪਏਗੀ ਜਾਂ ਜੰਗਬੰਦੀ ਅੱਗੇ ਪਾ ਦਿੱਤੀ ਜਾਏਗੀ। 40 ਦਿਨਾਂ ਦੀ ਜੰਗ ਨੇ ਅਮਰੀਕਾ ਦੇ ਭੁਲੇਖੇ ਪਹਿਲਾਂ ਹੀ ਦੂਰ ਕਰ ਦਿੱਤੇ ਹਨ। ਦੋਨੋ ਹਾਲਤਾਂ ਰਵੀਆਂ ਤਦੇ ਹੋਣਗੀਆਂ, ਜੇ ਟੈਲੀਫੋਨ 'ਤੇ ਬੈਠਾ ਸ਼ਕੁਨੀ ਮਾਮਾ (ਨੇਤਨਯਾਹੂ) ਹੋਣ ਦੇਵੇਗਾ। ਨਹੀਂ ਤਾਂ ਜੰਗ ਹੀ ਜੰਗ ਹੋਵੇਗੀ। ਇੰਨੀ ਭਿਆਨਕ ਕਿ ਸ਼ਾਇਦ ਗ੍ਰੇਟਰ ਇਜ਼ਰਾਇਲ ਦਾ ਸੁਪਨਾ ਬੁਣੀ ਬੈਠੇ ਨੇਤਨਯਾਹੂ ਨੂੰ ਧਰਤੀ 'ਤੇ ਪੈਰ ਧਰਨ ਜੋਗੀ ਥਾਂ ਵੀ ਨਾ ਮਿਲੇ!









# ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਬਿਲ ਕਾਨੂੰਨ ਬਣਿਆ

## *ਉਮਰ ਕੈਦ ਦੀ ਸਜ਼ਾ ਅਤੇ 25 ਲੱਖ ਤੱਕ ਦੇ ਜੁਰਮਾਨੇ ਦਾ ਉਪਬੰਧ

**ਜਸਵੀਰ ਸਿੰਘ ਮਾਂਗਟ**

ਪੰਜਾਬ ਵਿਧਾਨ ਸਭਾ ਵੱਲੋਂ 13 ਅਪਰੈਲ ਨੂੰ ਇੱਕ ਵਿਸ਼ੇਸ਼ ਸੈਸ਼ਨ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਦੇ ਮੰਤਵ ਨਾਲ ਪਾਸ ਕੀਤੇ ਬਿਲ ਨੂੰ ਪੰਜਾਬ ਦੇ ਰਾਜਪਾਲ ਨੇ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਹ ਹੁਣ ਕਾਨੂੰਨ ਬਣ ਗਿਆ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦੇ ਬੁਲਾਏ ਗਏ ਇਸ ਵਿਸ਼ੇਸ਼ ਸੈਸ਼ਨ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿੱਚ 10 ਸਾਲ ਤੋਂ ਲੈ ਕੇ ਉਮਰ ਕੈਦ ਦੀ ਸਜ਼ਾ ਅਤੇ 5 ਤੋਂ 25 ਲੱਖ ਰੁਪਏ ਤੱਕ ਦੇ ਜੁਰਮਾਨੇ ਦਾ ਉਪਬੰਧ ਕਰਦਾ ਬਿਲ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ। ਯਾਦ ਰਹੇ, ਗੁਰੂ ਗ੍ਰੰਥ ਸਾਹਿਬ ਨੂੰ ਸਿੱਖ ਸਮਾਜ ਵਿੱਚ ਜੀਵਤ ਗੁਰੂ ਦਾ ਦਰਜਾ ਹਾਸਲ ਹੈ। ਪੰਜਾਬ ਵਿਧਾਨ ਸਭਾ ਦੇ ਇਸ ਵਿਸ਼ੇਸ਼ ਸੈਸ਼ਨ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 2008 ਵਿੱਚ ਅਕਾਲੀ ਸਰਕਾਰ ਵੱਲੋਂ ਬਣਾਏ ਅਤੇ 2016 'ਚ ਸੋਧੇ ਗਏ ਕਾਨੂੰਨ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ ਬਿੱਲ)' ਵਜੋਂ ਪੇਸ਼ ਕੀਤਾ ਗਿਆ। ਇਸ ਸੋਧ ਬਿਲ ਦੇ ਖਰੜੇ ਨੂੰ ਸਦਨ ਵਿੱਚ ਪੇਸ਼ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਸ ਕਾਨੂੰਨ ਵਿੱਚ ਛੱਡੀਆਂ ਗਈਆਂ ਚੋਰ ਮੋਰੀਆਂ ਨੂੰ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਸਵਾਲੀਆ ਲਹਿਜ਼ੇ ਵਿੱਚ ਕਿਹਾ ਕਿ ਜੇ ਗੁਰੂ ਗ੍ਰੰਥ ਸਾਹਿਬ ਪੰਜਾਬ ਵਿੱਚ ਸੁਰੱਖਿਅਤ ਨਹੀਂ ਹਨ ਤਾਂ ਹੋਰ ਕਿੱਥੇ ਇਹ ਹੋ ਸਕਦਾ ਹੈ? ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਗੁਰੂ ਮਾਹਰਾਜ ਦੀਆਂ ਬੇਅਦਬੀਆਂ ਰੋਕਣ ਲਈ ਬਿਲ ਇੱਕ ਇਤਿਹਾਸਕ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਸਰਬ ਸਾਂਝੇ ਮਨੁੱਖੀ ਭਾਈਚਾਰੇ, ਧਰਮ ਨਿਰਪੱਖਤਾ ਅਤੇ ਮਨੁੱਖੀ ਬਰਾਬਰੀ ਲਈ ਇੱਕ ਵਿਰਾਸਤੀ ਖਜ਼ਾਨਾ ਹਨ। ਮੁੱਖ ਮੰਤਰੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਾਰੇ ਸੰਸਾਰ ਦੀ ਭਾਈਚਾਰਕ ਇਕਸੁਰਤਾ, ਅਮਨ ਅਤੇ ਦਇਆ ਦ੍ਰਿਸ਼ਟੀ ਲਈ ਪ੍ਰਸੰਗਿਕ ਸਿੱਖਿਆਵਾਂ ਨਾਲ ਲੈਸ ਦੱਸਿਆ।

ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਬਿਲ ਵਿੱਚ ਸੋਧ ਦੀ ਹਮਾਇਤ ਕਰਦਿਆਂ ਪੁੱਛਿਆ ਕਿ ਕੀ ਇਸ ਬਿਲ 'ਤੇ ਰਾਸ਼ਟਰਪਤੀ ਦੀ ਮੋਹਰ ਦੀ ਲੋੜ ਪਏਗੀ? ਮੁੱਖ ਮੰਤਰੀ ਨੇ ਜਵਾਬ ਵਿੱਚ ਕਿਹਾ, ਕਿਉਂਕਿ ਇਹ ਸਟੇਟ ਬਿਲ ਹੈ ਇਸ ਲਈ ਸਿਰਫ ਰਾਜਪਾਲ ਦੀ ਮਨਜ਼ੂਰੀ ਦੀ ਲੋੜ ਪਏਗੀ (ਬਾਅਦ ਵਿੱਚ ਰਾਜਪਾਲ ਵੱਲੋਂ ਇਸ ਬਿਲ ਨੂੰ ਮਨਜ਼ੂਰੀ ਮਿਲ ਗਈ)। ਬਾਜਵਾ ਨੇ ਸਿਲੈਕਟ ਕਮੇਟੀ ਦੀ ਰਿਪੋਰਟ ਵੀ ਸਦਨ ਵਿੱਚ ਪੇਸ਼ ਕਰਨ ਦੀ ਮੰਗ ਕੀਤੀ।

ਇਸ ਬਿਲ 'ਤੇ ਆਪਣਾ ਪ੍ਰਤੀਕਰਮ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਸਹੀ ਦਿਸ਼ਾ ਵਿੱਚ ਚੁੱਕਿਆ ਗਿਆ ਇੱਕ ਕਦਮ ਹੈ। ਉਨ੍ਹਾਂ ਨਾਲ ਹੀ ਨਸੀਹਤ ਕੀਤੀ ਕਿ ਸਿਰਫ ਬਿਲ ਪਾਸ ਕਰ ਦੇਣ ਨਾਲ ਹੀ ਗੱਲ ਨਹੀਂ ਬਣੇਗੀ ਸਗੋਂ ਇਸ ਨੂੰ ਅਸਰਦਾਰ ਢੰਗ ਨਾਲ ਲਾਗੂ ਵੀ ਕਰਨਾ ਪਏਗਾ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਇਸ ਬਾਰੇ ਕੋਈ ਪ੍ਰਤੀਕਰਮ ਪ੍ਰਗਟ ਨਹੀਂ ਕੀਤਾ, ਜਦਕਿ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਸ ਕਾਨੂੰਨ ਦਾ ਸੁਆਗਤ ਕੀਤਾ ਹੈ। ਇੱਥੇ ਜ਼ਿਕਰਯੋਗ ਹੈ ਕਿ ਬੀਤੇ 10 ਸਾਲਾਂ ਵਿੱਚ ਬੇਅਦਬੀਆਂ ਖਿਲਾਫ ਅਸਰਦਾਰ ਕਾਨੂੰਨ ਬਣਾਉਣ ਦੇ ਮਾਮਲੇ ਵਿੱਚ ਇਹ ਤੀਜਾ ਯਤਨ ਹੈ। ਇਸ ਤੋਂ ਪਹਿਲਾਂ 2016 ਅਤੇ 2018 ਵਿੱਚ ਵੀ ਇਸੇ ਤਰ੍ਹਾਂ ਦੇ ਦੋ ਬਿਲ ਪੰਜਾਬ ਅਸੈਂਬਲੀ ਵਿੱਚ ਪੇਸ਼ ਕੀਤੇ ਗਏ ਸਨ। ਤਤਕਾਲੀ ਕਾਨੂੰਨ ਇਨ੍ਹਾਂ ਸਾਰਿਆਂ ਨਾਲੋਂ ਸਖਤ ਧਾਰਾਵਾਂ ਨਾਲ ਲੈਸ ਹੈ।

ਜਿੱਥੇ ਕਿਤੇ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਫਿਰਕੂ ਹਿੰਸਾ ਭੜਕਾਉਣ ਦੀ ਮਨਸ਼ਾ ਨਾਲ ਹੋਵੇਗੀ, ਉਥੇ ਦੋਸ਼ੀ ਦੀ ਜਾਇਦਾਦ ਵੀ ਜਬਤ ਕੀਤੀ ਜਾ ਸਕਦੀ ਹੈ। ਬਿਲ 'ਤੇ ਬਹਿਸ ਵਿੱਚ ਹਿੱਸਾ ਲੈਂਦਿਆਂ 'ਆਪ' ਐਮ.ਐਲ.ਏ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਸਿੱਖ ਅਵਾਮ ਦੀ ਲੰਮੇ ਸਮੇਂ ਤੋਂ ਚਲੀ ਆ ਰਹੀ ਮੰਗ ਨੂੰ ਪੰਜਾਬ ਸਰਕਾਰ ਨੇ ਵਕਤ ਸਿਰ ਹੁੰਘਾਰਾ ਦਿੱਤਾ ਹੈ। ਅਕਾਲੀ ਦਲ (ਪੁਨਰ ਸੁਰਜੀਤ) ਦੇ ਅਸੈਂਬਲੀ ਮੈਂਬਰ ਮਨਪ੍ਰੀਤ ਸਿੰਘ ਇਆਲੀ ਨੇ ਬਿਲ ਦੀ ਹਮਾਇਤ ਕੀਤੀ ਅਤੇ ਬੇਅਦਬੀ ਦੇ ਕੇਸਾਂ ਨੂੰ ਫਾਸਟ ਟਰੈਕ ਅਦਾਲਤਾਂ ਵਿੱਚ ਚਲਾਉਣ ਦੀ ਮੰਗ ਕੀਤੀ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬਿਲ ਦਾ ਸੁਆਗਤ ਕੀਤਾ, ਪਰ ਨਾਲ ਹੀ ਕਿਹਾ ਕਿ ਇਕੱਲੇ ਕਾਨੂੰਨ ਕੁਝ ਨਹੀਂ ਕਰ ਸਕਦੇ, ਇਨ੍ਹਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨਾ, ਸਮਾਂ ਸੀਮਾ ਅੰਦਰ ਕੇਸਾਂ ਦਾ ਨਬੇੜਾ ਕਰਨਾ ਹੋਏਗਾ।

ਇੱਕ ਸਵਾਲ ਦੇ ਜੁਆਬ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਦੂਸਰੇ ਧਰਮ ਗ੍ਰੰਥਾਂ ਦੀ ਸੁਰੱਖਿਆ ਲਈ ਵੀ ਇੰਦਰਬੀਰ ਸਿੰਘ ਨਿੱਜਰ ਖਰੜਾ ਤਿਆਰ ਕਰਨਗੇ। ਕਾਂਗਰਸ ਪਾਰਟੀ ਵੱਲੋਂ ਅਸੈਂਬਲੀ ਮੈਂਬਰ ਸੁਖਪਾਲ ਸਿੰਘ ਖਹਿਰਾ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਪੜਤਾਲ ਵਿੱਚ 2015 ਦੀ ਬੇਅਦਬੀ ਦੇ ਦੋਸ਼ੀਆਂ ਦੇ ਨਾਮ ਸਪਸ਼ਟ ਰੂਪ ਵਿੱਚ ਸਾਹਮਣੇ ਆਏ ਸਨ, ਪਰ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ। ਮੁੱਖ ਮੰਤਰੀ ਨੇ ਇਸ ਦੌਰਾਨ ਇਹ ਵੀ ਕਿਹਾ ਕਿ ਭਾਰਤੀ ਨਿਆ ਸਹਿੰਤਾ ਤਹਿਤ ਸੈਕਸ਼ਨ 298-300 ਤਹਿਤ ਪ੍ਰਵਾਨਤ ਸਜ਼ਾਵਾਂ ਬੇਅਦਬੀਆਂ ਨੂੰ ਰੋਕਣ ਦੇ ਸਮਰੱਥ ਨਹੀਂ ਹਨ।



ਯਾਦ ਰਹੇ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ 'ਤੇ ਪੰਜਾਬ ਸਰਕਾਰ ਵੱਲੋਂ ਨਵਾਂ ਕਾਨੂੰਨ ਬਣਾਏ ਜਾਣ ਦੇ ਮੁੱਦੇ ਨੂੰ ਲੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੀਤੀ 6 ਅਪਰੈਲ ਨੂੰ ਸਮੂਹ ਪੰਥਕ ਜਥੇਬੰਦੀਆਂ ਦੀ ਇੱਕ ਮੀਟਿੰਗ ਸੱਦੀ ਗਈ ਸੀ। ਇਸ ਮੀਟਿੰਗ ਵਿੱਚ ਸਿੱਖ ਵਿਦਵਾਨਾਂ, ਵਕੀਲਾਂ, ਨਿਹੰਗ ਸਿੰਘ ਜਥੇਬੰਦੀਆਂ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਅਤੇ ਹੋਰ ਸੰਤ ਮਹਾਂਪੁਰਖਾਂ ਨੇ ਹਿੱਸਾ ਲਿਆ ਸੀ। ਇਸ ਇਕੱਠ ਨੇ ਮੰਗ ਕੀਤੀ ਸੀ ਕਿ ਸਿੱਖਾਂ ਦੀ ਇੱਕ ਚੁਣੀ ਹੋਈ ਸੰਸਥਾ ਵਜੋਂ ਬਿਲ ਦੇ ਖਰੜੇ ਬਾਰੇ ਉਨ੍ਹਾਂ ਦੀ ਰਾਏ ਲਈ ਜਾਵੇ। ਇਸ ਤੋਂ ਪਹਿਲਾਂ ਦਲ ਖਾਲਸਾ ਵੱਲੋਂ ਇਸੇ ਮਸਲੇ ਨੂੰ ਲੈ ਕੇ ਇੱਕ ਇਕੱਤਰਤਾ ਕਸਬਾ ਰਈਆ ਵਿਖੇ ਬੁਲਾਈ ਗਈ ਸੀ, ਜਿਸ ਵਿੱਚ ਗਰਮਖਿਆਲੀ ਸਿੱਖ ਧਿਰਾਂ ਦੇ ਬਹੁਤੇ ਆਗੂਆਂ ਨੇ ਹਿੱਸਾ ਲਿਆ ਸੀ। ਇਸ ਇਕੱਠ ਵਿੱਚ ਸਮੁੱਚੇ ਰੂਪ ਵਿੱਚ ਇਹ ਰਾਏ ਸਾਹਮਣੇ ਆਈ ਸੀ ਕਿ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਣ ਲਈ ਕਾਨੂੰਨਾਂ 'ਤੇ ਟੇਕ ਨਹੀਂ ਰੱਖਣੀ ਚਾਹੀਦੀ, ਸਗੋਂ ਖਾਲਸਾ ਪੰਥ ਨੂੰ ਆਪਣੇ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਦੀ ਪਹਿਰੇਦਾਰੀ ਕਰਨੀ ਚਾਹੀਦੀ ਹੈ। ਇਕੱਠ ਵਿੱਚ ਬੋਲਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ 2027 ਦੀਆਂ ਚੋਣਾਂ ਜਿੱਤਣਾ ਹੈ, ਨਾ ਕਿ ਗੁਰੂ ਗ੍ਰੰਥ ਸਾਹਿਬ ਦੇ ਅਦਬ ਨੂੰ ਯਕੀਨੀ ਬਣਾਉਣਾ।

ਯਾਦ ਰਹੇ, ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਭਾਈ ਗੁਰਜੀਤ ਸਿੰਘ ਪਟਿਆਲਾ ਜਿਲ੍ਹਾ ਦੇ ਕਸਬੇ ਸਮਾਣਾ ਨੇੜੇ ਦੋ ਸਾਲਾਂ ਤੋਂ ਟਾਵਰ 'ਤੇ ਚੜ੍ਹ ਕੇ ਬੈਠੇ ਹੋਏ ਹਨ। ਉਨ੍ਹਾਂ ਦੀ ਘਾਲਣਾ ਨੇ ਵੀ ਇਸ ਬਿਲ ਨੂੰ ਪਾਸ ਕਰਾਉਣ ਵਿੱਚ ਵੱਡਾ ਯੋਗਦਾਨ ਦਿੱਤਾ ਹੈ।

19 ਅਪਰੈਲ ਨੂੰ ਪੰਜਾਬ ਦੇ ਰਾਜਪਾਲ ਲਾਲ ਚੰਦ ਕਟਾਰੀਆ ਨੇ ਇਸ 'ਤੇ ਮੋਹਰ ਲਗਾ ਦਿੱਤੀ, ਜਿਸ ਨਾਲ ਇਹ ਕਾਨੂੰਨ ਬਣ ਗਿਆ ਹੈ। ਜਿੱਥੋਂ ਤੱਕ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਧਰਮ ਨਿਰਪੱਖਤਾ ਲੱਭਣ ਦਾ ਸਵਾਲ ਹੈ, ਇਹ ਕਿਤੇ ਨਹੀਂ ਹੈ। ਗੁਰਬਾਣੀ ਵਿੱਚ ਧਰਮਾਂ ਦੀ ਹੋਂਦ ਨੂੰ ਸਪੇਖਿਕ (ਸਹਿਹੋਂਦ) ਮੰਨਿਆ ਗਿਆ ਹੈ, ਨਿਰਪੱਖ ਨਹੀਂ। ਧਰਮ ਨਿਰਪੱਖਤਾ ਵਿੱਚੋਂ ਅੰਤ ਨੂੰ 'ਐਪਸਟੀਨ ਫਾਈਲਾਂ' ਵਾਲਾ ਆਦਮਖੋਰ ਸਮਾਜ ਨਿਕਲਦਾ ਹੈ।




# ਅਕਾਲੀ ਦਲ ਪੁਨਰ-ਸੁਰਜੀਤ ਅਤੇ ਅੰਮ੍ਰਿਤਪਾਲ ਸਿੰਘ ਦੇ ਗੁੱਟ ਵਿਚਾਲੇ ਤਾਲਮੇਲ ਕਮੇਟੀ ਬਣੀ

## ਸਿੱਖ ਸਿਆਸਤ ਵਿੱਚ ਨਵੀਂ ਹਲਚਲ

**ਜਸਵੀਰ ਸਿੰਘ ਸ਼ੀਰੀ**

ਸਿੱਖ ਸਿਆਸਤ ਵਿੱਚ ਇਕ ਵੱਡੀ ਉਥਲ-ਪੁਥਲ ਉੱਸਲ-ਵੱਟੇ ਲੈ ਰਹੀ ਹੈ। ਅਕਾਲੀ ਲੀਡਰਸ਼ਿੱਪ ਬਾਰੇ 2 ਦਸੰਬਰ 2024 ਦੇ ਅਕਾਲ ਤਖਤ ਸਾਹਿਬ ਦੇ ਦਿੱਤੇ ਗਏ ਹੁਕਮਨਾਮੇ ਤੋਂ ਬਾਅਦ ਹੁਣ ਜਦੋਂ ਇਹ ਜਾਪਣ ਲੱਗਾ ਸੀ ਕਿ ਮੁਤਬਾਦਲ ਸਿੱਖ ਸਿਆਸਤ ਦੀ ਗੈਰ-ਹਾਜ਼ਰੀ ਵਿੱਚ ਸੁਖਬੀਰ ਸਿੰਘ ਬਾਦਲ ਅਕਾਲੀ ਸਿਆਸਤ 'ਤੇ ਮੁੜ ਸਵਾਰ ਹੋ ਜਾਣਗੇ ਤਾਂ ਸਿੱਖ ਸਿਆਸਤ ਵਿੱਚ ਕੁਝ ਅਜਿਹੇ ਸੰਕੇਤ ਮਿਲਣ ਲੱਗੇ ਹਨ, ਜਿਨ੍ਹਾਂ ਵਿੱਚ ਬਾਦਲ ਦਲ ਵਿਰੋਧੀ ਦਲ ਦੇ ਮੁਕਾਬਲੇ ਥੋੜ੍ਹੀ ਰੈਡੀਕਲ ਸਿਆਸਤ ਰੂਪ ਧਾਰਦੀ ਵਿਖਾਈ ਦੇ ਰਹੀ ਹੈ।

ਪਿਛਲੇ ਕੁਝ ਦਿਨਾਂ ਵਿੱਚ ਅਕਾਲੀ ਦਲ (ਪੁਨਰ ਸੁਰਜੀਤ) ਦੀ ਅੰਮ੍ਰਿਤਸਰ ਵਿੱਚ ਹੋਈ ਇੱਕ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਸੁਖਬੀਰ ਸਿੰਘ ਬਾਦਲ ਖਿਲਾਫ ਇੱਕ ਹੋਰ ਮੁੱਦਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨਮੁਖ ਲਿਆਂਦਾ ਜਾਵੇਗਾ। ਇਸ ਮੀਟਿੰਗ ਵਿੱਚ ਇਸ ਦਲ ਦੇ ਸਾਰੇ ਸੀਨੀਅਰ ਆਗੂ ਮੌਜੂਦ ਸਨ। ਇਸ ਵਿੱਚ ਇਹ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖਤ ਸਾਹਿਬ ਦੇ ਸਨਮੁਖ ਸਾਰੇ ਗੁਨਾਹ ਕਬੂਲ ਕੀਤੇ, ਪਰ ਬਾਅਦ ਵਿੱਚ ਸ੍ਰੀ ਮੁਕਤਸਰ ਵਿਖੇ ਬੁਲਾਏ ਇੱਕ ਇਕੱਠ ਵਿੱਚ ਆਖ ਦਿੱਤਾ ਕਿ ਉਨ੍ਹਾਂ ਨੇ ਐਵੇਂ ਹੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਸੰਬੰਧ ਵਿੱਚ ਸਾਰੇ ਦੋਸ਼ ਆਪਣੇ ਸਿਰ ਲੈ ਲਏ ਸਨ। ਇਸ ਤਰ੍ਹਾਂ ਉਨ੍ਹਾਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਸਿੱਖਾਂ ਦੀ ਸਰਬ ਉੱਚ ਸੰਸਥਾ ਅੱਗੇ ਝੂਠ ਕਿਉਂ ਬੋਲਿਆ? ਇਸ ਤੋਂ ਇਲਾਵਾ ਉਨ੍ਹਾਂ ਅਕਾਲੀ ਦਲ ਦੇ ਡੈਲੀਗੇਸ਼ਨ ਨਵੇਂ ਸਿਰੇ ਤੋਂ ਚੁਣਨ ਅਤੇ ਨਵੀਂ ਲੀਡਰਸ਼ਿੱਪ ਨੂੰ ਸਾਹਮਣੇ ਲਿਆਉਣ ਦੇ ਆਦੇਸ਼ ਨੂੰ ਕਿਉਂ ਨਹੀਂ ਮੰਨਿਆ?

ਇਹ ਵੀ ਕਨਸੋਅ ਹੈ ਕਿ ਅਕਾਲੀ ਦਲ ਪੁਨਰ-ਸੁਰਜੀਤ ਅਤੇ ਅਕਾਲੀ ਦਲ (ਵਾਰਸ ਪੰਜਾਬ ਦੇ) ਵਿਚਕਾਰ ਇੱਕ 8 ਮੈਂਬਰੀ ਤਾਲਮੇਲ ਕਮੇਟੀ ਕਾਇਮ ਕਰ ਲਈ ਗਈ ਹੈ। ਇਸ ਕਮੇਟੀ ਵਿੱਚ ਚਾਰ ਮੈਂਬਰ ਅੰਮ੍ਰਿਤਪਾਲ ਵਾਲੇ ਅਕਾਲੀ ਦਲ ਦੇ ਹਨ ਅਤੇ ਚਾਰ ਪੁਨਰ-ਸੁਰਜੀਤ ਅਕਾਲੀ ਦਲ ਦੇ।

ਪੰਜਾਬ ਅਸੈਂਬਲੀ ਵਿੱਚ ਇੱਕੋ ਇੱਕ ਅਕਾਲੀ ਐਮ.ਐਲ.ਏ. ਅਤੇ ਆਪਣੇ ਇਲਾਕੇ ਵਿੱਚ ਲੋਕਾਂ ਨਾਲ ਜੁੜੇ ਹੋਏ ਸਿਆਸਤਦਾਨ ਮਨਪ੍ਰੀਤ ਸਿੰਘ ਇਆਲੀ ਨੂੰ ਇਸ 8 ਮੈਂਬਰੀ ਕਮੇਟੀ ਦਾ ਕਨਵੀਨਰ ਬਣਾਇਆ ਗਿਆ। ਇਨ੍ਹਾਂ ਦੋਹਾਂ ਅਕਾਲੀ ਦਲਾਂ ਦੀ ਇਹ ਸਾਂਝ ਜੇ ਅਗਾਂਹ ਰਵੀਂ ਹੋ ਜਾਂਦੀ ਹੈ ਤਾਂ ਪੰਜਾਬ ਸਿਆਸਤ ਵਿੱਚ ਅਕਾਲੀ ਦਲ (ਬਾਦਲ) ਦਾ ਇੱਕ ਜ਼ਬਰਦਸਤ ਬਦਲ ਉਭਰਨ ਦੀ ਸੰਭਾਵਨਾ ਬਣ ਸਕਦੀ ਹੈ। ਚੋਣ ਸਿਆਸਤ ਦੀ ਹੈਸੀਅਤ ਦੇ ਪੱਖੋਂ ਇਹ ਧਿਰਾਂ ਪਹਿਲਾਂ ਹੀ ਅਕਾਲੀ ਦਲ (ਬਾਦਲ) ਨਾਲੋਂ ਮਜਬੂਤ ਵਿਖਾਈ ਦਿੰਦੀਆਂ ਹਨ। ਮਨਪ੍ਰੀਤ ਸਿੰਘ ਇਆਲੀ ਨੇ ਇਹ ਵੀ ਸਵੀਕਾਰ ਕੀਤਾ ਹੈ ਕਿ ਮੁੱਖ ਮੰਤਰੀ ਦਾ ਚਿਹਰਾ ਭਾਵੇਂ ਅੰਮ੍ਰਿਤਪਾਲ ਸਿੰਘ ਦਾ ਹੀ ਰਹੇ, ਉਸ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਪਰ ਪਾਰਟੀ ਸੰਗਠਨ ਦੀ ਮਜਬੂਤੀ ਅਤੇ ਇਸ ਦੀ ਤੇਜ਼ ਤਰਾਰ ਸਰਗਰਮੀ ਵੀ ਸਮੇਂ ਦੀ ਲੋੜ ਹੈ, ਜਿਸ ਵਿੱਚ ਉਪਰੋਕਤ ਦੋਹਾਂ ਸੰਗਠਨਾਂ ਨੇ ਬੀਤੇ ਸਮੇਂ ਵਿੱਚ ਸੁਸਤੀ ਵਿਖਾਈ ਹੈ।

ਇਸ ਪੱਖੋਂ ਅਕਾਲੀ ਦਲ ਪੁਨਰ-ਸੁਰਜੀਤ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਕਰਵਾਏ ਜਾਣ ਦੀ ਮੰਗ ਕਰਨਾ ਅਤੇ ਇਸ ਲਈ ਯਤਨ ਕਰਨ ਦੇ ਵਾਅਦੇ ਨੂੰ ਹਾਂਮੁਖੀ ਰੂਪ ਵਿੱਚ ਲੈਣ ਦੀ ਲੋੜ ਹੈ। ਜਿੰਨਾ ਚਿਰ ਅਕਾਲੀ ਦਲ (ਬਾਦਲ) ਸਿੱਖ ਸੰਸਥਾਵਾਂ 'ਤੇ ਕਬਜ਼ ਹੈ, ਉਨਾ ਚਿਰ ਬਾਦਲ ਦਲ ਦਾ ਅਸਲ ਅਕਾਲੀ ਦਲ ਹੋਣ ਦਾ ਦਾਅਵਾ ਫਿੱਕਾ ਪੈਣਾ ਔਖਾ ਹੈ। ਉਂਝ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ ਦਾ ਫੈਸਲਾ ਕੇਂਦਰ ਦੇ ਹੱਥ ਹੈ। ਅਕਾਲੀ ਤੇ ਮੰਗ ਹੀ ਕਰ ਸਕਦੇ ਹਨ। ਸੰਸਥਾਵਾਂ ਦੀ ਵਾਗਡੋਰ ਜਦੋਂ ਪਰਾਏ ਹੱਥ ਹੁੰਦੀ ਹੈ ਤਾਂ ਇਸ ਕਿਸਮ ਦੀਆਂ ਦਿੱਕਤਾਂ ਕੁਦਰਤੀ ਹਨ। ਜਾਂ ਫਿਰ ਇਹੋ ਜਿਹੇ ਹਾਲਤ ਬਣਨ ਕਿ ਕੇਂਦਰੀ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਨੂੰ ਇਨ੍ਹਾਂ ਚੋਣਾਂ ਕਰਵਾਉਣ ਵਿੱਚੋਂ ਕੋਈ ਸਿਆਸੀ ਲਾਭ ਲੱਭਦਾ ਹੋਵੇ। ਜਿਵੇਂ ਮੌਜੂਦਾ ਬੇਅਦਬੀਆਂ ਖਿਲਾਫ ਕਾਨੂੰਨ ਦਾ ਮਸਲਾ ਹੈ। ਇਸ ਨਾਲ ਭਾਜਪਾ+ਆਪ ਨੂੰ ਆਸ ਹੈ ਕਿ ਉਨ੍ਹਾਂ ਦੀ ਪੰਜਾਬ ਵਿੱਚ ਸਥਿਤੀ ਮਜਬੂਤ ਹੋ ਸਕਦੀ ਹੈ। ਰਾਜਪਾਲ ਦਾ ਬੇਅਦਬੀ ਰੋਕੂ ਕਾਨੂੰਨ ਨੂੰ ਮਨਜ਼ੂਰੀ ਦੇ ਦੇਣਾ ਇਸ ਦ੍ਰਿਸ਼ਟੀ ਤੋਂ ਵੀ ਵੇਖਿਆ ਜਾ ਸਕਦਾ ਹੈ।



ਮਨਪ੍ਰੀਤ ਇਆਲੀ ਬਣੇ 8 ਮੈਂਬਰੀ ਤਾਲਮੇਲ ਕਮੇਟੀ ਦੇ ਕਨਵੀਨਰ

ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਦਲ ਦੇ ਆਗੂਆਂ ਨੇ ਜਦੋਂ ਦੋ ਦਸੰਬਰ ਨੂੰ ਅਕਾਲ ਤਖਤ ਤੋਂ ਤਨਖਾਹ ਲਵਾ ਕੇ ਆਪਣਾ ਭਾਰ ਲਾਹ ਹੀ ਦਿੱਤਾ ਸੀ ਤਾਂ ਉਨ੍ਹਾਂ ਨੂੰ ਹੁਕਮਨਾਮਾ ਪੂਰੀ ਤਰ੍ਹਾਂ ਸਵੀਕਾਰ ਕਰਨਾ ਚਾਹੀਦਾ ਸੀ। ਨਾ ਸਿਰਫ ਉਨ੍ਹਾਂ ਨੇ ਇਹ ਹੀ ਕੀਤਾ, ਸਗੋਂ ਸ਼੍ਰੋਮਣੀ ਕਮੇਟੀ ਵਿੱਚੋਂ ਉਹ ਦੋਵੇਂ ਜਥੇਦਾਰ ਫਾਰਗ ਕਰਵਾ ਦਿੱਤੇ, ਜਿਨ੍ਹਾਂ ਨੇ 2 ਦਸੰਬਰ ਦਾ ਹੁਕਮਨਾਮਾ ਸੁਣਾਇਆ ਸੀ। ਨਾਲੇ ਆਖ ਦਿੱਤਾ ਕਿ "ਮੈਂ ਤੇ ਐਵੇਂ ਆਪਣੇ ਸਿਰ ਸਾਰੇ ਗੁਨਾਹ ਪਵਾ ਲਏ ਸਨ।" ਜਦੋਂ ਗੁਨਾਹ ਸਿਰ ਪਵਾ ਹੀ ਲਏ ਸਨ, ਫਿਰ ਉਨ੍ਹਾਂ 'ਤੇ ਪੋਚਾ ਫੇਰਨ ਨਾਲ ਕੀ ਮਿਲਿਆ? ਪਿਛਲੇ ਕੁਝ ਸਮੇਂ ਵਿੱਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੇ ਪੰਜਾਬ ਵਿੱਚ 40 ਰੈਲੀਆਂ ਕੀਤੀਆਂ ਹਨ। 'ਕੱਠ ਵੀ ਚੰਗੇ ਕਰ ਲਏ ਹਨ। ਪੈਸੇ ਤੇ ਸਾਧਨਾਂ ਦੇ ਜ਼ੋਰ ਇਹ ਸਾਰਾ ਕੁਝ ਹੋ ਸਕਦਾ ਹੈ; ਪਰ ਫਿਰ ਵੀ ਸੁਖਬੀਰ ਬਾਦਲ ਬਾਰੇ ਲੋਕਾਂ ਦੇ ਮਨਾਂ ਅੰਦਰੋਂ ਬੇਅਦਬੀ ਵਾਲੀ ਘੁੰਡੀ ਨਹੀਂ ਨਿਕਲੀ। ਜੋ ਵੀ 2 ਦਸੰਬਰ 2024 ਨੂੰ ਜਥੇਦਾਰ ਸਾਹਿਬ ਨੇ ਆਦੇਸ਼ ਦਿੱਤਾ ਸੀ, ਜੇ ਸੁਖਬੀਰ ਬਾਦਲ ਮਾਮਲੇ ਨੂੰ ਉਸੇ ਤਰਤੀਬ ਵਿੱਚ ਨਬੇੜ ਲੈਂਦਾ ਤਾਂ ਇੱਕ ਪਾਸੇ ਤਾਂ ਪੂਰੀ ਪਾਰਟੀ ਓਵਰਹਾਲ ਹੋ ਜਾਣੀ ਸੀ ਅਤੇ ਡੈਲੀਗੇਟ ਨਵੇਂ ਆ ਜਾਣੇ ਸਨ। ਇਸ ਅਮਲ ਵਿੱਚ ਸੁਖਬੀਰ ਦੇ ਦੁਬਾਰਾ ਆਗੂ ਬਣਨ ਦੇ ਮੌਕੇ ਵੀ ਮੌਜੂਦ ਰਹਿਣੇ ਸਨ; ਪਰ ਹੁਣ ਪਾਣੀ ਪੁਲਾਂ ਦੇ ਹੇਠੋਂ ਲੰਘ ਕੇ ਬੜੀ ਦੂਰ ਚਲਾ ਗਿਆ ਹੈ। 2 ਦਸੰਬਰ ਦੇ ਹੁਕਮਨਾਮੇ ਵੇਲੇ ਇਨ੍ਹਾਂ ਸਤਰਾਂ ਦਾ ਲੇਖਕ ਅਕਾਲ ਤਖਤ ਸਾਹਿਬ ਦੇ ਲਾਗੇ ਮੌਜੂਦ ਸੀ। ਅੱਖੀਂ ਵੇਖੇ ਉਹ ਦੈਵੀ ਦ੍ਰਿਸ਼ ਅੱਜ ਵੀ ਮੇਰੀਆਂ ਨਜ਼ਰਾਂ ਅੱਗੇ ਪਿਕਚਰ ਬਣੇ ਖੜ੍ਹੇ ਹਨ। ਇਹ ਲਗਾਤਾਰ ਮਨ ਵਿੱਚ ਆਉਂਦਾ ਰਿਹਾ ਹੈ ਕਿ ਇੰਨੀ ਪਵਿੱਤਰ ਆਬੋ ਹਵਾ ਵਿੱਚ ਹੋਏ ਹੁਕਮਨਾਮਿਆਂ ਨੂੰ ਉਲੰਘ ਕੇ ਵੀ ਕੋਈ ਦਾਗੀ ਜਿਹਾ ਸਿੱਖ ਲੀਡਰ ਸਥਾਪਤ ਹੋ ਸਕਦਾ ਹੈ?

ਪਰ ਜਿਵੇਂ ਆਖਦੇ, ਰੱਬ ਦੇ ਘਰ ਦੇਰ ਹੈ, ਅੰਧੇਰ ਨਹੀਂ। ਹੁਣ ਤੇ ਭਗਵੰਤ ਸਿੰਘ ਮਾਨ ਨੇ ਹੀ ਬਾਦਲ ਦਲ ਨੂੰ ਪਰ੍ਹੇ ਵਿੱਚ ਖੜ੍ਹਾ ਕਰ ਲੈਣਾ ਹੈ। ਅਕਾਲੀ ਦਲ (ਬਾਦਲ) ਦਾ ਅਕਸ ਬੇਅਦਬੀਆਂ ਕਰਨ-ਕਰਵਾਉਣ ਵਾਲਿਆਂ ਵਾਲਾ ਹੈ ਤੇ ਭਗਵੰਤ ਦਾ ਬੇਅਦਬੀ ਕਰਨ ਵਾਲਿਆਂ ਲਈ ਸਜ਼ਾ ਦਾ ਪ੍ਰਬੰਧ ਕਰਨ ਵਾਲੇ ਦਾ। ਹੋ ਸਕਦਾ ਨਵੇਂ ਕਾਨੂੰਨ ਨਾਲ ਵੀ ਬੇਅਦਬੀਆਂ ਦਾ ਸਿਲਸਲਾ ਨਾ ਰੁਕੇ, ਪਰ ਕਾਨੂੰਨ ਬਣਾ ਦੇਣ ਨੇ ਭਗਵੰਤ ਮਾਨ ਦਾ ਸਿੱਖ ਮਨਾਂ ਵਿੱਚ ਇੱਕ ਬਣਦਾ ਫਬਦਾ ਅਕਸ ਜ਼ਰੂਰ ਸਿਰਜ ਦਿੱਤਾ ਹੈ। ਪੰਜਾਬ ਦੇ ਵੋਟ ਪੈਟਰਨ 'ਤੇ ਵੀ ਇਸ ਦੇ ਡੂੰਘੇ ਅਸਰ ਪੈਣਗੇ। ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਆਪਣੇ ਚਾਰ ਸਾਲਾਂ ਦੇ ਸਮੇਂ ਵਿੱਚ ਪੰਜਾਬ ਵਿੱਚ ਕੋਈ ਚੱਜ ਦਾ ਬਦਲਾਅ ਨਹੀਂ ਕੀਤਾ, ਪਰ ਸਿੱਖਾਂ ਦੇ ਇੱਕ ਅਤਿ ਭਾਵੁਕ ਮਸਲੇ 'ਤੇ ਇਸ ਪਾਰਟੀ ਨੇ ਗੁਜ਼ਾਰੇ ਲਾਇਕ ਵੋਟਾਂ ਦਾ ਪ੍ਰਬੰਧ ਜ਼ਰੂਰ ਕਰ ਲਿਆ। ਇਨ੍ਹਾਂ ਸਾਰੇ ਸਿਆਸੀ ਲਾਹਿਆਂ ਦੇ ਬਾਵਜੂਦ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ 'ਤੇ ਇੱਕ ਚੱਜ ਦਾ ਕਾਨੂੰਨ ਬਣਨਾ ਮਾਇਨੇ ਰੱਖਦਾ ਹੈ; ਪਰ ਇਸ ਨੂੰ ਸੱਚ-ਮੁੱਚ ਇਸ ਦੀ ਭਾਵਨਾ ਵਿੱਚ ਇਵੇਂ ਲਾਗੂ ਕਰਨਾ ਅਸਲੀ ਮਾਇਨੇ ਰੱਖਦਾ ਹੈ। ਪੰਜਾਬ/ਹਿੰਦੁਸਤਾਨ ਵਿੱਚ ਕਾਨੂੰਨਾਂ ਦਾ ਸਹੀ ਭਾਵਨਾ ਵਿੱਚ ਲਾਗੂ ਨਾ ਹੋਣਾ ਇੱਕ ਬਹੁਤ ਵੱਡੀ ਸਮੱਸਿਆ ਹੈ। ਕੇਂਦਰ ਦਾ ਦਖਲ ਏਨਾ ਹੈ ਕਿ ਇਸ ਨੂੰ ਦੂਰ ਕਰਨਾ ਰਾਜ ਸਰਕਾਰਾਂ ਦੇ ਸ਼ਾਇਦ ਵੱਸ ਦੀ ਗੱਲ ਨਹੀਂ। ਕਿੰਨੇ ਸਿਆਸਤਦਾਨ ਭ੍ਰਿਸ਼ਟਾਚਾਰ ਵਿੱਚ ਅੰਦਰ ਹੁੰਦੇ ਹਨ, ਪਰ ਫਿਰ ਬਾਹਰ ਆਉਂਦੇ ਹਨ, ਘੁਆਂਠਾਂ ਕੱਢ ਕੇ ਤੁਰਦੇ ਹਨ ਤੇ ਵੇਖਦਿਆਂ ਵੇਖਦਿਆਂ ਸੱਤਾ ਵਿੱਚ ਵੀ ਆ ਜਾਂਦੇ ਹਨ।

PRIME PROPERTY MANAGEMENT

Reliable Real Estate Solutions for Smart Investors

PRIME PROPERTY MANAGEMENT

Our Services Include:

- Full-Service Property Management
- Tenant Placement & Screening
- Buying & Selling Representation
- Investment Property Analysis (Cap Rate, DSCR, Cash Flow)
- Rental Evaluations & Portfolio Growth Strategy

ਸਾਡੀਆਂ ਸੇਵਾਵਾਂ ਵਿੱਚ ਸ਼ਾਮਲ ਹਨ:

- ਪੂਰੀ-ਸੇਵਾ ਜਾਇਦਾਦ ਪ੍ਰਬੰਧਨ
- ਕਿਰਾਏਦਾਰ ਪਲੇਸਮੈਂਟ ਅਤੇ ਸਕ੍ਰੀਨਿੰਗ
- ਖਰੀਦਦਾਰੀ ਅਤੇ ਵੇਚਣ ਦੀ ਪ੍ਰਤੀਨਿਧਤਾ
- ਨਿਵੇਸ਼ ਜਾਇਦਾਦ ਵਿਸ਼ਲੇਸ਼ਣ (ਕੈਪ ਦਰ, DSCR, ਨਕਦ ਪ੍ਰਵਾਹ)
- ਕਿਰਾਏ ਦੇ ਮੁਲੰਕਣ ਤੇ ਪੋਰਟਫੋਲੀਓ ਵਿਕਾਸ ਰਣਨੀਤੀ



ਵਰੁਣ ਮਲਹੋਤਰਾ
ਫੋਨ: 331-203-3733
(ਸਥਾਨਕ ਨਿਵੇਸ਼ਕ ਅਤੇ ਰੀਅਲ ਅਸਟੇਟ ਪੇਸ਼ੇਵਰ)

ਭਾਵੇਂ ਤੁਸੀਂ ਨਿਵੇਸ਼ਕ, ਖਰੀਦਦਾਰ ਜਾਂ ਵਿਕਰੇਤਾ ਹੋ - ਅਸੀਂ ਤੁਹਾਨੂੰ ਉਚਿਤ ਫੈਸਲੇ ਲੈਣ ਵਿੱਚ ਮਦਦ ਕਰਨ ਲਈ ਡੇਟਾ-ਆਧਾਰਿਤ ਸੂਝ ਪ੍ਰਦਾਨ ਕਰਦੇ ਹਾਂ

Providing professional property management and real estate services across Illinois.

Serving Plainfield, Naperville, Romeoville, Lemont, Oswego & Surrounding Communities

Referrals are always appreciated

ਸ਼ਿਕਾਗੋਲੈਂਡ ਵਿੱਚ ਰਿਹਾਇਸ਼ੀ ਅਤੇ ਮਿਸ਼ਰਤ-ਵਰਤੋਂ ਵਾਲੀਆਂ ਜਾਇਦਾਦਾਂ ਨੂੰ ਪ੍ਰਾਪਤ ਕਰਨ, ਪ੍ਰਬੰਧਨ ਕਰਨ, ਵਿਸ਼ਲੇਸ਼ਣ ਕਰਨ ਅਤੇ ਅਨੁਕੂਲ ਬਣਾਉਣ ਦਾ 10 ਸਾਲਾਂ ਤੋਂ ਵੱਧ ਦਾ ਤਜਰਬਾ...



Email: varun@primepropertymgnt.com - www.primepropertymgnt.com

# ਪੈਲਾਟਾਈਨ ਗੁਰੂਘਰ 'ਚ ਸੰਗਤ ਨੇ ਵਿਸਾਖੀ ਉਤਸ਼ਾਹ ਨਾਲ ਮਨਾਈ

## *ਨਵੀਂ ਕਮੇਟੀ ਨੇ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਸਹੁੰ ਚੁੱਕੀ *ਟਰੱਕਰ ਭਾਈਚਾਰੇ ਵੱਲੋਂ ਅਖੰਡ ਪਾਠ ਅਤੇ ਲੰਗਰ ਦੀ ਸੇਵਾ

**ਕੁਲਜੀਤ ਸਿੰਘ**

**ਸ਼ਿਕਾਗੋ:** ਖਾਲਸਾ ਪੰਥ ਦਾ ਸਿਰਜਣਾ ਦਿਵਸ ਅਤੇ ਵਿਸਾਖੀ ਦਾ ਚੜ੍ਹਦੀ ਕਲਾ ਭਰਪੂਰ ਪਵਿੱਤਰ ਦਿਹਾੜਾ ਗੁਰਦੁਆਰਾ ਪੈਲਾਟਾਈਨ ਵਿਖੇ ਲੰਘੇ ਦਿਨੀਂ ਸਮੂਹ ਸੰਗਤ ਵੱਲੋਂ ਧਾਰਮਿਕ ਤੇ ਸੱਭਿਆਚਾਰਕ ਭਾਵਨਾ, ਉਤਸ਼ਾਹ ਅਤੇ ਖਾਲਸਾਈ ਸ਼ਰਧਾ ਸਹਿਤ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤ ਨੇ ਗੁਰੂਘਰ ਨਤਮਸਤਕ ਹੋ ਕੇ ਅਤੇ ਇਲਾਹੀ ਰੰਗ ਵਿੱਚ ਭਿੱਜ ਕੇ ਗੁਰਬਾਣੀ ਕੀਰਤਨ, ਕਥਾ ਤੇ ਪਾਠ ਸੁਣਦਿਆਂ-ਪੜ੍ਹਦਿਆਂ ਤਨ, ਮਨ ਤੇ ਧਨ ਨਾਲ ਸੇਵਾ ਕੀਤੀ। ਸੰਗਤ ਨੇ ਸਿੱਖ ਕੌਮ ਦੀ ਚੜ੍ਹਦੀ ਕਲਾ ਦੇ ਨਾਲ ਨਾਲ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਇੱਕ-ਦੂਜੇ ਨੂੰ ਵਿਸਾਖੀ ਦੀਆਂ ਵਧਾਈਆਂ ਭੇਟ ਕੀਤੀਆਂ।

ਐਤਵਾਰ ਨੂੰ ਵਿਸ਼ੇਸ਼ ਸਮਾਗਮ ਦੌਰਾਨ ਸੰਗਤ ਦਾ ਠਾਠਾਂ ਮਾਰਦਾ ਇਕੱਠ ਵੇਖ ਕੇ ਮਹਿਸੂਸ ਕੀਤਾ ਜਾ ਸਕਦਾ ਸੀ ਕਿ ਸੰਗਤ ਵਿਸਾਖੀ ਦਿਹਾੜਾ ਮਨਾਉਣ ਲਈ ਉਚੇਚੇ ਤੌਰ 'ਤੇ ਪਹੁੰਚੀ ਹੋਈ ਸੀ। ਹਾਲ ਹੀ ਵਿੱਚ ਹੋਈਆਂ ਗੁਰਦੁਆਰਾ ਚੋਣਾਂ ਵਾਲੇ ਦਿਨ ਨਾਲੋਂ ਸੰਗਤ ਵਿਸਾਖੀ ਵਾਲੇ ਦਿਨ ਵੱਧ ਆਈ ਹੋਈ ਸੀ। ਜ਼ਿਕਰਯੋਗ ਹੈ ਕਿ ਗੁਰਦੁਆਰਾ ਮੈਂਬਰਸ਼ਿਪ ਪੰਦਰਾਂ ਸੌ ਦੇ ਕਰੀਬ ਹੈ, ਜਦਕਿ ਸ਼ਿਕਾਗੋਲੈਂਡ ਵਿੱਚ ਸੰਗਤ ਕਿਤੇ ਵਧੇਰੇ ਗਿਣਤੀ ਵਿੱਚ ਰਹਿੰਦੀ ਹੈ। ਇਹ ਸਮਝਿਆ ਜਾ ਰਿਹਾ ਹੈ ਕਿ ਜੇ ਇੱਥੇ ਰਹਿੰਦੀ ਸਾਰੀ ਸੰਗਤ ਮੈਂਬਰਸ਼ਿਪ ਲੈ ਲਵੇ ਤਾਂ ਇਸ ਨਾਲ ਗੁਰੂਘਰ ਦੀ ਆਮਦਨ ਤਾਂ ਵਧੇਗੀ ਹੀ, ਸਗੋਂ ਇਸ ਨਾਲ ਸਥਾਨਕ ਪ੍ਰਸ਼ਾਸਨ ਜਾਂ ਸਿਆਸਤ ਵਿੱਚ ਵੀ ਸਿੱਖ ਭਾਈਚਾਰੇ ਦੀ ਅਹਿਮੀਅਤ ਨੂੰ ਥਾਂ ਮਿਲੇਗੀ। ਵਿਸਾਖੀ ਵਾਲੇ ਦਿਨ ਸਿੱਖ ਭਾਈਚਾਰੇ ਤੋਂ ਇਲਾਵਾ ਦੂਜੇ ਭਾਈਚਾਰਿਆਂ ਦੇ ਸ਼ਰਧਾਵਾਨ ਲੋਕਾਂ ਦੀ ਸ਼ਮੂਲੀਅਤ ਦਰਸਾਉਂਦੀ ਸੀ ਕਿ ਗੁਰੂ ਨਾਨਕ ਪਾਤਸ਼ਾਹ ਦਾ ਦਰ ਸਭਨਾਂ ਲਈ ਸਾਂਝਾ ਤੇ ਮੁਕੱਦਸ ਅਸਥਾਨ ਹੈ। ਗੁਰੂਘਰ ਦੀ ਫਿਜ਼ਾ ਵਿੱਚ ਖ਼ਾਲਸਾਈ ਤੇ ਭਾਈਚਾਰਕ ਸਾਂਝ ਦਾ ਨਜ਼ਾਰਾ ਵੇਖਿਆਂ ਹੀ ਬਣਦਾ ਸੀ।

ਇਸ ਮੌਕੇ ਨਵੀਂ ਚੁਣੀ ਗਈ ਪ੍ਰਬੰਧਕ ਕਮੇਟੀ ਨੇ ਦਰਬਾਰ ਹਾਲ ਵਿੱਚ ਗੁਰੂ ਮਹਾਰਾਜ ਦੀ ਸਰਪ੍ਰਸਤੀ ਹੇਠ ਗੁਰਮਤਿ ਅਤੇ ਗੁਰਦੁਆਰਾ ਸੰਵਿਧਾਨ ਮੁਤਾਬਕ ਆਪਣੀਆਂ ਸੇਵਾਵਾਂ ਨਿਭਾਉਣ ਦਾ ਪ੍ਰਣ ਕੀਤਾ। ਗੁਰੂਘਰ ਦੇ ਹੈੱਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਨੇ ਨਵੇਂ ਅਹੁਦੇਦਾਰਾਂ- ਪ੍ਰਧਾਨ ਤਰਲੋਚਨ ਸਿੰਘ ਮੁਲਤਾਨੀ, ਧਾਰਮਿਕ ਸਕੱਤਰ ਸਤਿੰਦਰ ਸਿੰਘ ਬ੍ਰਹਮ, ਖਜ਼ਾਨਚੀ ਅਮਨਦੀਪ ਸਿੰਘ, ਗੁਰਮਤਿ ਸਕੂਲ ਦੇ ਇੰਚਾਰਜ ਗੁਰਕੀਰਤ ਸਿੰਘ ਗਿੱਲ ਅਤੇ ਲੰਗਰ ਤੇ ਕਾਰ ਸੇਵਾ ਦੇ ਸੇਵਕ ਸਤਿਨਾਮ ਸਿੰਘ ਗਿੱਲ ਸਮੇਤ ਸੰਵਿਧਾਨ ਅਮਲ ਕਮੇਟੀ (ਸੀ.ਆਈ.ਸੀ.) ਦੀ ਨਵ-ਨਿਯੁਕਤ ਚੇਅਰਪਰਸਨ ਬੀਬੀ ਸੁਰਿੰਦਰ ਕੌਰ ਸੰਘਾ ਨੂੰ ਸਹੁੰ ਚੁਕਾਉਣ ਦੀ ਰਸਮ ਨਿਭਾਈ। ਸੀਰਤ ਕੌਰ ਕਲੇਰ ਨੂੰ ਐਗਜ਼ੈਕਟਿਵ ਸੈਕਟਰੀ ਬਣਾਇਆ ਗਿਆ ਹੈ ਤੇ ਗੁਰਿੰਦਰ ਸਿੰਘ ਸੰਧੂ ਕਲਿਨਿਕ ਇੰਚਾਰਜ ਹਨ। ਹਰਜੀਤ ਸਿੰਘ ਗਿੱਲ ਤੇ ਯਾਦਵਿੰਦਰ ਸਿੰਘ ਗਰੇਵਾਲ ਬੋਰਡ ਆਫ ਟਰੱਸਟੀ ਦੇ ਮੈਂਬਰ ਹਨ, ਜਦਕਿ ਸੀ.ਆਈ.ਸੀ. ਦੇ ਚੇਅਰਮੈਨ ਰਹਿ ਚੁਕੇ ਗੁਰਦੀਪ ਸਿੰਘ ਸੰਘਾ ਹੁਣ ਇਸ ਦੇ ਸੈਕਟਰੀ ਬਣ ਗਏ ਹਨ ਤੇ ਕਰਮਜੀਤ ਸਿੰਘ ਭਟਨੂਰਾ ਮੈਂਬਰ ਹਨ। ਪਹਿਲਾਂ ਸਾਲ 2022 ਤੋਂ ਬੀਬੀ ਜਸਬੀਰ ਕੌਰ ਮਾਨ ਸੀ.ਆਈ.ਸੀ. ਮੈਂਬਰ ਸਨ।

ਇਸ ਤੋਂ ਇਲਾਵਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਦਾ ਗੁਰੂਘਰ ਵੱਲੋਂ ਉਨ੍ਹਾਂ ਦੀਆਂ ਸੇਵਾਵਾਂ ਲਈ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਆਪਣੀ ਧੰਨਵਾਦੀ ਤਕਰੀਰ ਵਿੱਚ ਜੈਰਾਮ ਸਿੰਘ ਕਾਹਲੋਂ ਨੇ ਆਪਣੇ ਸੇਵਾ ਕਾਲ ਦੌਰਾਨ ਕੀਤੇ ਕੰਮਾਂ ਤੇ ਪ੍ਰਾਪਤੀਆਂ ਦਾ ਵੇਰਵਾ ਇੱਕ ਸਲਾਈਡ ਸ਼ੋਅ ਰਾਹੀਂ ਸੰਗਤ ਨਾਲ ਸਾਂਝਾ ਕੀਤਾ। ਸ. ਕਾਹਲੋਂ ਨੇ ਆਪਣੇ ਸੇਵਾ ਕਾਲ ਦੌਰਾਨ ਗੁਰੂਘਰ ਵਿਖੇ ਇੱਕ ਪਿੱਛੋਂ ਇੱਕ ਕਰਵਾਏ ਗਏ ਕਈ ਕੰਮਾਂ ਦੌਰਾਨ ਸੰਗਤ, ਸੇਵਾਦਾਰਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰਨਾਂ ਸਬ ਕਮੇਟੀਆਂ ਦੇ ਨੁਮਾਇੰਦਿਆਂ ਦਾ ਉਨ੍ਹਾਂ ਵੱਲੋਂ ਮਿਲੇ ਸਹਿਯੋਗ ਲਈ ਉਚੇਚਾ ਧੰਨਵਾਦ ਕੀਤਾ। ਉਂਝ ਅਖੀਰ ਵਿੱਚ ਆਪਣੇ ਸੇਵਾ ਕਾਲ ਦੌਰਾਨ ਜਾਣੇ-ਅਣਜਾਣੇ ਹੋ ਗਈ ਕਿਸੇ ਭੁੱਲ ਲਈ ਮੁਆਫੀ ਮੰਗਦਿਆਂ ਉਨ੍ਹਾਂ ਦਾ ਗੱਚ ਭਰ ਆਇਆ ਸੀ।

ਇਸ ਮੌਕੇ ਗੁਰਦੀਪ ਸਿੰਘ ਸੰਘਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੰਗਤ ਨੂੰ ਜੇ ਕਿਸੇ ਕਿਸਮ ਦੀ ਕੋਈ ਸ਼ਿਕਾਇਤ ਹੋਏ ਤਾਂ ਉਹ ਪਹਿਲਾਂ ਬੋਰਡ ਨੂੰ ਦੱਸੇ ਅਤੇ ਜੇ ਬੋਰਡ ਵਾਲੇ ਨਹੀਂ ਸੁਣਦੇ ਤਾਂ ਉਹ ਸੀ.ਆਈ.ਸੀ. ਕੋਲ ਆਪਣੀ ਸ਼ਿਕਾਇਤ ਦਰਜ ਕਰਵਾਉਣ। ਉਨ੍ਹਾਂ ਭਰੋਸਾ ਦਿੱਤਾ ਕਿ ਸੀ.ਆਈ.ਸੀ. ਦੀ ਕੋਸ਼ਿਸ਼ ਹੋਵੇਗੀ ਕਿ ਸ਼ਿਕਾਇਤ ਦੂਰ ਹੋਵੇ।

ਮੌਜੂਦਾ ਪ੍ਰਧਾਨ ਤਰਲੋਚਨ ਸਿੰਘ ਮੁਲਤਾਨੀ ਨੇ ਆਪਣੀ ਤਕਰੀਰ ਗੁਰਬਾਣੀ ਦੀ ਵਿਆਖਿਆ ਨਾਲ ਸ਼ੁਰੂ ਕੀਤੀ ਅਤੇ ਕਿਹਾ ਕਿ ਜਿਹੜੇ ਗੁਰੂ ਅੱਗੇ ਮੱਥਾ ਟੇਕਦੇ ਹਨ, ਗੁਰਬਾਣੀ ਪੜ੍ਹਦੇ ਹਨ ਤੇ ਗੁਰੂ ਦੀ ਕਥਾ ਸੁਣਦੇ ਹਨ- ਉਹੀ ਪੂਰੇ ਪ੍ਰਧਾਨ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇੱਥੇ (ਦਰਬਾਰ ਹਾਲ ਵਿੱਚ) ਸਾਰੇ ਹੀ ਪ੍ਰਧਾਨ ਹਨ- ਭਾਵ, ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ॥ ਉਨ੍ਹਾਂ ਕਿਹਾ ਕਿ ਪਹਿਲੀ ਪ੍ਰਬੰਧਕੀ ਟੀਮ ਵਿੱਚ ਵੀ ਉਨ੍ਹਾਂ ਨੇ ਸੇਵਾਵਾਂ ਨਿਭਾਈਆਂ ਹਨ, ਉਹ ਇੱਕ ਆਹਲਾ ਟੀਮ ਸੀ। ਉਨ੍ਹਾਂ ਸ. ਕਾਹਲੋਂ ਵੱਲੋਂ ਆਪਣੇ ਸੇਵਾ ਕਾਲ ਦੌਰਾਨ ਗਿਣਾਏ ਕਾਰਜਾਂ ਸਬੰਧੀ ਕਿਹਾ ਕਿ ਤਨ, ਮਨ, ਧਨ ਨਾਲ ਸੇਵਾ ਦੇਣੀ ਪੈਂਦੀ ਹੈ, ਤਾਂ ਇਹ ਕਾਰਜ ਸਿਰੇ ਚੜ੍ਹਦੇ ਹਨ। ਉਨ੍ਹਾਂ ਗੁਰੂਘਰ ਦੇ ਵਿਸਥਾਰ ਲਈ ਸੰਗਤ ਨੂੰ ਸਹਿਯੋਗ ਦੀ ਅਪੀਲ ਕਰਦਿਆਂ ਗੁਰਬਾਣੀ ਨਾਲ ਜੁੜਨ ਦਾ ਤਹੱਈਆ ਕੀਤਾ।

ਇਸ ਤੋਂ ਪਹਿਲਾਂ 14 ਅਪਰੈਲ, ਮੰਗਲਵਾਰ ਨੂੰ ਵੀ ਗੁਰੂਘਰ ਵਿਖੇ ਵਿਸਾਖੀ ਨੂੰ ਸਮਰਪਿਤ ਵਿਸ਼ੇਸ਼ ਦੀਵਾਨ ਸਜਾਏ ਗਏ, ਪਰ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਐਤਵਾਰ, 19 ਅਪਰੈਲ ਨੂੰ ਹੀ ਸਨ। ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਕੀਰਤਨੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਅਤੇ ਕਥਾਵਾਚਕ ਵੱਲੋਂ ਗੁਰ-ਇਤਿਹਾਸ ਤੇ ਪੰਥਕ ਵਿਚਾਰਾਂ ਰਾਹੀਂ ਸੰਗਤ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਗੁਰੂਘਰ ਵਿਖੇ ਵਿਸਾਖੀ ਸਬੰਧੀ ਸ਼ਿਕਾਗੋ ਟਰੱਕ ਡਰਾਈਵਰਜ਼ ਯੂਨੀਅਨ/ਟਰਾਂਸਪੋਰਟੇਸ਼ਨ ਕਾਰੋਬਾਰ ਨਾਲ ਜੁੜੇ ਪੰਜਾਬੀ ਭਾਈਚਾਰੇ ਵੱਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਸੇਵਾ ਲਈ ਗਈ ਸੀ। ਇਸ ਦੌਰਾਨ 17 ਅਪਰੈਲ ਨੂੰ ਅਖੰਡ ਪਾਠ ਆਰੰਭ ਕੀਤਾ ਗਿਆ ਸੀ, ਜਿਸ ਦਾ ਭੋਗ 19 ਅਪਰੈਲ ਨੂੰ ਸਵੇਰੇ ਪਿਆ। ਅਖੰਡ ਪਾਠ ਦੌਰਾਨ ਟਰੱਕਰ ਭਰਾਵਾਂ ਤੇ ਹੋਰਨਾਂ ਸੰਗਤ ਮੈਂਬਰਾਂ ਨੇ ਡਿਊਟੀਆਂ ਨਿਭਾਈਆਂ। ਐਤਵਾਰ ਨੂੰ ਮੌਸਮ ਕੁਝ ਠੰਡਾ ਹੋ ਗਿਆ ਸੀ, ਪਰ ਇਸ ਦੇ ਬਾਵਜੂਦ ਸੰਗਤ ਨੇ ਬਾਹਰ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਬੜੇ ਉਤਸ਼ਾਹ ਨਾਲ ਕੀਤੀ। ਅਖੰਡ ਪਾਠ ਦੀ ਸੇਵਾ ਪ੍ਰੀਤਮ ਸਿੰਘ ਸਿੱਧੂ ਅਤੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਮਹਿੰਦਰ ਸਿੰਘ ਭੱਠਲ ਤੇ ਸ਼ਿਕਾਗੋ ਟਰੱਕ ਡਰਾਈਵਰਜ਼ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ।

ਅਖੰਡ ਪਾਠ ਦੌਰਾਨ ਲੰਗਰ ਅਤੇ ਹੋਰ ਸੇਵਾਵਾਂ ਵੀ

⇒ ਬਾਕੀ ਸਫਾ 6 ਉੱਤੇ ਪੜ੍ਹੋ








## ਗਿਆਨੀ ਰਾਮ ਸਿੰਘ ਪਹਿਲੀ ਤੋਂ ਤਿੰਨ ਮਈ ਤੱਕ ਗੁਰਦੁਆਰਾ ਪੈਲਾਟਾਈਨ ਵਿਖੇ ਕਥਾ ਕਰਨਗੇ

**ਸ਼ਿਕਾਗੋ:** ਦਮਦਮੀ ਟਕਸਾਲ ਦੇ ਮੁਖੀ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਭਿੰਡਰਾਂਵਾਲੇ ਪਹਿਲੀ ਤੋਂ ਤਿੰਨ ਮਈ ਤੱਕ ਗੁਰਦੁਆਰਾ ਪੈਲਾਟਾਈਨ ਵਿਖੇ ਕਥਾ-ਵਿਚਾਰ ਕਰਨਗੇ। ਉਹ ਗੁਰੂਘਰ ਵਿਖੇ ਪ੍ਰਬੰਧਕਾਂ ਦੇ ਵਿਸ਼ੇਸ਼ ਸੱਦੇ ਤਹਿਤ 30 ਅਪਰੈਲ ਨੂੰ ਇੱਥੇ ਪਹੁੰਚ ਰਹੇ ਹਨ, ਜੋ ਕਿ ਪਹਿਲੀ ਮਈ (ਸ਼ੁੱਕਰਵਾਰ) ਅਤੇ ਦੋ ਮਈ (ਸ਼ਨਿਚਰਵਾਰ) ਨੂੰ ਸ਼ਾਮ ਦੇ ਦੀਵਾਨਾਂ ਵਿੱਚ ਹਾਜ਼ਰੀ ਭਰਨਗੇ। ਇਸ ਤੋਂ ਇਲਾਵਾ 3 ਮਈ (ਐਤਵਾਰ) ਨੂੰ ਦਿਨ ਦੇ ਦੀਵਾਨਾਂ ਵਿੱਚ ਕਥਾ ਵਿਚਾਰ ਰਾਹੀਂ ਸੰਗਤ ਨੂੰ ਗੁਰਬਾਣੀ ਤੇ ਗੁਰਇਤਿਹਾਸ ਨਾਲ ਜੋੜਨਗੇ।




ਜ਼ਿਕਰਯੋਗ ਹੈ ਕਿ ਗਿਆਨੀ ਰਾਮ ਸਿੰਘ ਸੰਤ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਦੇ ਚਚੇਰੇ ਭਰਾ ਹਨ। ਇਸ ਸਮੇਂ ਗਿਆਨੀ ਰਾਮ ਸਿੰਘ ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਹ ਹਰ ਪੰਥਕ ਕਾਰਜ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਆ ਰਹੇ ਹਨ ਅਤੇ ਪੰਜਾਬ ਵਿੱਚ ਸਿੱਖੀ ਦਾ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਵੱਡੇ ਪੱਧਰ 'ਤੇ ਕਰਵਾ ਰਹੇ ਹਨ। ਸੰਗਤਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਗੁਰਦੁਆਰਾ ਪੈਲਾਟਾਈਨ ਵਿਖੇ ਦੀਵਾਨਾਂ ਵਿੱਚ ਪਹੁੰਚ ਕੇ ਲਾਹਾ ਲੈਣ ਦੀ ਅਪੀਲ ਕੀਤੀ ਗਈ ਹੈ।

















# ਕੇਂਦਰ ਸਰਕਾਰ ਡੀਲਿਮੀਟੇਸ਼ਨ ਬਿਲ ਪਾਸ ਕਰਵਾਉਣ 'ਚ ਅਸਫਲ

***ਮੋਦੀ ਕਾਲ 'ਚ ਪਹਿਲੀ ਵਾਰ ਕੋਈ ਬਿਲ ਪਾਸ ਹੋਣੋਂ ਰਿਹਾ *ਵਿਰੋਧੀ ਧਿਰ ਉਤੇ 'ਔਰਤ ਦੋਖੀ' ਹੋਣ ਦੇ ਦੋਸ਼ ਲੱਗੇ**

ਪੰਜਾਬੀ ਪਰਵਾਜ਼ ਬਿਊਰੋ

ਬੀਤੇ ਹਫਤੇ ਸ਼ੁਕਰਵਾਰ ਵਾਲੇ ਦਿਨ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ 131ਵਾਂ ਸੰਵਿਧਾਨਿਕ ਸੋਧ ਬਿਲ ਵਿਰੋਧੀ ਪਾਰਟੀਆਂ ਦੇ ਸਮੂਹਿਕ ਵਿਰੋਧ ਕਾਰਨ ਪਾਸ ਨਹੀਂ ਹੋ ਸਕਿਆ। ਮੋਦੀ ਸਾਸ਼ਨ ਦੇ 12 ਸਾਲਾਂ ਵਿੱਚ ਇਹ ਪਹਿਲੀ ਵਾਰ ਹੈ ਕਿ ਕੋਈ ਬਿਲ ਲੋਕ ਸਭਾ ਵਿੱਚ ਪਾਸ ਨਹੀਂ ਹੋ ਸਕਿਆ। ਵਿਰੋਧੀ ਪਾਰਟੀਆਂ ਨੇ ਇਸ ਸੋਧ ਬਿਲ ਦੇ ਪਾਸ ਨਾ ਹੋਣ 'ਤੇ ਤਸੱਲੀ ਜ਼ਾਹਰ ਕੀਤੀ ਹੈ।

ਕੇਂਦਰ ਸਰਕਾਰ ਵੱਲੋਂ ਇਸ ਸੰਵਿਧਾਨਿਕ ਸੋਧ ਦੇ ਤਹਿਤ ਤਿੰਨ ਬਿਲ ਆਪਸ ਵਿੱਚ ਨੱਥੀ ਕਰ ਕੇ ਲਿਆਂਦੇ ਗਏ ਸਨ। 'ਦ ਡੀਲਿਮੀਟੇਸ਼ਨ ਬਿਲ-2026', 'ਯੂਨੀਅਨ ਟੈਰੀਟਰੀ ਲਾਅ ਬਿਲ-2026' ਅਤੇ 'ਨਾਰੀ ਸ਼ਕਤੀ ਵੰਧਨ ਅਧਿਨਿਯਮ-2026' ਇਸ ਸੰਵਿਧਾਨਿਕ ਸੋਧ ਵਿੱਚ ਸ਼ਾਮਲ ਸਨ। ਇਸ ਸੋਧ ਬਿਲ ਨੂੰ ਪਾਸ ਕਰਨ ਲਈ ਸਰਕਾਰ ਵੱਲੋਂ 16 ਤੋਂ 18 ਅਪਰੈਲ ਤੱਕ ਪਾਰਲੀਮੈਂਟ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਸੀ। ਬਿਲ ਦੇ ਪਾਸ ਹੋਣ ਲਈ ਲੋਕ ਸਭਾ ਵਿੱਚ ਦੋ ਤਿਹਾਈ ਬਹੁਮੱਤ ਦੀ ਲੋੜ ਸੀ, ਪਰ ਸਰਕਾਰ ਲੋੜੀਂਦੇ ਲੋਕ ਸਭਾ ਮੈਂਬਰ ਸੋਧ ਬਿਲ ਦੇ ਹੱਕ ਵਿੱਚ ਜਿੱਤਣ ਵਿੱਚ ਅਸਫਲ ਰਹੀ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ, ਜੈਰਾਮ ਰਾਮੇਸ਼ ਅਤੇ ਐਮ.ਕੇ. ਸਟਾਲਿਨ ਨੇ ਇਸ ਸੋਧ ਬਿਲ ਦਾ ਜ਼ੋਰਦਾਰ ਵਿਰੋਧ ਕੀਤਾ। ਵਿਰੋਧੀ ਧਿਰਾਂ ਦਾ ਵਿਰੋਧ ਮੁੱਖ ਤੌਰ 'ਤੇ ਡੀਲਿਮੀਟੇਸ਼ਨ ਬਿਲ ਖਿਲਾਫ ਸੀ। ਵਿਰੋਧੀ ਪਾਰਟੀਆਂ ਦਾ ਦੋਸ਼ ਹੈ ਕਿ ਇਸ ਬਿਲ ਰਾਹੀਂ ਸਰਕਾਰ ਦੇਸ਼ ਦਾ ਚੋਣ (ਇਲੈਕਟੋਰਲ) ਮੈਪ ਬਦਲਣਾ ਚਾਹੁੰਦੀ ਹੈ।

ਔਰਤਾਂ ਲਈ ਪਾਰਲੀਮੈਂਟ ਅਤੇ ਰਾਜ ਅਸੈਂਬਲੀਆਂ ਵਿੱਚ 33 ਫੀਸਦੀ ਰਾਖਵੇਂਕਰਣ ਸੰਬੰਧੀ ਲਿਆਂਦਾ ਗਿਆ ਇੱਕ ਸਵਿੰਧਾਨਿਕ ਸੋਧ ਬਿਲ ਵੀ ਵਿਰੋਧੀ ਧਿਰਾਂ ਦੇ ਇਕਜੁੱਟ ਵਿਰੋਧ ਕਾਰਨ ਪਾਸ ਨਹੀਂ ਹੋ ਸਕਿਆ। ਸਰਕਾਰ 2029 ਦੀਆਂ ਆਮ ਚੋਣਾਂ ਤੋਂ ਪਹਿਲਾਂ ਇਸ ਬਿਲ ਨੂੰ ਪਾਸ ਕਰਵਾਏ ਜਾਣ ਦੀ ਇਛੁੱਕ ਹੈ।

131ਵੀਂ ਸੰਵਿਧਾਨਿਕ ਸੋਧ ਬਿਲ ਦੇ ਪੈਕੇਜ ਵਿੱਚ ਡੀਲਿਮੀਟੇਸ਼ਨ ਬਿਲ ਵੀ ਸ਼ਾਮਲ ਹੈ, ਜਿਸ ਰਾਹੀਂ ਸਰਕਾਰ ਪਾਰਲੀਮਾਨੀ ਸੀਟਾਂ ਦੀਆਂ ਹੱਦਾਂ ਅਤੇ ਗਿਣਤੀ ਮੁੜ ਤੈਅ ਕਰਨਾ ਚਾਹੁੰਦੀ ਹੈ। ਕਾਂਗਰਸ ਅਤੇ ਹੋਰ ਪਾਰਟੀਆਂ ਇਸ ਬਿਲ ਦਾ ਵਿਰੋਧ ਕਰ ਰਹੀਆਂ ਹਨ। ਸੋਧ ਬਿਲ ਦੇ ਹੱਕ ਵਿੱਚ 298 ਮੈਂਬਰ ਪਾਰਲੀਮੈਂਟਾਂ ਨੇ ਵੋਟਾਂ ਪਾਈਆਂ, ਜਦਕਿ 230 ਮੈਂਬਰ ਇਸ ਦੇ ਖਿਲਾਫ ਭੁਗਤੇ। ਪਾਰਲੀਮਾਨੀ ਮੈਂਬਰਾਂ ਦੀ ਸਰਗਰਮ ਗਿਣਤੀ 537 ਹੋਣ ਕਰਕੇ ਬਿਲ ਦੇ ਪਾਸ ਹੋਣ ਲਈ 293 ਮੈਂਬਰਾਂ ਦੀ ਲੋੜ ਸੀ। ਬਿਲ 'ਤੇ ਵੋਟਾਂ ਪੈਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿੱਤ ਸ਼ਾਹ ਨੇ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਬਿਲ ਦੇ ਵਿਰੋਧ ਵਿੱਚ ਵੋਟਾਂ ਨਾ ਪਾਉਣ। ਉਨ੍ਹਾਂ ਕਿਹਾ ਕਿ, "ਸਾਨੂੰ ਸਾਰਿਆਂ ਨੂੰ ਇਸ ਬਿਲ ਦੇ ਹੱਕ ਵਿੱਚ ਵੋਟਾਂ ਪਾ ਕੇ ਔਰਤਾਂ ਨੂੰ ਰਾਖਵਾਂਕਰਨ ਪ੍ਰਦਾਨ ਕਰਨ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਨੂੰ ਰਾਜਨੀਤਿਕ ਚਸ਼ਮੇ ਰਾਹੀਂ ਨਾ ਵੇਖਿਆ ਜਾਵੇ। ਇਹ ਇੱਕ ਕੌਮੀ ਮਾਈਂਡਸੈਟ ਹੈ।"

ਖਾਸ ਕਰਕੇ ਦੱਖਣੀ ਰਾਜਾਂ ਦੀਆਂ ਰਾਜਨੀਤਿਕ ਪਾਰਟੀਆਂ ਇਸ ਸੋਧ ਬਿਲ ਦਾ ਇਸ ਆਧਾਰ 'ਤੇ ਵਿਰੋਧ ਕਰ ਰਹੀਆਂ ਹਨ ਕਿ ਇਸ ਨਾਲ ਉੱਤਰੀ ਭਾਰਤ ਦੇ ਮੁਕਾਬਲੇ ਦੱਖਣੀ ਭਾਰਤ ਦੀ ਨੁਮਾਇੰਦਗੀ ਘਟ ਜਾਵੇਗੀ ਅਤੇ ਉੱਤਰ ਭਾਰਤ ਦੀ ਸਿਆਸੀ ਪੁੱਗਤ ਸਦਾ ਵਾਸਤੇ ਭਾਰੂ ਹੋ ਜਾਵੇਗੀ। ਕੇਂਦਰ ਸਰਕਾਰ ਨੇ ਅਸਲ ਵਿੱਚ ਔਰਤਾਂ ਲਈ ਰਾਖਵੇਂਕਰਨ ਵਾਲੇ ਬਿਲ ਨਾਲ ਨੱਥੀ ਕਰਕੇ ਡੀਲਿਮੀਟੇਸ਼ਨ ਬਿੱਲ ਨੂੰ ਪਾਸ ਕਰਵਾਉਣ ਦੀ ਚਾਲ ਚੱਲੀ ਤਾਂ ਕਿ ਔਰਤਾਂ ਦੇ ਬਿਲ ਦੇ ਅਸਫਲ ਹੋਣ ਦੀ ਸੂਰਤ ਵਿੱਚ ਵਿਰੋਧੀ ਧਿਰਾਂ ਦੇ ਖਿਲਾਫ ਔਰਤ ਵਿਰੋਧੀ ਹੋਣ ਦੀ ਪ੍ਰਾਪੇਗੰਡਾ ਮੁਹਿੰਮ ਵਿੱਢੀ ਜਾ ਸਕੇ। ਪ੍ਰਧਾਨ ਮੰਤਰੀ ਨੇ ਬਾਅਦ ਵਿੱਚ ਇੱਕ ਕੈਬਿਨਿਟ ਮੀਟਿੰਗ ਕਰਕੇ ਬਿਲ ਨੂੰ ਪਾਸ ਨਾ ਹੋਣ ਦੇਣ ਲਈ ਵਿਰੋਧੀ ਪਾਰਟੀਆਂ ਦੀ ਸਖਤ ਆਲੋਚਨਾ ਕੀਤੀ। ਕੇਂਦਰੀ ਗ੍ਰਹਿ ਮੰਤਰੀ ਨੇ ਵੀ ਬਿਲ ਨਾ ਪਾਸ ਹੋਣ 'ਤੇ ਕਿਹਾ ਕਿ ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਔਰਤਾਂ ਦੇ ਸ਼ਕਤੀਕਰਨ ਦੇ ਖਿਲਾਫ ਹਨ।

ਡੀਲਿਮੀਟੇਸ਼ਨ ਬਿਲ ਦੇ ਨਾ ਪਾਸ ਹੋਣ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿੱਤ ਸ਼ਾਹ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਹੀ ਸੀ ਕਿ ਇਹ ਬਿਲ ਪਾਰਲੀਮੈਂਟ ਵਿੱਚ ਪਾਸ ਨਹੀਂ ਹੋ ਸਕੇਗਾ! ਤਿੰਨ ਬਿਲ ਇਕੱਠੇ ਪਾਸ ਕਰਵਾਉਣ ਦੇ ਯਤਨ ਵਿੱਚ ਸਰਕਾਰ ਦੇ ਦੋਹੀਂ ਹੱਥੀਂ ਲੱਡੂ ਸਨ। ਬਿਲ ਦੇ ਅਸਫਲ ਹੋਣ ਦੀ ਸੂਰਤ ਵਿੱਚ ਵਿਰੋਧੀ ਪਾਰਟੀਆਂ ਨੂੰ ਔਰਤ ਵਿਰੋਧੀ ਹੋਣ ਦਾ ਬਿੱਲਾ ਲਗਾ ਦਿੱਤਾ ਗਿਆ ਹੈ। ਜਦਕਿ ਜੇ ਬਿਲ ਪਾਸ ਹੋ ਜਾਂਦਾ ਤਾਂ ਇਸ ਦਾ ਕਰੈਡਿਟ ਵੀ ਸਰਕਾਰ ਨੇ ਲੈਣਾ ਸੀ।

ਵਿਰੋਧੀ ਪਾਰਟੀਆਂ ਡੀਲਿਮੀਟੇਸ਼ਨ ਬਿਲ ਬਾਰੇ ਪ੍ਰਮੁੱਖ ਤੌਰ 'ਤੇ ਚਿੰਤਿਤ ਹਨ, ਕਿਉਂਕਿ ਇਸ ਦੇ ਰਾਹੀਂ ਸਰਕਾਰ ਹਿੰਦੁਸਤਾਨ ਦਾ ਚੋਣ (ਇਲੈਕਟੋਰੇਟ) ਮੈਪ ਬਦਲਣਾ ਚਾਹੁੰਦੀ ਹੈ। ਕੇਂਦਰ ਸਰਕਾਰ ਮੌਜੂਦਾ 543 ਪਾਰਲੀਮਾਨੀ ਸੀਟਾਂ ਨੂੰ ਵਧਾ ਕੇ 850 ਕਰਨਾ ਚਾਹੁੰਦੀ ਹੈ। ਦੂਜੇ ਪਾਸੇ, ਕੇਂਦਰ ਵਾਲੇ ਔਰਤਾਂ ਨੂੰ ਰਿਜ਼ਰਵੇਸ਼ਨ ਵਾਲੇ ਬਿਲ ਰਾਹੀਂ ਸਰਕਾਰ ਵਿਰੋਧੀ ਪਾਰਟੀਆਂ 'ਤੇ ਔਰਤਾਂ ਦੇ ਸ਼ਕਤੀਕਰਨ ਦੇ ਵਿਰੋਧੀ ਹੋਣ ਦਾ ਇਲਜ਼ਾਮ ਲਾਉਂਦਿਆਂ ਚੋਣ ਨੈਰੇਟਿਵ ਬੁਣਨ ਦੀਆਂ ਇਛੁੱਕ ਹਨ।

ਯਾਦ ਰਹੇ, ਪਿਛਲੇ ਕੁਝ ਸਮੇਂ ਤੋਂ ਔਰਤਾਂ ਭਾਰਤੀ ਚੋਣ ਖੇਤਰ ਵਿੱਚ ਅਬਾਦੀ ਦਾ ਇੱਕ ਵੱਖਰਾ, ਵੱਡਾ ਅਤੇ ਵਿਸ਼ੇਸ਼ ਸੈਗਮੈਂਟ ਬਣ ਕੇ ਉਭਰਨ ਲੱਗੀਆਂ ਹਨ। ਔਰਤਾਂ ਦੀਆਂ ਵੋਟਾਂ ਹਾਸਲ ਕਰਨ ਲਈ ਰਾਜਨੀਤਿਕ ਪਾਰਟੀਆਂ ਵਿਸ਼ੇਸ਼ ਕਿਸਮ ਦੀਆਂ ਸਹੂਲਤਾਂ ਦੇ ਵੀ ਐਲਾਨ ਕਰ ਰਹੀਆਂ ਹਨ। ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਭਾਈਵਾਲਾਂ ਨੇ 10 ਹਜ਼ਾਰ ਰੁਪਏ ਪ੍ਰਤੀ ਔਰਤ ਖਾਤੇ ਵਿੱਚ ਪਾ ਕੇ ਜਿੱਤ ਹਾਸਲ ਕਰ ਲਈ ਸੀ।

131ਵੀਂ ਸੋਧ ਬਿਲ ਦੇ ਲੋਕ ਸਭਾ ਵਿੱਚ ਅਸਫਲ ਹੋਣ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿੱਤ ਸ਼ਾਹ ਨੇ ਕਿਹਾ ਕਿ, "ਭਾਰਤ ਦੀਆਂ ਔਰਤਾਂ ਬੁਆਨੂੰ (ਵਿਰੋਧੀ ਪਾਰਟੀਆਂ) ਕਦੀ ਨਹੀਂ ਭੁੱਲਣਗੀਆਂ। ਚੋਣਾਂ ਵਿੱਚ ਔਰਤਾਂ ਦੇ ਗੁੱਸੇ ਦਾ ਸ਼ਿਕਾਰ ਹੋਣ ਲਈ ਵਿਰੋਧੀ ਪਾਰਟੀਆਂ ਖਾਸ ਕਰਕੇ ਕਾਂਗਰਸ ਅਤੇ ਡੀ.ਐਮ.ਕੇ. ਨੂੰ ਤਿਆਰ ਰਹਿਣਾ ਚਾਹੀਦਾ। ਤੁਹਾਡੇ ਲਈ ਬਚ ਕੇ ਨਿਕਲਣ ਲਈ ਹੁਣ ਕੋਈ ਚੋਰ-ਮੋਰੀ ਵੀ ਨਹੀਂ ਰਹੀ ਹੈ।" ਲਗਦਾ ਹੈ, ਭਾਰਤੀ ਜਨਤਾ ਪਾਰਟੀ ਕੇਂਦਰ ਵੱਲੋਂ ਲਿਆਂਦੇ ਗਏ ਇਸ ਬਿਲ ਦੇ ਵਿਰੋਧੀ ਪਾਰਟੀਆਂ ਵੱਲੋਂ ਕੀਤੇ ਗਏ ਵਿਰੋਧ ਨੂੰ ਸੜਕਾਂ ਅਤੇ ਸੱਥਾਂ ਵਿੱਚ ਲਿਜਾਣਾ ਚਾਹੁੰਦੀ ਹੈ ਤਾਂ ਕਿ ਇਸ ਨੂੰ ਅਗਲੀਆਂ ਲੋਕ ਸਭਾ ਚੋਣਾਂ ਲਈ ਉਸਾਰੇ ਜਾਣ ਵਾਲੇ ਨੈਰੇਟਿਵ ਦਾ ਧੁਰਾ ਬਣਾਇਆ ਜਾ ਸਕੇ।

ਵਿਰੋਧੀ ਪਾਰਟੀਆਂ ਆਮ ਤੌਰ 'ਤੇ ਇਸ ਸੋਧ ਬਿਲ ਦੇ ਗਿਰ ਜਾਣ 'ਤੇ ਖੁਸ਼ ਹਨ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਐਕਸ 'ਤੇ ਲਿਖਿਆ, "ਸਰਕਾਰ ਨੇ ਤਾਜ਼ਾ ਸੋਧ ਬਿਲ ਨੂੰ ਪਾਸ ਕਰਵਾਉਣ ਲਈ ਗੈਰ-ਸੰਵਿਧਾਨਿਕ ਅਤੇ ਇੱਕ ਚਾਲਾਕ ਟਰਿੱਕ ਵਰਤਿਆ। ਵਿਰੋਧੀ ਪਾਰਟੀਆਂ ਨੇ ਇਸ ਨੂੰ ਪਹਿਲਾਂ ਹੀ ਪਹਿਚਾਣ ਲਿਆ ਸੀ ਅਤੇ ਅਸਫਲ ਵੀ ਕੀਤਾ।" ਸੀਨੀਅਰ ਕਾਂਗਰਸੀ ਆਗੂ ਜੈਰਾਮ ਰਮੇਸ਼ ਨੇ ਕਿਹਾ ਕਿ, "ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਔਰਤਾਂ ਦੇ ਸ਼ਕਤੀਕਰਨ ਸੰਬੰਧੀ ਬਿਲ (ਜਿਸ 'ਤੇ ਪਹਿਲਾਂ ਹੀ ਫੈਸਲਾ ਹੋ ਚੁੱਕਾ ਹੈ) ਨੂੰ ਆਪਣੇ ਖਤਰਨਾਕ ਡੀਲਿਮੀਟੇਸ਼ਨ ਬਿਲ ਨਾਲ ਨੱਥੀ ਕਰਕੇ ਪੇਸ਼ ਕੀਤਾ। ਡੀਲਿਮੀਟੇਸ਼ਨ ਦੀ ਤਜਵੀਜ਼ ਫੈਸਲਾਕੁੰਨ ਤਰੀਕੇ ਨਾਲ ਹਰਾ ਦਿੱਤੀ ਗਈ ਹੈ। ਇਸ ਸਾਡੇ ਜਮਹੂਰੀ ਅਤੇ ਫੈਡਰਲ ਢਾਂਚੇ ਦੀ ਜਿੱਤ ਹੈ।

# ਔਰਤਾਂ ਅੱਧੀ ਆਬਾਦੀ ਹਨ, ਫਿਰ ਲੋਕ ਰਾਜ 'ਚ ਅੱਧੀ ਹਿੱਸੇਦਾਰੀ ਕਿਉਂ ਨਹੀਂ?

ਤ੍ਰਿਭੁਵਨ (ਸੀਨੀਅਰ ਪੱਤਰਕਾਰ)

ਭਾਰਤ ਦੇ ਲੋਕ ਰਾਜ ਵਿੱਚ ਇੱਕ ਬੁਨਿਆਦੀ ਸਵਾਲ ਵਾਰ-ਵਾਰ ਉੱਠਦਾ ਹੈ ਕਿ ਜੇ ਔਰਤਾਂ ਦੇਸ਼ ਦੀ ਅੱਧੀ ਆਬਾਦੀ ਹਨ, ਤਾਂ ਉਨ੍ਹਾਂ ਨੂੰ ਸੱਤਾ ਵਿੱਚ ਸਿਰਫ਼ ਇੱਕ-ਤਿਹਾਈ ਹਿੱਸਾ ਹੀ ਕਿਉਂ ਮਿਲੇ? ਲੋਕਤੰਤਰ ਦੀ ਸਾਧਾਰਨ ਸਮਝ ਕਹਿੰਦੀ ਹੈ ਕਿ ਜਿੰਨੀ ਆਬਾਦੀ, ਉਤਨੀ ਹਿੱਸੇਦਾਰੀ ਹੋਣੀ ਚਾਹੀਦੀ ਹੈ। ਇਸ ਲਈ ਔਰਤਾਂ ਲਈ 50 ਫੀਸਦੀ ਹਿੱਸੇਦਾਰੀ ਕੋਈ ਬੇਲੋੜੀ ਮੰਗ ਨਹੀਂ, ਸਗੋਂ ਨਿਆਂ ਦੀ ਮੂਲ ਸ਼ਰਤ ਹੈ।

ਹਾਲ ਹੀ ਵਿੱਚ ਲੋਕ ਸਭਾ ਵਿੱਚ ਸੰਵਿਧਾਨ (131ਵਾਂ) ਸੋਧ ਬਿੱਲ 2026 ਪਾਸ ਨਹੀਂ ਹੋ ਸਕਿਆ। ਇਸ ਬਿੱਲ ਦਾ ਮਕਸਦ ਸੀ- ਲੋਕ ਸਭਾ ਦੀਆਂ ਸੀਟਾਂ ਵਧਾਉਣਾ, ਨਵੀਂ ਹੱਦਬੰਦੀ ਲਿਆਉਣਾ ਅਤੇ 2029 ਤੋਂ ਔਰਤਾਂ ਲਈ ਰਿਜ਼ਰਵੇਸ਼ਨ ਲਾਗੂ ਕਰਨਾ। ਵੋਟਿੰਗ ਵਿੱਚ 298 ਮੈਂਬਰ ਹੱਕ ਵਿੱਚ ਅਤੇ 230 ਵਿਰੋਧ ਵਿੱਚ ਸਨ, ਪਰ ਸੰਵਿਧਾਨਕ ਸੋਧ ਲਈ ਲੋੜੀਂਦਾ ਦੋ-ਤਿਹਾਈ ਬਹੁਮਤ ਪੂਰਾ ਨਹੀਂ ਹੋਇਆ। ਇਹ ਸਿਰਫ਼ ਇੱਕ ਬਿੱਲ ਦੀ ਹਾਰ ਨਹੀਂ ਸੀ। ਇਹ ਸਾਡੇ ਲੋਕਤੰਤਰ ਦੇ ਅੰਦਰਲੇ ਸੰਕਟ ਨੂੰ ਵੀ ਬੇਨਕਾਬ ਕਰਦੀ ਹੈ-ਜਿੱਥੇ ਨਿਆਂ ਦੀ ਗੱਲ ਤਾਂ ਹੁੰਦੀ ਹੈ, ਪਰ ਉਸ ਨੂੰ ਪੂਰਾ ਕਰਨ ਦੀ ਹਿੰਮਤ ਘੱਟ ਦਿਖਾਈ ਦਿੰਦੀ ਹੈ।

**ਔਰਤ ਨੂੰ ਨਾਗਰਿਕ ਤਾਂ ਮੰਨਿਆ, ਪਰ ਸੱਤਾ ਵਿੱਚ ਲੋੜੀਂਦੀ ਨੁਮਾਇੰਦਗੀ ਨਹੀਂ**

ਭਾਰਤ ਵਿੱਚ ਔਰਤਾਂ ਨੂੰ ਨਾਗਰਿਕ ਮੰਨਿਆ ਗਿਆ ਹੈ- ਉਨ੍ਹਾਂ ਕੋਲ ਵੋਟ ਦਾ ਹੱਕ ਹੈ, ਉਹ ਚੋਣ ਲੜ ਸਕਦੀਆਂ ਹਨ; ਪਰ ਅਸਲ ਸਵਾਲ ਇਹ ਹੈ ਕਿ ਕੀ ਉਨ੍ਹਾਂ ਨੂੰ ਸੱਤਾ ਵਿੱਚ ਕੁਦਰਤੀ ਹੱਕ ਮਿਲਿਆ ਹੈ? ਅੱਜ ਵੀ ਸੰਸਦ ਜਾਂ ਵਿਧਾਨ ਸਭਾ ਵਿੱਚ ਔਰਤ ਦੀ ਮੌਜੂਦਗੀ ਨੂੰ 'ਵਿਸ਼ੇਸ਼' ਸਮਝਿਆ ਜਾਂਦਾ ਹੈ। ਜਿਵੇਂ ਉਹ ਕੋਈ ਅਲੱਗ ਕੈਟੇਗਰੀ ਹੈ, ਨਾ ਕਿ ਸਮਾਜ ਦਾ ਅੱਧਾ ਹਿੱਸਾ। ਇਹ ਸੋਚ ਹੀ ਅਸਮਾਨਤਾ ਦੀ ਜੜ ਹੈ।

ਸਮਾਜ ਵਿੱਚ ਔਰਤਾਂ ਦੀ ਭੂਮਿਕਾ ਦੇਖੀਏ ਤਾਂ ਉਹ ਘਰ ਵੀ ਚਲਾਉਂਦੀਆਂ ਹਨ, ਬੱਚਿਆਂ ਦੀ ਦੇਖਭਾਲ ਵੀ ਕਰਦੀਆਂ ਹਨ, ਖੇਤੀਬਾੜੀ ਅਤੇ ਕੰਮਕਾਜ ਵਿੱਚ ਵੀ ਹਿੱਸਾ ਲੈਂਦੀਆਂ ਹਨ। ਉਹ ਦੋਹਰਾ ਨਹੀਂ, ਕਈ ਵਾਰ ਤਿਹਰਾ ਭਾਰ ਝੱਲਦੀਆਂ ਹਨ। ਫਿਰ ਵੀ ਸੱਤਾ ਵਿੱਚ ਉਨ੍ਹਾਂ ਦੀ ਹਿੱਸੇਦਾਰੀ ਘੱਟ ਕਿਉਂ?

**33 ਫ਼ੀਸਦੀ-ਇੱਕ ਸਮਝੌਤਾ, ਅੰਤਿਮ ਹੱਲ ਨਹੀਂ**

33 ਫ਼ੀਸਦੀ ਰਿਜ਼ਰਵੇਸ਼ਨ ਨੂੰ ਅਕਸਰ ਵੱਡੀ ਪ੍ਰਾਪਤੀ ਵਜੋਂ ਦਿਖਾਇਆ ਜਾਂਦਾ ਹੈ, ਪਰ ਇਹ ਸਿਰਫ਼ ਇੱਕ ਸਮਝੌਤਾ ਹੈ। ਇਹ ਅਸਲ ਨਿਆਂ ਨਹੀਂ। ਇਹ ਉਸ ਤਰ੍ਹਾਂ ਹੈ ਜਿਵੇਂ ਸ਼ਾਮ ਦੀ ਲਾਲੀ ਨੂੰ ਸਵੇਰ ਦਾ ਸੂਰਜ ਸਮਝ ਲਿਆ ਜਾਵੇ। ਇਹ ਸੋਹਣਾ ਹੋ ਸਕਦਾ ਹੈ, ਪਰ ਇਹ ਪੂਰਾ ਉਜਾਲਾ ਨਹੀਂ। ਇਸ ਲਈ 33 ਫ਼ੀਸਦੀ ਇੱਕ ਕਦਮ ਹੈ, ਪਰ ਮੰਜ਼ਿਲ ਨਹੀਂ।



**ਰਾਜਨੀਤੀ ਦੇ ਦਰਵਾਜ਼ੇ ਅਜੇ ਵੀ ਅਧੂਰੇ ਖੁੱਲ੍ਹੇ**

ਰਾਜਨੀਤੀ ਵਿੱਚ ਦਾਖਲਾ ਲੈਣਾ ਔਰਤਾਂ ਲਈ ਅਜੇ ਵੀ ਮੁਸ਼ਕਲ ਹੈ। ਚੋਣ ਪ੍ਰਣਾਲੀ ਵਿੱਚ ਪੈਸੇ ਦੀ ਵੱਡੀ ਭੂਮਿਕਾ, ਹਿੰਸਾ ਦਾ ਖ਼ਤਰਾ, ਪਾਰਟੀ ਟਿਕਟਾਂ ਦੀ ਅਸਪਸ਼ਟ ਵੰਡ, ਪਰਿਵਾਰਵਾਦ ਅਤੇ ਸਮਾਜਕ ਪੱਖਪਾਤ-ਇਹ ਸਾਰੇ ਤੱਤ ਔਰਤਾਂ ਲਈ ਰੁਕਾਵਟ ਬਣਦੇ ਹਨ। ਕਈ ਵਾਰ ਕਿਹਾ ਜਾਂਦਾ ਹੈ ਕਿ 'ਯੋਗ ਔਰਤਾਂ ਤਾਂ ਬਿਨਾ ਰਿਜ਼ਰਵੇਸ਼ਨ ਵੀ ਜਿੱਤ ਸਕਦੀਆਂ ਹਨ।' ਪਰ ਇਹ ਗੱਲ ਅਧੂਰੀ ਹੈ। ਜਦੋਂ ਮੈਦਾਨ ਹੀ ਬਰਾਬਰ ਨਹੀਂ, ਤਾਂ ਮੁਕਾਬਲਾ ਕਿਵੇਂ ਨਿਆਂ-ਯੋਗ ਹੋ ਸਕਦਾ ਹੈ? ਲੋਕਤੰਤਰ ਵਿੱਚ ਅਸਲ ਯੋਗਤਾ ਦੀ ਸ਼ੁਰੂਆਤ ਬਰਾਬਰ ਮੌਕੇ ਤੋਂ ਹੁੰਦੀ ਹੈ।

**ਨੁਮਾਇੰਦਗੀ ਦਾ ਅਸਲ ਮਤਲਬ**

ਔਰਤਾਂ ਦੀ ਹਾਜ਼ਰੀ ਸਿਰਫ਼ ਗਿਣਤੀ ਨਹੀਂ ਹੈ। ਇਹ ਉਨ੍ਹਾਂ ਦੇ ਤਜਰਬੇ ਨੂੰ ਕਾਨੂੰਨਾਂ ਅਤੇ ਨੀਤੀਆਂ ਵਿੱਚ ਲਿਆਉਣ ਦੀ ਗੱਲ ਹੈ। ਸਿਹਤ, ਸਿੱਖਿਆ, ਪਾਣੀ, ਸੁਰੱਖਿਆ, ਘਰੇਲੂ ਹਿੰਸਾ, ਮਜ਼ਦੂਰੀ ਵਿੱਚ ਅਸਮਾਨਤਾ- ਇਹ ਸਾਰੇ ਮਸਲੇ ਔਰਤਾਂ ਦੇ ਜੀਵਨ ਨਾਲ ਜੁੜੇ ਹਨ। ਜੇ ਉਹ ਸੱਤਾ ਵਿੱਚ ਨਹੀਂ ਹੋਣਗੀਆਂ, ਤਾਂ ਇਹ ਮਸਲੇ ਕਦੇ ਪੂਰੀ ਤਰ੍ਹਾਂ ਹੱਲ ਨਹੀਂ ਹੋਣਗੇ।

**ਅੱਧੀ ਹਿੱਸੇਦਾਰੀ- ਲੋਕਤੰਤਰ ਦੀ ਲਾਜ਼ਮੀ ਲੋੜ**

ਇਹ ਗੱਲ ਸਾਫ਼ ਹੈ ਕਿ ਔਰਤਾਂ ਲਈ 50 ਫ਼ੀਸਦੀ ਹਿੱਸੇਦਾਰੀ ਕੋਈ ਸਿਰਫ਼ ਭਾਵਨਾਤਮਕ ਮੰਗ ਨਹੀਂ। ਇਹ ਲੋਕਤੰਤਰ ਦੀ ਲਾਜ਼ਮੀ ਲੋੜ ਹੈ। ਅੱਧੀ ਆਬਾਦੀ ਨੂੰ ਇੱਕ-ਤਿਹਾਈ 'ਤੇ ਰੋਕਣਾ ਨਿਆਂ ਨਹੀਂ, ਸਗੋਂ ਅਨਿਆਂ ਹੈ। ਜੇ 'ਨਾਰੀ ਸ਼ਕਤੀ ਵੰਦਨ' ਦੀ ਗੱਲ ਕੀਤੀ ਜਾਂਦੀ ਹੈ, ਤਾਂ ਉਸਦਾ ਅਸਲ ਮਤਲਬ ਸਿਰਫ਼ ਸਤਿਕਾਰ ਨਹੀਂ, ਸਾਂਝੇਦਾਰੀ ਹੋਣਾ ਚਾਹੀਦਾ ਹੈ ਅਤੇ ਸਾਂਝੇਦਾਰੀ ਦਾ ਮਤਲਬ ਹੈ-ਬਰਾਬਰ ਹਿੱਸਾ।

**ਸਤਿਕਾਰ ਅਤੇ ਹੱਕ ਵਿੱਚ ਫ਼ਰਕ**

ਭਾਰਤੀ ਸਮਾਜ ਵਿੱਚ ਔਰਤਾਂ ਨੂੰ ਦੇਵੀ ਵਾਂਗ ਪੂਜਿਆ ਜਾਂਦਾ ਹੈ; ਪਰ ਸੱਤਾ ਵਿੱਚ ਉਨ੍ਹਾਂ ਦੀ ਹਿੱਸੇਦਾਰੀ ਘੱਟ ਰਹਿੰਦੀ ਹੈ। ਇਹ ਦੋਹਰਾ ਮਾਪਦੰਡ ਹੈ-ਸਤਿਕਾਰ ਦੇ ਨਾਮ 'ਤੇ ਹੱਕਾਂ ਤੋਂ ਵਾਂਝਾ ਰੱਖਣਾ। ਅਸਲ ਸਤਿਕਾਰ ਉਦੋਂ ਹੁੰਦਾ ਹੈ ਜਦੋਂ ਹੱਕ ਦਿੱਤੇ ਜਾਣ। ਇਹ ਵੀ ਸਮਝਣਾ ਜ਼ਰੂਰੀ ਹੈ ਕਿ ਸਾਰੀਆਂ ਔਰਤਾਂ ਇੱਕੋ ਵਰਗ ਦੀਆਂ ਨਹੀਂ ਹੁੰਦੀਆਂ। ਉਨ੍ਹਾਂ ਵਿੱਚ ਦਲਿਤ, ਆਦਿਵਾਸੀ, ਪੱਛੜੇ ਵਰਗਾਂ, ਘੱਟ-ਗਿਣਤੀ ਅਤੇ ਗਰੀਬ ਵਰਗਾਂ ਦੀਆਂ ਔਰਤਾਂ ਵੀ ਸ਼ਾਮਲ ਹਨ। ਇਸ ਲਈ ਹਿੱਸੇਦਾਰੀ ਵਿੱਚ ਇਹ ਵੱਖ-ਵੱਖ ਕੈਟਾਗਰੀ ਵੀ ਦਰਸਾਈ ਜਾਣੀ ਚਾਹੀਦੀ ਹੈ। ਅਸਲ ਨਿਆਂ ਉਹ ਹੈ, ਜੋ ਹਰ ਵਰਗ ਤੱਕ ਪਹੁੰਚੇ।

**ਉੱਪਰਲੇ ਸਦਨਾਂ ਵਿੱਚ ਵੀ ਬਦਲਾਅ ਦੀ ਲੋੜ**

ਲੋਕ ਸਭਾ ਦੇ ਨਾਲ-ਨਾਲ ਰਾਜ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਵੀ ਔਰਤਾਂ ਦੀ ਹਿੱਸੇਦਾਰੀ ਘੱਟ ਹੈ। ਇਹ ਸਦਨ ਜ਼ਿਆਦਾ ਸੋਚ-ਵਿਚਾਰ ਅਤੇ ਤਜਰਬੇ ਲਈ ਬਣੇ ਹਨ, ਪਰ ਇੱਥੇ ਵੀ ਪੁਰਸ਼ਾਂ ਦਾ ਬਹੁਮਤ ਹੈ। ਇਸ ਲਈ ਇੱਥੇ ਵੀ ਸਪਸ਼ਟ ਨੀਤੀਆਂ ਦੀ ਲੋੜ ਹੈ-ਜਿਵੇਂ ਟਿਕਟਾਂ ਵਿੱਚ ਕੋਟਾ ਜਾਂ ਸੰਵਿਧਾਨਕ ਪ੍ਰਬੰਧ।

**50 ਫ਼ੀਸਦੀ-ਸਹੀ ਸੰਤੁਲਨ**

ਕੁਝ ਲੋਕ 50 ਫ਼ੀਸਦੀ ਦੀ ਮੰਗ ਨੂੰ ਅਤਿਵਾਦ ਕਹਿੰਦੇ ਹਨ, ਪਰ ਇਹ ਸਿਰਫ਼ ਆਬਾਦੀ ਦੇ ਅਨੁਪਾਤ ਦੀ ਗੱਲ ਹੈ। ਅਸਲ ਅਤਿਵਾਦ ਤਾਂ ਇਹ ਹੈ ਕਿ ਔਰਤਾਂ ਵੱਡਾ ਭਾਰ ਝੱਲਣ, ਪਰ ਸੱਤਾ ਵਿੱਚ ਘੱਟ ਹਿੱਸਾ ਲੈਣ।

**ਅੱਗੇ ਦੀ ਦਿਸ਼ਾ-ਕੀ ਕੀਤਾ ਜਾ ਸਕਦਾ ਹੈ?**

ਇਸ ਮਸਲੇ ਦਾ ਹੱਲ ਸਿਰਫ਼ ਕਾਨੂੰਨ ਬਣਾਉਣ ਨਾਲ ਨਹੀਂ ਆਵੇਗਾ। ਕੁਝ ਹੋਰ ਕਦਮ ਵੀ ਲਾਜ਼ਮੀ ਹਨ: ਰਾਜਨੀਤਿਕ ਪਾਰਟੀਆਂ ਵਿੱਚ ਔਰਤਾਂ ਨੂੰ ਵਧੇਰੇ ਟਿਕਟ ਦੇਣਾ ; ਚੋਣ ਖਰਚੇ ਵਿੱਚ ਸਹਾਇਤਾ; ਸੁਰੱਖਿਆ ਅਤੇ ਸਿਖਲਾਈ ਦੇ ਪ੍ਰਬੰਧ ਅਤੇ ਪਾਰਟੀ ਅੰਦਰ ਲੋਕਤੰਤਰ ਨੂੰ ਮਜਬੂਤ ਕਰਨਾ। ਇਸ ਤੋਂ ਇਲਾਵਾ ਸਕੂਲਾਂ ਅਤੇ ਕਾਲਜਾਂ ਵਿੱਚ ਰਾਜਨੀਤਿਕ ਸਿੱਖਿਆ ਨੂੰ ਵਧਾਉਣਾ ਵੀ ਜ਼ਰੂਰੀ ਹੈ, ਤਾਂ ਜੋ ਨਵੀਂ ਪੀੜ੍ਹੀ ਦੀਆਂ ਕੁੜੀਆਂ ਰਾਜਨੀਤੀ ਵਿੱਚ ਆਉਣ ਲਈ ਤਿਆਰ ਹੋਣ।

ਮੀਡੀਆ ਦੀ ਭੂਮਿਕਾ ਵੀ ਇੱਥੇ ਮਹੱਤਵਪੂਰਨ ਹੈ। ਮੀਡੀਆ ਨੂੰ ਔਰਤਾਂ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਖ਼ਿਲਾਫ਼ ਨਕਾਰਾਤਮਕ ਧਾਰਨਾਵਾਂ ਨੂੰ ਤੋੜਨਾ ਚਾਹੀਦਾ ਹੈ।

**ਸਮਾਜਕ ਸੋਚ ਵਿੱਚ ਬਦਲਾਅ ਵੀ ਲਾਜ਼ਮੀ**

ਸਿਰਫ਼ ਕਾਨੂੰਨ ਬਦਲਣ ਨਾਲ ਸਭ ਕੁਝ ਨਹੀਂ ਬਦਲਦਾ। ਜਦੋਂ ਤੱਕ ਸਮਾਜ ਦੀ ਸੋਚ ਨਹੀਂ ਬਦਲੇਗੀ, ਤਦ ਤੱਕ ਅਸਲ ਬਰਾਬਰੀ ਨਹੀਂ ਆਵੇਗੀ। ਘਰ ਤੋਂ ਲੈ ਕੇ ਸਕੂਲ ਤੱਕ-ਹਰ ਥਾਂ ਕੁੜੀਆਂ ਨੂੰ ਆਤਮਵਿਸ਼ਵਾਸ ਅਤੇ ਲੀਡਰਸ਼ਿਪ ਦੇ ਮੌਕੇ ਮਿਲਣੇ ਚਾਹੀਦੇ ਹਨ।

ਮਾਪਿਆਂ ਨੂੰ ਵੀ ਇਹ ਸਮਝਣਾ ਹੋਵੇਗਾ ਕਿ ਧੀਆਂ ਸਿਰਫ਼ ਘਰ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਮਾਜ ਅਤੇ ਦੇਸ਼ ਦੀਆਂ ਆਗੂ ਵੀ ਬਣ ਸਕਦੀਆਂ ਹਨ। ਜਦੋਂ ਛੋਟੀ ਉਮਰ ਤੋਂ ਹੀ ਕੁੜੀਆਂ ਨੂੰ ਫੈਸਲੇ ਲੈਣ ਅਤੇ ਆਪਣੀ ਗੱਲ ਰੱਖਣ ਦੀ ਆਦਤ ਪਵੇਗੀ, ਤਦ ਹੀ ਉਹ ਵੱਡੇ ਪੱਧਰ 'ਤੇ ਸੱਤਾ ਵਿੱਚ ਉਹ ਆਪਣੀ ਜਗ੍ਹਾ ਬਣਾ ਸਕਣਗੀਆਂ।

ਭਾਰਤੀ ਰਾਜਨੀਤੀ ਨੂੰ ਹੁਣ ਇਹ ਫੈਸਲਾ ਕਰਨਾ ਪਵੇਗਾ ਕਿ ਉਹ ਔਰਤ ਨੂੰ ਕੀ ਮੰਨਦੀ ਹੈ-ਸਿਰਫ਼ ਦਰਸ਼ਕ ਜਾਂ ਫੈਸਲੇ ਲੈਣ ਵਾਲੀ ਵੀ? 33 ਫ਼ੀਸਦੀ ਇੱਕ ਪੌੜੀ ਹੋ ਸਕਦੀ ਹੈ, ਪਰ ਇਹ ਅੰਤ ਨਹੀਂ। ਅਸਲ ਮੰਜ਼ਿਲ 50 ਫ਼ੀਸਦੀ ਹੈ। ਕਿਉਂਕਿ ਲੋਕਤੰਤਰ ਵਿੱਚ ਔਰਤਾਂ ਨੂੰ ਘੱਟ ਹਿੱਸੇਦਾਰੀ ਦੇਣਾ ਸਿਰਫ਼ ਔਰਤਾਂ ਨਾਲ ਅਨਿਆਂ ਨਹੀਂ, ਸਗੋਂ ਪੂਰੇ ਲੋਕ ਰਾਜ ਨਾਲ ਅਨਿਆਂ ਹੈ। ਜੇ ਲੋਕ ਰਾਜ ਆਪਣੀ ਅੱਧੀ ਆਬਾਦੀ ਨੂੰ ਪਿੱਛੇ ਰੱਖਦਾ ਹੈ, ਤਾਂ ਉਹ ਕਦੇ ਵੀ ਪੂਰਾ ਲੋਕਤੰਤਰ ਨਹੀਂ ਬਣ ਸਕਦਾ। ਅਸਲ ਲੋਕਤੰਤਰ ਉਹੀ ਹੈ, ਜਿੱਥੇ ਹਰ ਆਵਾਜ਼ ਨੂੰ ਬਰਾਬਰ ਮਹੱਤਵ ਮਿਲੇ ਤੇ ਔਰਤਾਂ ਦੀ ਆਵਾਜ਼ ਉਸਦਾ ਅੱਧਾ ਹਿੱਸਾ ਹੈ।

## ਟਰੰਪ ਦਾ ਪੋਪ ਨਾਲ ਪੰਗਾ: ਅਮਰੀਕੀ ਰਾਸ਼ਟਰਪਤੀ ਨੇ ਈਸਾ ਮਸੀਹ ਦਾ ਸਵਾਂਗ ਰਚਿਆ

# ਜੰਗ ਬਾਰੇ ਈਸਾਈ ਧਰਮ ਦੇ ਸੰਕਲਪਾਂ 'ਤੇ ਬਹਿਸ ਛਿੜੀ

**ਜਸਵੀਰ ਸਿੰਘ ਸ਼ੀਰੀ**

ਜਦੋਂ ਬਹੁਤੀ ਸਿੱਖ ਲੀਡਰਸ਼ਿਪ ਅਮਰੀਕੀ ਸਦਰ ਡੋਨਾਲਡ ਟਰੰਪ ਅਤੇ ਇਜ਼ਰਾਇਲ ਵੱਲੋਂ ਇਰਾਨ ਖਿਲਾਫ ਛੇੜੀ ਜੰਗ ਬਾਰੇ ਚੁੱਪ ਹੈ ਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਤੁੱਛ ਜਿਹੇ ਸਿਆਸੀ ਮਸਲਿਆਂ ਤੋਂ ਵਿਹਲ ਨਹੀਂ, ਤਾਂ ਸੰਸਾਰ ਇਸ ਸਵਾਲ ਨਾਲ ਖਹਿਬੜ ਰਿਹਾ ਹੈ ਕਿ ਇਹ ਦੌਰ ਜੰਗ ਕਰਨ ਦਾ ਹੈ ਜਾਂ ਦੁਨੀਆਂ ਦੇ ਕੁੱਲ ਧਾਰਮਿਕ/ਕੌਮੀ ਭਾਈਚਾਰਿਆਂ ਨੂੰ ਇੱਕ ਅਨੰਤ ਵੰਨ-ਸਵੰਨਤਾ ਵਿੱਚ ਜੋੜਨ ਵਾਲੀ ਰਾਜਨੀਤੀ ਨੂੰ ਉਸਾਰਨ ਦਾ!

ਸੰਕਲਪ ਦੀ ਪੱਧਰ 'ਤੇ ਇਸ ਮਾਮਲੇ ਵਿੱਚ ਸਿੱਖ ਪੱਖ ਬੇਹੱਦ ਮਜਬੂਤ ਹੈ, ਪਰ ਇਸ ਨੂੰ ਅਮਲ ਵਿੱਚ ਲਿਆਉਣ ਲਈ ਸਮਾਂ ਸਿੱਖ ਲੀਡਰਸ਼ੱਪ ਅਤੇ ਬੁੱਧੀਮਾਨਾਂ ਦੀ ਉਡੀਕ ਨਹੀਂ ਕਰ ਰਿਹਾ। ਪੋਪ ਵੈਟੀਕਨ ਇਸ ਮਾਮਲੇ ਵਿੱਚ ਪਹਿਲ ਕਦਮੀ ਕਰਦੇ ਵਿਖਾਈ ਦੇ ਰਹੇ ਹਨ।

ਬੀਤੇ ਹਫਤੇ ਇੱਕ ਸਮਾਗਮ ਵਿੱਚ ਵੈਟੀਕਨ ਕੈਥੋਲਿਕ ਚਰਚ ਦੇ ਮੁਖੀ ਪੋਪ ਲੀਉ ਪੰਦਰਵੇਂ ਨੇ ਇਜ਼ਰਾਇਲ ਅਤੇ ਅਮਰੀਕਾ ਵੱਲੋਂ ਇਰਾਨ 'ਤੇ ਮੜ੍ਹੀ ਜੰਗ ਦਾ ਵਿਰੋਧ ਕਰਦਿਆਂ ਕਿਹਾ ਕਿ ਰੱਬ ਉਨ੍ਹਾਂ ਆਗੂਆਂ ਦੀ ਅਰਦਾਸ (ਪਰੇਅਰ) ਸਵੀਕਾਰ ਨਹੀਂ ਕਰਦਾ, ਜਿਹੜੇ ਜੰਗਾਂ ਛੇੜਦੇ ਹਨ ਅਤੇ ਸਧਾਰਨ ਲੋਕਾਂ ਦਾ ਕਤਲੇਆਮ ਕਰਦੇ ਹਨ। ਯਾਦ ਰਹੇ, ਇਹ ਪਹਿਲਾ ਅਮਰੀਕੀ ਪੋਪ ਹੈ, ਜੋ ਵੈਟੀਕਨ ਕੈਥੋਲਿਕ ਚਰਚ ਦਾ ਮੁਖੀ ਬਣਿਆ ਹੈ। ਉਨ੍ਹਾਂ ਤੋਂ ਪਹਿਲੇ ਵੈਟੀਕਨ ਮੁਖੀ ਪੋਪ ਫਰਾਂਸਿਸ ਅਰਜਨਟੀਨਾ ਮੂਲ ਦੇ ਸਨ। ਉਨ੍ਹਾਂ ਵੱਲੋਂ ਗਰੀਬ-ਗੁਰਬੇ ਤੇ ਤੀਜੀ ਦੁਨੀਆਂ ਦੇ ਮੁਲਕਾਂ ਦੇ ਹੱਕ ਵਿੱਚ ਬਹੁਤ ਕੁਝ ਕਿਹਾ/ਬੋਲਿਆ ਜਾਂਦਾ ਰਿਹਾ ਹੈ। ਪੋਪ ਫਰਾਂਸਿਸ ਦੇ ਚਲਾਣੇ ਤੋਂ ਬਾਅਦ ਜਦੋਂ ਮੌਜੂਦਾ ਪੋਪ ਵੈਟੀਕਨ ਦੇ ਮੁਖੀ ਬਣੇ ਤਾਂ ਕਿਸੇ ਨੂੰ ਆਸ ਨਹੀਂ ਸੀ ਕਿ ਉਹ ਸੰਸਾਰ ਸਿਆਸਤ ਅਤੇ ਮਨੁੱਖੀ ਦੁੱਖ ਦਰਦ ਦੇ ਮਸਲਿਆਂ 'ਤੇ ਇੰਨੇ ਮੁਖਰ ਹੋ ਕੇ ਬੋਲਣਗੇ; ਪਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਜ਼ਰਾਇਲ ਦੀਆਂ ਸੰਸਾਰ ਨੂੰ ਅਸਥਿਰ ਕਰਨ ਵਾਲੀਆਂ ਨੀਤੀਆਂ ਨੇ ਇੱਕ ਖਾਮੋਸ਼ ਤਬੀਅਤ ਪੋਪ ਨੂੰ ਵੀ ਸਮਕਾਲੀ ਰਾਜਨੀਤੀ ਵਿੱਚ ਦਖਲ ਦੇਣ ਲਈ ਮਜਬੂਰ ਕਰ ਦਿੱਤਾ ਹੈ।

ਇਸ ਮਸਲੇ 'ਤੇ ਇੱਕ ਵੱਡੀ ਬਹਿਸ ਛਿੜ ਗਈ ਹੈ ਕਿ ਈਸਾਈ ਥੀਓਔਲੋਜੀ ਵਿੱਚ ਜਾਇਜ਼ ਜੰਗ (ਜਸਟ ਵਾਰ) ਦਾ ਕੀ ਮਤਲਬ ਹੈ! ਇਹ ਵੀ ਕਿ ਕੀ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ 'ਤੇ ਮੜ੍ਹੀ ਮੌਜੂਦਾ ਜੰਗ ਜਾਇਜ਼ ਹੈ ਜਾਂ ਨਾਜਾਇਜ਼! ਅਮਰੀਕਾ ਦੇ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਵੀ ਕੈਥੋਲਿਕ ਈਸਾਈ ਭਾਈਚਾਰੇ ਨਾਲ ਸੰਬੰਧਤ ਹਨ ਅਤੇ ਉਨ੍ਹਾਂ ਨੇ ਪੋਪ ਲੀਓ ਨੂੰ ਨਸੀਹਤ ਕੀਤੀ ਹੈ ਕਿ ਈਸਾਈ ਥਿਓਔਲੋਜੀ ਵਿੱਚ ਜਾਇਜ਼ ਜੰਗ ਦਾ ਸੰਕਲਪ ਬਾਕਾਇਦਾ ਮੌਜੂਦ ਹੈ ਅਤੇ ਪੋਪ ਵੈਟੀਕਨ ਇਸ ਮਸਲੇ 'ਤੇ ਸੋਚ-ਵਿਚਾਰ ਕੇ ਹੀ ਕੁਝ ਕਹਿਣ।

ਮਰਹੂਮ ਪੋਪ ਫਰਾਂਸਿਸ ਦਾ ਉਂਝ ਰੂਸ-ਯੂਕਰੇਨ ਜੰਗ 'ਤੇ ਉਹ ਸਟੈਂਡ ਕਾਫੀ ਵਿਵਾਦ ਪੂਰਨ ਹੋ ਗਿਆ ਸੀ, ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਇਸ ਜੰਗ ਨੂੰ ਰੋਕਣ ਲਈ ਯੂਕਰੇਨ ਨੂੰ ਅਮਨ ਲਈ ਪਹਿਲ ਕਦਮੀ ਕਰਨੀ ਚਾਹੀਦੀ ਅਤੇ ਜੰਗ ਦੇ ਮੈਦਾਨ 'ਚ ਚਿੱਟਾ ਝੰਡਾ ਲਹਿਰਾ ਕੇ ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਪਰ ਯੂਕਰੇਨ ਦੀ ਲੀਡਰਸ਼ਿੱਪ ਖਾਸ ਕਰਕੇ ਸਦਰ ਵਲਾਦੀਮੀਰ ਜੇਲੰਸਕੀ ਵੱਲੋਂ ਉਨ੍ਹਾਂ ਦੀ ਕਾਫੀ ਆਲੋਚਨਾ ਹੋਈ ਸੀ। ਸਦਰ ਜੇਲੰਸਕੀ ਨੇ ਕਿਹਾ ਸੀ ਕਿ ਰੂਸ ਨੇ ਯੂਕਰੇਨ 'ਤੇ ਹਮਲੇ ਦੀ ਪਹਿਲ ਕੀਤੀ ਹੈ, ਇਸ ਲਈ ਸ਼ਾਂਤੀ ਲਈ ਪਹਿਲ ਕਦਮੀ ਰੂਸ ਨੂੰ ਯੂਕਰੇਨ ਦੇ ਇਲਾਕਿਆਂ 'ਤੋਂ ਕਬਜ਼ਾ ਛੱਡ ਕੇ ਕਰਨੀ ਚਾਹੀਦੀ ਹੈ।

ਇਨ੍ਹੀਂ ਦਿਨੀਂ ਪੋਪ ਲੀਓ ਪੰਦਰਵੇਂ ਅਫਰੀਕਾ ਦੇ ਦੌਰੇ 'ਤੇ ਸਨ। ਉਨ੍ਹਾਂ ਪਿਛਲੇ ਹਫਤੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ, "ਰੱਬ ਜੰਗਾਂ/ਕਲੇਸ਼ਾਂ 'ਤੇ ਆਪਣੀ ਮਿਹਰ ਨਹੀਂ ਕਰਦਾ। ਉਨ੍ਹਾਂ ਦੀ ਅਰਦਾਸ ਨਹੀਂ ਸੁਣਦਾ, ਜਿਹੜੇ ਜੰਗਾਂ ਛੇੜਦੇ ਹਨ (ਗੌਡ ਡਜ਼ ਨੌਟ ਬਲੈਸ ਐਨੀ ਕਨਫਲਿਕਟ, ਡਜ਼ ਨੌਟ ਹੀਅਰ ਦ ਪਰੇਅਰ ਆਫ ਦੋਜ਼ ਵੇਜ਼ ਵਾਰ)।" ਅਫਰੀਕਾ ਦੇ ਛੋਟੇ ਜਿਹੇ ਮੁਲਕ ਕੈਮਰੂਨ ਤੋਂ ਵਿਦਾ ਹੋਣ ਤੋਂ ਬਾਅਦ ਉਨ੍ਹਾਂ ਹਵਾਈ ਸਫਰ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਬਹਿਸ ਵਿੱਚ ਨਹੀਂ ਪੈਣਾ ਚਾਹੁੰਦੇ, ਪਰ ਦੁਨੀਆਂ ਵਿੱਚ ਅੱਜ ਬਹੁਤ ਜ਼ਿਆਦਾ ਲੋਕ ਜੰਗਾਂ ਦੀ ਮਾਰ ਝੱਲ ਰਹੇ ਹਨ।



ਵੈਟੀਕਨ ਕੈਥੋਲਿਕ ਚਰਚ ਦੇ ਮੁਖੀ ਪੋਪ ਲੀਉ ਅਤੇ ਡੋਨਾਲਡ ਟਰੰਪ

ਬਹੁਤ ਸਾਰੇ ਨਿਰਦੋਸ਼ ਮਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਕਿਸੇ ਨੂੰ ਤੇ ਖੜ੍ਹਾ ਹੋ ਕੇ ਇਹ ਸੁਨੇਹਾ ਦੇਣ ਹੀ ਪਏਗਾ ਕਿ, "ਇਹ ਸਭ ਕੁਝ ਇਸ ਤੋਂ ਬਿਹਤਰ ਤਰੀਕੇ ਨਾਲ ਵੀ ਕੀਤਾ ਜਾ ਸਕਦਾ ਹੈ।" ਪੋਪ ਨੇ ਕਿਹਾ, "ਮੈਨੂੰ ਟਰੰਪ ਪ੍ਰਸ਼ਾਸਨ ਦਾ ਕੋਈ ਭੈਅ ਨਹੀਂ ਹੈ। ਮੈਂ ਧਰਮ ਦਾ ਸੁਨੇਹਾ ਉੱਚੀ ਆਵਾਜ਼ ਵਿੱਚ ਦੇਣਾ ਹੈ। ਮੇਰਾ ਵਿਸ਼ਵਾਸ ਹੈ ਕਿ ਇਹੋ ਕਰਨਾ ਮੇਰੀ ਜ਼ਿੰਮੇਵਾਰੀ ਹੈ।"

ਧਿਆਨ ਰਹੇ ਕਿ ਕੁਝ ਦਿਨ ਪਹਿਲਾਂ ਜਦੋਂ ਪੋਪ ਨੇ ਜੰਗ ਛੇੜਨ ਖਿਲਾਫ ਆਪਣਾ ਬਿਆਨ ਦਿੱਤਾ ਸੀ ਤਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉੱਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਨਾ ਸਿਰਫ ਟਵਿੱਟਰ ਉੱਤੇ ਪੋਪ ਦੀ ਆਲੋਚਨਾ ਕੀਤੀ, ਸਗੋਂ ਟਰੰਪ ਦਾ ਜੀਸਸ ਕਰਾਈਸਟ ਦੇ ਰੂਪ ਵਿੱਚ ਬਣਿਆ ਇੱਕ ਅਰਟੀਫੀਸ਼ੀਅਲ ਸਵਾਂਗ (ਇਮੇਜ) ਵੀ ਪੋਸਟ ਕਰ ਦਿੱਤਾ ਸੀ। ਇਸ ਫੋਟੋ ਦੀ ਜਦੋਂ ਜ਼ੋਰਦਾਰ ਆਲੋਚਨਾ ਹੋਣ ਲੱਗੀ ਤਾਂ ਘੰਟੇ ਕੁ ਬਾਅਦ ਹੀ ਇਸ ਨੂੰ ਨੈਟ ਤੋਂ ਡਿਲੀਟ ਕਰ ਦਿੱਤਾ ਗਿਆ। ਇਹ ਬਿਲਕੁਲ ਉਸੇ ਕਿਸਮ ਦੀ ਹਰਕਤ ਸੀ, ਜਿਸ ਤਰ੍ਹਾਂ ਦੀ ਸਰਸੇ ਵਾਲੇ ਸਾਧ ਨੇ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚ ਕੇ ਕੀਤੀ ਸੀ। ਇਸ ਨਾਲ ਟਰੰਪ ਦੇ ਹਮਾਇਤੀ ਕੈਥੋਲਿਕ ਅਤੇ ਇਵੈਂਜਲਿਕ ਈਸਾਈਆਂ ਵਿੱਚ ਉਨ੍ਹਾਂ ਦੀ ਲੋਕਪ੍ਰਿਅਤਾ ਡਿੱਗਣ ਲੱਗ ਪਈ ਹੈ। ਇਸ ਨੂੰ ਵੇਖਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ, "ਮੇਰੇ ਅਤੇ ਪੋਪ ਲੀਓ ਵਿਚਕਾਰ ਮੱਤਭੇਦ ਹਨ ਤੇ ਗੱਲ ਬੱਸ ਇੱਥੇ ਖਤਮ ਹੋ ਜਾਂਦੀ ਹੈ।"

ਆਪਣੀ ਕੈਮਰੂਨ ਫੇਰੀ ਦੌਰਾਨ ਪੋਪ ਲੀਓ ਨੇ ਰਾਜਨੀਤਿਕ ਆਗੂਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਕੁਝ ਜ਼ਾਲਮ (ਟੇਰੈਂਟ) ਕਿਸਮ ਦੇ ਲੋਕ ਜੰਗਾਂ 'ਤੇ ਅਰਬਾਂ ਡਾਲਰ ਖਰਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੰਸਾਰ ਨੂੰ ਕੁਝ ਕੁ ਤਾਨਾਸ਼ਾਹਾਂ ਵੱਲੋਂ ਉਜਾੜਿਆ ਜਾ ਰਿਹਾ ਹੈ; ਜਦਕਿ ਮਨੁੱਖਤਾ ਦਾ ਵੱਡਾ ਹਿੱਸਾ ਬਿਮਾਰੀਆਂ ਦੇ ਇਲਾਜ, ਸਿੱਖਿਆ ਅਤੇ ਖੁਸ਼ਹਾਲ ਜ਼ਿੰਦਗੀ ਲਈ ਤਰਸ ਰਿਹਾ ਹੈ। ਪੋਪ ਲੀਓ ਤੋਂ ਬਾਅਦ ਅਮਰੀਕੀ ਕੈਥੋਲਿਕ ਚਰਚ ਦੇ ਆਗੂ ਪੋਇੰਟਿਫ ਨੇ ਵੀ ਲਿਓ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਕੁਝ ਚਲਾਕ ਆਗੂ ਰੱਬ ਦੇ ਨਾਂ 'ਤੇ ਨਫਰਤ ਫੈਲਾਉਂਦੇ ਹਨ ਅਤੇ ਆਪ ਉਸ ਵਿੱਚੋਂ ਕਮਾਈ ਕਰਦੇ ਹਨ। ਪੋਪ ਲੀਓ ਨੇ ਟਰੰਪ ਵੱਲੋਂ ਇਰਾਨ ਖਿਲਾਫ ਜਾਰੀ ਕੀਤੇ ਗਏ ਉਸ ਬਿਆਨ ਦੀ ਵੀ ਸਖਤ ਆਲੋਚਨਾ ਕੀਤੀ ਹੈ, ਜਿਸ ਵਿੱਚ ਇਰਾਨ ਦੀ ਮੁਕੰਮਲ ਸੱਭਿਅਤਾ ਦਾ ਖਾਤਮਾ ਕਰਨ ਦੀ ਧਮਕੀ ਦਿੱਤੀ ਗਈ ਹੈ।

ਪੋਪ ਲੀਓ ਪੰਦਰਵੇਂ ਨੇ ਪਿਛਲੇ ਸਾਲ ਆਪਣਾ ਅਹੁਦਾ ਸੰਭਾਲਿਆ ਸੀ ਅਤੇ ਉਨ੍ਹਾਂ ਅਮਰੀਕੀ ਸਦਰ ਡੋਨਾਲਡ ਟਰੰਪ ਦੇ ਪ੍ਰਸ਼ਾਸਨਿਕ ਵਤੀਰੇ ਅਤੇ ਉਸ ਦੀ ਪਰਵਾਸ ਅਤੇ ਪਰਵਾਸੀਆਂ ਸੰਬੰਧੀ ਪਹੁੰਚ ਦੀ ਆਲੋਚਨਾ ਕੀਤੀ ਸੀ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਟਰੁੱਥ ਸੋਸ਼ਲ 'ਤੇ ਲਿਖਿਆ ਕਿ ਪੋਪ ਨੂੰ ਆਪਣੇ ਖੇਤਰ ਦਾ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਇੱਥੋਂ ਤੱਕ ਕਹਿ ਦਿੱਤਾ ਕਿ ਲੀਓ ਦੀ ਪੋਪ ਵਜੋਂ ਚੋਣ ਉਨ੍ਹਾਂ ਦੇ ਰਾਸ਼ਟਰਪਤੀ ਦਾ ਅਹੁਦਾ ਹਾਸਲ ਕਰਨ ਤੋਂ ਬਾਅਦ ਹੀ ਹੋਈ ਹੈ, 'ਉਨ੍ਹਾਂ ਨੂੰ ਇਸ ਗੱਲ ਦਾ ਵੀ ਧਿਆਨ ਰੱਖਣ ਦੀ ਲੋੜ ਹੈ।'

ਪੋਪ ਲੀਓ ਪੰਦਰਵੇਂ ਨੇ ਕੈਮਰੂਨ ਵਿੱਚ ਚੱਲ ਰਹੀ ਸਿਵਲ ਵਾਰ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਰਬਾਂ ਡਾਲਰ ਕਤਲਾਂ ਅਤੇ ਤਬਾਹੀ 'ਤੇ ਖਰਚ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕਿਸਮ ਦੀ ਵਿਰਾਸਤ, ਜਾਇਦਾਦ ਤਬਾਹ ਕੀਤੀ ਜਾ ਰਹੀ ਹੈ, ਜਿਸ ਨੂੰ ਬਣਾਉਣ ਲਈ ਉਮਰਾਂ ਲੱਗ ਜਾਂਦੀਆਂ ਹਨ। ਇੱਥੇ ਜ਼ਿਕਰਯੋਗ ਹੈ ਕਿ ਕੈਮਰੂਨ ਵਿੱਚ ਦੋ ਐਂਗਲੋਫੋਨ ਨਸਲੀ ਗਰੁੱਪ ਫਰੈਂਕੋਫੋਨ ਸਰਕਾਰ ਖਿਲਾਫ ਜੰਗ ਛੇੜੀ ਬੈਠੇ ਹਨ। ਪੋਪ ਨੇ ਕਿਹਾ ਕਿ ਆਲੋਚਨਾ ਦੇ ਬਾਵਜੂਦ ਉਹ ਸ਼ਾਂਤੀ ਲਈ ਯਤਨ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਸ਼ਾਂਤੀ ਅਸਾਂ ਕਿਧਰੋਂ ਤਲਾਸ਼ ਕੇ ਨਹੀਂ ਲਿਆਉਣੀ। ਸਿਰਫ ਆਪਣੇ ਗੁਆਂਢੀਆਂ ਨੂੰ ਭੈਣ ਭਰਾਵਾਂ ਵਜੋਂ ਸਵੀਕਾਰ ਕਰਨਾ ਹੈ।

ਅਸਲ ਵਿੱਚ ਇਰਾਨ ਵਿੱਚ ਛਿੜੀ ਜੰਗ ਨੇ ਪੋਪ ਅਤੇ ਟਰੰਪ ਨੂੰ ਦੋ ਵਿਰੋਧੀ ਸਿਰਿਆਂ 'ਤੇ ਖੜ੍ਹਾ ਕਰ ਦਿੱਤਾ ਹੈ। ਯਾਦ ਰਹੇ, ਇਰਾਨ ਉੱਤੇ ਪਹਿਲੇ ਹਮਲੇ ਤੋਂ ਬਾਅਦ ਅਮਰੀਕੀ ਵਿਦੇਸ਼ ਸਕੱਤਰ ਪੀਟ ਹੇਗਸਟ ਨੇ ਪੈਂਟਾਗਨ ਪਰੇਅਰ ਸਰਵਿਸ ਵਿਖੇ ਬਹੁਤ ਹੀ ਰੌਲੇ ਹੱਥੀ ਅਰਦਾਸ ਕੀਤੀ ਸੀ। ਜਿਸ ਵਿੱਚ ਖੁਲ੍ਹੀ ਅਤੇ ਇਨਸਾਫ ਹੀਣ ਹਿੰਸਾ ਦੀ ਪਛਤਾਵਾ ਰਹਿਤ ਵਰਤੋਂ ਕਰਨ ਦੀ ਗੱਲ ਕਹੀ ਗਈ ਸੀ। ਸੇਂਟ ਪੀਟਰਜ਼ ਸਕੁਏਅਰ ਵਿੱਚ ਬੋਲਦਿਆਂ ਪੋਪ ਲੀਓ ਨੇ ਦੁਹਰਾਇਆ ਕਿ ਇਰਾਨ ਅਮਰੀਕਾ ਅਤੇ ਇਜ਼ਰਾਇਲ ਵਿਚਕਾਰ ਜੰਗ ਬੇਹਦ ਜ਼ਾਲਮ ਹੈ। ਇਸ ਜੰਗ ਨੂੰ ਜਾਇਜ਼ ਠਹਿਰਾਉਣ ਲਈ ਜੀਸਸ ਦੀ ਵਰਤੋਂ ਨਹੀਂ ਕੀਤੀ ਜਾ ਰਹੀ ਹੈ। ਇਸ ਜੰਗ ਦਰਮਿਆਨ ਕ੍ਰਿਸਚੀਅਨ ਥੀਓਔਲੋਜੀ ਦੇ ਇੱਕ ਸੰਕਲਪ, 'ਜਸਟ ਵਾਰ' (ਧਰਮ ਯੁੱਧ) 'ਤੇ ਵੀ ਬਹਿਸ ਤੁਰ ਪਈ ਹੈ। ਇਹ ਸੰਕਲਪ ਈਸਾਈ ਸੰਤ ਅਗਸਟੀਨ ਨੇ ਘੜਿਆ ਸੀ ਅਤੇ ਅਲਜੀਰੀਆ ਵਿੱਚ ਉਨ੍ਹਾਂ ਦੇ ਜਨਮ ਸਥਾਨ 'ਤੇ ਇੱਕ ਸ਼ਾਨਦਾਰ ਮਸਜਿਦ ਬਣੀ ਹੋਈ ਹੈ। ਪੋਪ ਲੀਓ ਪੰਦਰਵੇਂ ਨੇ ਕਿਹਾ ਕਿ ਇਹ ਸਹਿਣਸ਼ੀਲਤਾ ਅਤੇ ਮਿਲ-ਜੁਲ ਕੇ ਰਹਿਣ ਦਾ ਇੱਕ ਮਾਡਲ ਹੈ। ਭਵਿੱਖ ਵਿੱਚ ਜੰਗਾਂ ਦੇ ਖਾਤਮੇ ਲਈ ਸਾਨੂੰ ਵੱਖ-ਵੱਖ ਜੀਵਨ ਸ਼ੈਲੀਆਂ, ਪੂਜਾ ਵਿਧੀਆਂ ਦੇ ਬਾਵਜੂਦ ਆਪਸ ਵਿੱਚ ਮਿਲ-ਜੁਲ ਕੇ ਰਹਿਣ ਦਾ ਵੱਲ ਸਿੱਖਣਾ ਹੋਏਗਾ।

# ਪੈਲਾਟਾਈਨ ਗੁਰੂਘਰ 'ਚ ਸੰਗਤ ਨੇ ਵਿਸਾਖੀ ਉਤਸ਼ਾਹ ਨਾਲ ਮਨਾਈ

ਟਰੱਕਰ ਭਾਈਚਾਰੇ ਵੱਲੋਂ ਸੰਗਤ ਦੇ ਸਹਿਯੋਗ ਨਾਲ ਰਲ-ਮਿਲ ਕੇ ਕੀਤੀਆਂ ਗਈਆਂ। ਵਿਸਾਖੀ ਮੌਕੇ ਸੰਗਤਾਂ ਦੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਪਹਿਲਾਂ ਹੀ ਉਚੇਚੇ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ ਗਏ ਸਨ। ਟਰੱਕ ਡਰਾਈਵਰਜ਼ ਯੂਨੀਅਨ ਦੇ ਨੁਮਾਇੰਦਿਆਂ ਨੇ ਪਹਿਲਾਂ ਹੀ ਮੀਟਿੰਗ ਦੌਰਾਨ ਰਸਦ-ਪਾਣੀ ਸਬੰਧੀ ਵਿਚਾਰ ਵਟਾਂਦਰਾ ਕਰਕੇ ਸੂਚੀ ਮੁਤਾਬਕ ਸੇਵਾਵਾਂ ਆਰੰਭ ਦਿੱਤੀਆਂ ਸਨ। ਸੋ, ਸਮਾਗਮ ਵਾਲੇ ਦਿਨ ਸੰਗਤ ਦੀ ਸੇਵਾ ਲਈ ਭਾਂਤ-ਸੁਭਾਂਤੇ ਪਕਵਾਨ ਤਿਆਰ-ਬਰ-ਤਿਆਰ ਤੇ ਤਾਜ਼ਾ-ਤਾਜ਼ਾ ਵਰਤਾਏ ਜਾ ਰਹੇ ਸਨ। ਵਿਸਾਖੀ ਦੀ ਖੁਸ਼ੀ ਦੇ ਮੱਦੇਨਜ਼ਰ ਸੰਗਤ ਨੂੰ ਮਿੱਠਾ ਵਰਤਾਏ ਜਾਣ ਲਈ ਗੁਰੂਘਰ ਦੀ ਰਸੋਈ ਵਿੱਚ ਬੇਸਣ ਬਰਫੀ ਤਿਆਰ ਕੀਤੀ ਗਈ। ਇਸ ਤੋਂ ਇਲਾਵਾ ਵਿਸਾਖੀ ਵਾਲੇ ਦਿਨ ਤਾਜ਼ਾ ਜਲੇਬੀਆਂ, ਨਮਕੀਨ ਸੇਵੀਆਂ-ਬਦਾਨਾ ਬੂੰਦੀ, ਗੁਲਾਬ ਜਾਮਣਾਂ, ਲੱਡੂ ਤੇ ਹੋਰ ਖਾਣ-ਪਦਾਰਥ ਖੁੱਲ੍ਹੇ ਵਰਤੇ। ਪਕੌੜਿਆਂ ਦਾ ਲੰਗਰ ਵੀ ਖੁੱਲ੍ਹਾ ਤੇ ਬਾਅਦ ਦੁਪਹਿਰ ਤੱਕ ਨਿਰੰਤਰ ਚੱਲਦਾ ਰਿਹਾ। ਸਾਰਾ ਦਿਨ ਲੰਗਰ ਹਾਲ ਤੇ ਦੀਵਾਨ ਹਾਲ ਵਿੱਚ ਸੰਗਤਾਂ ਜੁੜੀਆਂ ਰਹੀਆਂ- ਜੀਭ ਤੇ ਪੇਟ ਦੀ ਤ੍ਰਿਪਤੀ ਦੇ ਨਾਲ ਨਾਲ ਮਨ ਦੀ ਸ਼ਾਂਤੀ ਅਤੇ ਅਧਿਆਤਮਕ ਗਿਆਨ ਲਈ ਗੁਰਬਾਣੀ ਕੀਰਤਨ ਤੇ ਗੁਰਮਤਿ ਵਿਚਾਰਾਂ ਦੇ ਪ੍ਰਵਾਹ ਦੇ ਸੁਮੇਲ ਦਾ ਆਪਣਾ ਹੀ ਪ੍ਰਭਾਵ ਸੀ। ਇਹੋ ਸਭ ਨਹੀਂ, ਸਗੋਂ ਕੁਝ ਕੁ ਹਮਾਤੜਾਂ ਨੂੰ ਛੱਡ ਕੇ ਬਹੁਤੀ ਸੰਗਤ ਆਪੋ ਆਪਣੀ ਸ਼ਰਧਾ ਮੁਤਾਬਕ ਸੇਵਾ ਵਿੱਚ ਜੁਟੀ ਹੋਈ ਸੀ। ਜੇ ਕੋਈ ਲੰਗਰ ਪਾਣੀ ਦੀ ਸੇਵਾ ਵਿੱਚ ਜੁਟਿਆ ਹੋਇਆ ਦਾਲ-ਸਬਜ਼ੀ ਤੇ ਪ੍ਰਸ਼ਾਦਾ ਵਰਤਾ ਰਿਹਾ ਸੀ ਤਾਂ ਕੋਈ ਜਲ ਤੇ ਲੱਸੀ ਦੀ ਸੇਵਾ ਕਰ ਰਿਹਾ ਸੀ; ਕੋਈ ਜੂਠੇ ਬਰਤਨਾਂ ਦੀ ਸੇਵਾ ਵਿੱਚ ਮਸ਼ਰੂਫ ਸੀ ਤੇ ਕੋਈ ਲੰਗਰ ਹਾਲ ਦੀ ਸਾਫ-ਸਫਾਈ ਕਰਦਾ ਨਜ਼ਰ ਆ ਰਿਹਾ ਸੀ। ਨਿੱਕੇ-ਵੱਡੇ, ਜਵਾਨ ਤੇ ਬਜ਼ੁਰਗ- ਸਭ ਮਾਈ ਤੇ ਭਾਈ ਸੇਵਾ ਵਿੱਚ ਜੁਟੇ ਹੋਏ ਸਨ।

ਇੱਕ ਅੰਦਾਜ਼ੇ ਅਨੁਸਾਰ ਚਾਰ ਹਜ਼ਾਰ ਦੇ ਨੇੜੇ-ਤੇੜੇ ਸੰਗਤ ਗੁਰੂਘਰ ਨਤਮਸਤਕ ਹੋਈ, ਜਿਸ ਕਾਰਨ ਸਾਰੇ ਪਾਰਕਿੰਗ ਲਾਟ ਭਰ ਗਏ ਸਨ। ਕੁਝ ਵੀਰ ਪਾਰਕਿੰਗ ਲਾਟਾਂ ਦੇ ਨੇੜੇ ਕਾਰਾਂ ਤਰਤੀਬਬੱਧ ਪਾਰਕ ਕਰਵਾਉਣ ਦੀ ਸੇਵਾ ਕਰ ਰਹੇ ਸਨ, ਤਾਂ ਜੋ ਸੰਗਤਾਂ ਘਾਹ ਉਤੇ ਕਾਰਾਂ ਪਾਰਕ ਨਾ ਕਰ ਦੇਣ। ਜਿੰਨੀਆਂ ਕਾਰਾਂ ਪਾਰਕਿੰਗ ਲਾਟ ਵਿੱਚੋਂ ਨਿਕਲਦੀਆਂ ਤਾਂ ਸੇਵਾਦਾਰਾਂ ਉਸੇ ਹਿਸਾਬ ਨਾਲ ਆ ਰਹੀ ਸੰਗਤ ਨੂੰ ਦੱਸ ਦਿੰਦੇ ਜਾਂ ਨੇੜਲੀਆਂ ਸਟਰੀਟਾਂ ਉਤੇ ਕਾਰਾਂ ਪਾਰਕ ਕਰਵਾ ਆਉਂਦੇ। ਇੰਜ ਸੰਗਤ ਨੂੰ ਕੋਈ ਸਮੱਸਿਆ ਨਹੀਂ ਆਈ। ਸੁਰੱਖਿਆ ਦੇ ਮੱਦੇਨਜ਼ਰ ਪੁਲਿਸ ਕਰਮਚਾਰੀ ਵੀ ਤਾਇਨਾਤ ਸਨ।

ਇਸ ਮੌਕੇ ਅੰਮ੍ਰਿਤ ਸੰਚਾਰ ਲਈ ਵੈਨਕੂਵਰ, ਸਰੀ ਤੋਂ ਇੱਕ ਜਥਾ ਵਿਸ਼ੇਸ਼ ਤੌਰ 'ਤੇ ਆਇਆ ਸੀ, ਜਿਸ ਦੇ ਮੁਖੀ ਭਾਈ ਜਸਵਿੰਦਰ ਸਿੰਘ ਖਾਲਸਾ ਸਨ। ਜਾਣਕਾਰੀ ਅਨੁਸਾਰ ਜਥੇ ਵਿੱਚ 9 ਸਿੰਘ ਅਤੇ ਇੱਕ ਸਿੰਘਣੀ ਸੀ। ਜਥੇ ਨੇ ਬਾਣੀਆਂ ਦਾ ਪਾਠ ਕਰਦਿਆਂ ਖੰਡੇ ਦੀ ਪਹੁਲ ਤਿਆਰ ਕੀਤੀ ਅਤੇ ਇਸ ਮੌਕੇ 2 ਚਾਹਵਾਨ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਪੰਜ ਕੱਕਾਰ ਗੁਰਦੁਆਰਾ ਸਾਹਿਬ ਵੱਲੋਂ ਮੁਹੱਈਆ ਕਰਵਾਏ ਗਏ। ਇਸ ਤੋਂ ਇਲਾਵਾ 11 ਪ੍ਰਾਣੀਆਂ ਨੇ ਸੁਧਾਈ ਕਰਵਾਈ ਜਾਂ ਭੁੱਲ ਬਖ਼ਸ਼ਾਈ। ਜ਼ਿਕਰਯੋਗ ਹੈ ਕਿ 1699 ਦੀ ਵਿਸਾਖੀ ਵਾਲੇ ਦਿਨ ਦਸਮ ਪਾਤਿਸ਼ਾਹ ਨੇ ਖਾਲਸਾ ਸਾਜ ਕੇ ਇਹਿਤਾਸ ਸਿਰਜਿਆ।


### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



### ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੱਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਲਖਵੀਰ ਸਿੰਘ (ਲੱਕੀ) ਸਹੋਤਾ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਬਿਕਰਮ ਸਿੰਘ ਸੋਹੀ
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਹਰਕੇਵਲ ਸਿੰਘ ਲਾਲੀ

# ਭੰਗੜਾ ਰਾਈਮਜ਼ ਵੱਲੋਂ 'ਮਿਲਵਾਕੀ ਬਕਸ ਤੇ ਸੈਨ ਐਂਟੋਨੀਓ ਸਪਰਜ਼' ਅਤੇ 'ਸ਼ਿਕਾਗੋ ਬੁਲਜ਼ ਤੇ ਹਿਊਸਟਨ ਰੌਕੇਟਸ' ਮੈਚ ਦੌਰਾਨ ਸ਼ਾਨਦਾਰ ਪੇਸ਼ਕਾਰੀ










**ਮਿਲਵਾਕੀ, ਵਿਸਕਾਨਸਿਨ:** 'ਮਿਲਵਾਕੀ ਬਕਸ ਤੇ ਸੈਨ ਐਂਟੋਨੀਓ ਸਪਰਜ਼' ਦੇ ਵਿਚ ਪਿਛਲੇ ਦਿਨੀਂ ਖੇਡੇ ਗਏ ਐਨ.ਬੀ.ਏ. ਮੈਚ ਦੌਰਾਨ ਭੰਗੜਾ ਰਾਈਮਜ਼ ਵੱਲੋਂ ਕੀਤੀ ਗਈ ਪਰਫਾਰਮੈਂਸ ਇੱਕ ਯਾਦਗਾਰ ਪਲ ਬਣ ਗਈ। ਇਹ ਸਿਰਫ਼ ਇੱਕ ਡਾਂਸ ਨਹੀਂ ਸੀ, ਸਗੋਂ ਪੰਜਾਬੀ ਸੱਭਿਆਚਾਰ ਦੀ ਰੰਗਤ ਨੂੰ ਇੰਟਰਨੈਸ਼ਨਲ ਮੰਚ 'ਤੇ ਪੇਸ਼ ਕਰਨ ਦਾ ਮਾਣ ਸੀ, ਜਿਸਨੂੰ ਬੱਚਿਆਂ ਨੇ ਬੇਹੱਦ ਸੋਹਣੇ ਢੰਗ ਨਾਲ ਨਿਭਾਇਆ। ਇਸ ਮੌਕੇ 44 ਭੰਗੜਾ ਸਿਖਿਆਰਥੀਆਂ ਨੇ ਪੇਸ਼ਕਾਰੀ ਕੀਤੀ। ਇਸੇ ਤਰ੍ਹਾਂ ਯੂਨਾਈਟਿਡ ਸੈਂਟਰ ਸ਼ਿਕਾਗੋ ਵਿੱਚ 'ਸ਼ਿਕਾਗੋ ਬੁਲਜ਼ ਤੇ ਹਿਊਸਟਨ ਰੌਕੇਟਸ' ਦੇ ਮੈਚ ਦੌਰਾਨ ਵੀ ਭੰਗੜਾ ਸਿਖਿਆਰਥੀਆਂ ਨੇ ਪੇਸ਼ਕਾਰੀ ਕਰਕੇ ਵਾਹ ਵਾਹ ਖੱਟੀ। 32 ਭੰਗੜਚੀ ਇਸ ਮੌਕੇ ਆਪਣੀ ਪੇਸ਼ਕਾਰੀ ਲਈ ਤਿਆਰ-ਬਰ-ਤਿਆਰ ਸਨ।

ਸਟੇਜ 'ਤੇ ਬੱਚਿਆਂ ਨੇ ਬਹੁਤ ਹੀ ਸੁੰਦਰ ਅਤੇ ਜੋਸ਼ ਭਰਿਆ ਭੰਗੜਾ ਪਾਇਆ। ਉਨ੍ਹਾਂ ਦੀ ਐਨਰਜੀ, ਮੁਸਕਰਾਹਟ ਨਾਲ ਖਿੜੇ ਹੋਏ ਚਿਹਰੇ ਅਤੇ ਸਟੇਜ ਪ੍ਰੈਜ਼ੈਂਸ ਦੇਖਣਯੋਗ ਸੀ। ਹਰ ਮੂਵਮੈਂਟ ਵਿੱਚ ਇੱਕ ਰਿਧਮ ਅਤੇ ਜੋਸ਼ ਸੀ, ਜੋ ਦਰਸ਼ਕਾਂ ਨੂੰ ਆਪਣੇ ਨਾਲ ਜੋੜ ਰਿਹਾ ਸੀ। ਉਨ੍ਹਾਂ ਦੀ ਕੋਆਰਡੀਨੇਸ਼ਨ ਬਹੁਤ ਹੀ ਵਧੀਆ ਸੀ-ਪੂਰੀ ਟੀਮ ਇਕਜੁੱਟ ਹੋ ਕੇ ਇੱਕੋ ਤਰ੍ਹਾਂ ਦੇ ਸਟੈਪ ਕਰ ਰਹੀ ਸੀ, ਜਿਸ ਨਾਲ ਇੱਕ ਪ੍ਰੋਫੈਸ਼ਨਲ ਟੱਚ ਸਾਫ਼ ਨਜ਼ਰ ਆ ਰਿਹਾ ਸੀ।

ਸਿੰਗਰਨਾਈਜ਼ੇਸ਼ਨ ਵੀ ਕਾਬਿਲ-ਏ-ਤਾਰੀਫ਼ ਸੀ। ਹਰ ਬੀਟ 'ਤੇ ਸਟੈਪਸ ਦੀ ਸਹੀ ਟਾਈਮਿੰਗ ਅਤੇ ਇੱਕਸਾਰਤਾ ਨੇ ਪਰਫਾਰਮੈਂਸ ਨੂੰ ਹੋਰ ਵੀ ਖੂਬਸੂਰਤ ਬਣਾ ਦਿੱਤਾ। ਇਹ ਸਾਫ਼ ਦਿਖਾਈ ਦਿੰਦਾ ਸੀ ਕਿ ਇਸ ਦੇ ਪਿੱਛੇ ਲੰਬੇ ਸਮੇਂ ਦੀ ਮਿਹਨਤ ਅਤੇ ਲਗਾਤਾਰ ਪ੍ਰੈਕਟਿਸ ਹੈ।

ਇਸ ਸਫਲਤਾ ਦੇ ਪਿੱਛੇ ਕੋਚ ਅਮਨਦੀਪ ਸਿੰਘ (ਕੋਚ ਅਮਨ) ਦੀ ਬਹੁਤ ਵੱਡੀ ਮਿਹਨਤ ਸੀ। ਉਨ੍ਹਾਂ ਨੇ ਹਰ ਸਟੂਡੈਂਟ 'ਤੇ ਖਾਸ ਧਿਆਨ ਦਿੱਤਾ, ਹਰ ਡੀਟੇਲ ਨੂੰ ਨਿਖਾਰਿਆ ਅਤੇ ਟੀਮ ਨੂੰ ਇਸ ਮੰਚ ਲਈ ਤਿਆਰ ਕੀਤਾ। ਉਨ੍ਹਾਂ ਦੀ ਲੀਡਰਸ਼ਿਪ ਅਤੇ ਸਮਰਪਣ ਨੇ ਹੀ ਇਸ ਪਰਫਾਰਮੈਂਸ ਨੂੰ ਇੰਨਾ ਉੱਚਾ ਦਰਜਾ ਦਿੱਤਾ।

ਕੋਚ ਅਮਨ ਅਨੁਸਾਰ ਇਸ ਮੌਕੇ ਲਈ ਮਾਪਿਆਂ ਦਾ ਸਹਿਯੋਗ ਵੀ ਬੇਮਿਸਾਲ ਰਿਹਾ। ਮਾਪਿਆਂ ਨੇ ਆਪਣੇ ਬੱਚਿਆਂ ਨੂੰ ਹਰ ਪ੍ਰੈਕਟਿਸ 'ਤੇ ਲਿਆ ਕੇ, ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਕੇ ਅਤੇ ਹਰ ਤਰ੍ਹਾਂ ਦੀ ਸਹਾਇਤਾ ਦੇ ਕੇ ਇਸ ਸਫਲਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਹ ਟੀਮ ਵਰਕ ਦੀ ਸੱਚੀ ਮਿਸਾਲ ਸੀ- ਜਿੱਥੇ ਕੋਚ, ਬੱਚੇ ਅਤੇ ਮਾਪੇ ਸਾਰੇ ਇਕੱਠੇ ਹੋ ਕੇ ਇੱਕ ਮਕਸਦ ਲਈ ਕੰਮ ਕਰ ਰਹੇ ਸਨ।

ਜਦੋਂ ਬੱਚਿਆਂ ਨੇ ਸਟੇਜ 'ਤੇ ਭੰਗੜਾ ਪਾਇਆ, ਤਾਂ ਦਰਸ਼ਕਾਂ ਵੱਲੋਂ ਵਾਹ-ਵਾਹ ਦੀਆਂ ਆਵਾਜ਼ਾਂ ਗੂੰਜਣ ਲੱਗੀਆਂ। ਹਰ ਕਿਸੇ ਨੇ ਇਸ ਪਰਫਾਰਮੈਂਸ ਨੂੰ ਬਹੁਤ ਪਸੰਦ ਕੀਤਾ ਅਤੇ ਬੱਚਿਆਂ ਦੀ ਮਿਹਨਤ ਦੀ ਸ਼ਲਾਘਾ ਕੀਤੀ। ਇਹ ਮੰਚ 'ਤੇ ਪੰਜਾਬੀ ਸੱਭਿਆਚਾਰ ਦੀ ਜਿੱਤ ਸੀ।

ਇਹ ਪਰਫਾਰਮੈਂਸ ਭੰਗੜਾ ਰਾਈਮਜ਼ ਲਈ ਇੱਕ ਵੱਡੀ ਉਪਲਬਧੀ ਹੈ, ਜੋ ਇਹ ਦਰਸਾਉਂਦੀ ਹੈ ਕਿ ਸਹੀ ਦਿਸ਼ਾ, ਮਿਹਨਤ ਅਤੇ ਭਰੋਸੇ ਨਾਲ ਕਿਸੇ ਵੀ ਮੰਚ 'ਤੇ ਕਾਮਯਾਬੀ ਹਾਸਲ ਕੀਤੀ ਜਾ ਸਕਦੀ ਹੈ।

ਕੋਚ ਅਮਨ ਅਨੁਸਾਰ ਭੰਗੜਾ ਰਾਈਮਜ਼ ਉਹ ਮੰਚ ਹੈ, ਜਿੱਥੇ ਟੈਲੈਂਟ, ਮਿਹਨਤ ਅਤੇ ਸੱਭਿਆਚਾਰ ਇਕੱਠੇ ਹੋ ਕੇ ਦੁਨੀਆ 'ਚ ਆਪਣੀ ਪਹਿਚਾਣ ਬਣਾਉਂਦੇ ਹਨ!

ਜ਼ਿਕਰਯੋਗ ਹੈ ਕਿ ਸ਼ਿਕਾਗੋਲੈਂਡ ਤੇ ਮਿਲਵਾਕੀ ਏਰੀਏ ਵਿੱਚ ਭੰਗੜਾ ਰਾਈਮਜ਼ ਦੀਆਂ ਕਲਾਸਾਂ ਪਿਛਲੇ ਸਮੇਂ ਤੋਂ ਨਿਰੰਤਰ ਚੱਲ ਰਹੀਆਂ ਹਨ, ਜਿੱਥੇ ਬੱਚੇ ਤਾਂ ਭੰਗੜਾ ਸਿੱਖਦੇ ਹੀ ਹਨ, ਸਗੋਂ ਮਾਪਿਆਂ ਦਾ ਵੀ ਆਪਸ ਵਿੱਚ ਮੇਲ-ਮਿਲਾਪ ਤੇ ਇਤਫਾਕ ਵਧਦਾ ਹੈ। ਇਸ ਤੋਂ ਇਲਾਵਾ ਭੰਗੜਾ ਰਾਈਮਜ਼ ਵੱਲੋਂ ਪਿੱਛੇ ਜਿਹੇ 'ਫਿੱਟ ਪੰਜਾਬੀ' ਪ੍ਰੋਗਰਾਮ ਵੀ ਕਰਵਾਇਆ ਗਿਆ ਸੀ।

Prepare for Tomorrow Now With Comprehensive Retirement Planning


■Annuities ■Life Insurance ■Long-Term Care
■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group



Dr. Sutpal Singh

Certified Regenerative Medical Therapy Specialist

ਪ੍ਰਮਾਣਿਤ ਰੀਜਨਰੇਟਿਵ ਮੈਡੀਕਲ ਥੈਰੇਪੀ ਸਪੈਸ਼ਲਿਸਟ

ਪੈਰ, ਗਿੱਟੇ ਤੇ ਲੱਤ ਦੇ ਹੇਠਲੇ ਹਿੱਸੇ ਦੇ ਮਾਹਰ ਡਾ. ਸੁਤਪਾਲ ਸਿੰਘ

■ਲੇਜ਼ਰ ਥੈਰੇਪੀ, ਸ਼ੌਕਵੇਵ ਥੈਰੇਪੀ, ਸਟੈਮ ਸੈੱਲ ਥੈਰੇਪੀ,
■ਲਿਪੋਸੋਨ ਫੈਟ ਪੈਡ ਦਾ ਟੀਕਾ, ਪੇਪਟਾਈਡਜ਼
■ਘੱਟੋ ਘੱਟ ਤੋਂ ਲੈ ਕੇ ਕੋਈ ਚੀਰਾ ਨਹੀਂ ਸਰਜੀਕਲ ਸਪੈਸ਼ਲਿਸਟ
■ਕੋਈ ਨੁਕਸਾਨਦਾਇਕ ਕੋਰਟੀਸੋਨ ਜਾਂ ਸਟੀਰੌਇਡ ਟੀਕੇ ਨਾ ਲਗਾਓ
■ਪੈਰ, ਗਿੱਟੇ ਅਤੇ ਲੱਤ ਦੇ ਹੇਠਲੇ ਹਿੱਸੇ ਵਿੱਚ ਦਰਦ: ਗੈਰ-ਸਰਜੀਕਲ ਤੇ ਸਰਜੀਕਲ ਵਿਕਲਪ
■ਸਰਜਰੀ ਤੋਂ ਬਿਨਾ ਖੇਡ ਸੱਟ ਦਾ ਇਲਾਜ: ਕਾਕੜੀ, ਕ੍ਰਿਕਟ, ਦੌੜ, ਵਾਲੀਬਾਲ... ਆਦਿ।

Ph: 847-310-1600
1555 Barrington Rd., Suite 235, Hoffman Estates, IL 60169

# ਸਿੰਧੂ ਜਲ ਵਿਵਾਦ: ਦੋ ਪਰਮਾਣੂ ਤਾਕਤਾਂ ਵਿਚਕਾਰ ਪਾਣੀ 'ਤੇ ਵਧਦਾ ਤਣਾਅ ਅਤੇ ਭਵਿੱਖ ਦੀ ਚੁਣੌਤੀ

ਪੰਜਾਬੀ ਪਰਵਾਜ਼ ਬਿਊਰੋ

ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਵਿੱਚ ਪਾਣੀ ਦਾ ਮਸਲਾ ਇੱਕ ਵਾਰ ਫਿਰ ਕੇਂਦਰ ਵਿੱਚ ਆ ਗਿਆ ਹੈ। ਪਿਛਲੇ ਸਾਲ ਅਪਰੈਲ ਵਿੱਚ ਪਹਿਲਗਾਮ ਵਿੱਚ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਫ਼ੈਸਲੇ ਨੇ ਇਸ ਮਸਲੇ ਨੂੰ ਹੋਰ ਵੀ ਸੰਵੇਦਨਸ਼ੀਲ ਬਣਾ ਦਿੱਤਾ ਸੀ। ਇਹ ਸਿਰਫ਼ ਇੱਕ ਰਾਜਨੀਤਿਕ ਜਾਂ ਕੂਟਨੀਤਿਕ ਵਿਵਾਦ ਨਹੀਂ, ਸਗੋਂ ਲਗਭਗ 30 ਕਰੋੜ ਲੋਕਾਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਮਾਮਲਾ ਹੈ, ਜਿਨ੍ਹਾਂ ਦੀ ਰੋਜ਼ੀ-ਰੋਟੀ ਸਿੱਧੇ ਤੌਰ 'ਤੇ ਇਸ ਦਰਿਆਈ ਪ੍ਰਣਾਲੀ 'ਤੇ ਨਿਰਭਰ ਕਰਦੀ ਹੈ।

ਸਿੰਧੂ ਦਰਿਆ ਵਿਚਲਾ ਪਾਣੀ ਖੇਤੀਬਾੜੀ ਲਈ ਸਿੰਚਾਈ, ਪੀਣ ਵਾਲੇ ਪਾਣੀ ਅਤੇ ਬਿਜਲੀ ਉਤਪਾਦਨ ਲਈ ਬੁਨਿਆਦੀ ਸਰੋਤ ਹੈ। ਇਸ ਕਰਕੇ ਜੇ ਇਸਦੇ ਵਹਾਅ ਵਿੱਚ ਕੋਈ ਵੀ ਵੱਡੀ ਤਬਦੀਲੀ ਆਉਂਦੀ ਹੈ, ਤਾਂ ਇਸਦਾ ਅਸਰ ਦੋਵੇਂ ਦੇਸ਼ਾਂ ਦੇ ਕਰੋੜਾਂ ਲੋਕਾਂ 'ਤੇ ਪੈਂਦਾ ਹੈ।

### ਸਿੰਧੂ ਜਲ ਸੰਧੀ-ਇੱਕ ਮਜਬੂਤ ਪਰ ਦਬਾਅ ਹੇਠ ਢਾਂਚਾ

1960 ਵਿੱਚ ਹੋਈ ਸਿੰਧੂ ਜਲ ਸੰਧੀ ਨੂੰ ਦੁਨੀਆ ਦੀ ਸਭ ਤੋਂ ਸਫਲ ਜਲ-ਵੰਡ ਸੰਧੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਸੰਧੀ ਦਹਾਕਿਆਂ ਤੱਕ ਦੋਹਾਂ ਦੇਸ਼ਾਂ ਵਿਚਕਾਰ ਪਾਣੀ ਦੀ ਵੰਡ ਲਈ ਇੱਕ ਮਜਬੂਤ ਆਧਾਰ ਬਣੀ ਰਹੀ; ਪਰ ਹੁਣ ਹਾਲਾਤ ਬਦਲ ਰਹੇ ਹਨ। ਮਾਹਿਰਾਂ ਮੁਤਾਬਕ ਪਿਛਲੇ ਕੁਝ ਸਾਲਾਂ ਵਿੱਚ ਇਸ ਸੰਧੀ 'ਤੇ ਦਬਾਅ ਕਾਫ਼ੀ ਵੱਧ ਗਿਆ ਹੈ। ਰਾਜਨੀਤਿਕ ਤਣਾਅ, ਭਰੋਸੇ ਦੀ ਘਾਟ ਅਤੇ ਵਧ ਰਹੀਆਂ ਜ਼ਰੂਰਤਾਂ ਨੇ ਇਸਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ ਹੈ।

### ਗਰਮੀਆਂ ਵਿੱਚ ਪਾਣੀ ਦੀ ਘਾਟ ਦਾ ਖ਼ਤਰਾ

ਮਾਹਿਰਾਂ ਦਾ ਕਹਿਣਾ ਹੈ ਕਿ ਖ਼ਾਸ ਕਰਕੇ ਗਰਮੀਆਂ ਦੇ ਮਹੀਨਿਆਂ ਵਿੱਚ ਹਾਲਾਤ ਹੋਰ ਵੀ ਸੰਵੇਦਨਸ਼ੀਲ ਹੋ ਸਕਦੇ ਹਨ। ਇਸ ਸਮੇਂ ਦਰਿਆਵਾਂ ਵਿੱਚ ਪਾਣੀ ਦੀ ਮਾਤਰਾ ਘੱਟ ਹੁੰਦੀ ਹੈ ਅਤੇ ਮੰਗ ਵੱਧ ਜਾਂਦੀ ਹੈ। ਜੇ ਭਾਰਤ ਵੱਲੋਂ ਹੇਠਲੇ ਹਿੱਸਿਆਂ ਵੱਲ ਜਾਣ ਵਾਲੇ ਪਾਣੀ ਦੇ ਵਹਾਅ ਵਿੱਚ ਕਮੀ ਆਉਂਦੀ ਹੈ ਤਾਂ ਪਾਕਿਸਤਾਨ ਵਿੱਚ ਸਿੰਚਾਈ ਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਗੰਭੀਰ ਹੋ ਸਕਦੀ ਹੈ। ਇਸ ਨਾਲ ਦੋਵੇਂ ਦੇਸ਼ਾਂ ਵਿਚਕਾਰ ਤਣਾਅ ਹੋਰ ਵਧ ਸਕਦਾ ਹੈ।

### ਜਲਵਾਯੂ ਤਬਦੀਲੀ-ਵੱਡੀ ਚੁਣੌਤੀ

ਇਸ ਮਸਲੇ ਨੂੰ ਹੋਰ ਪੇਚੀਦਾ ਬਣਾਉਣ ਵਾਲਾ ਇੱਕ ਵੱਡਾ ਕਾਰਕ ਜਲਵਾਯੂ ਬਦਲਾਅ ਹੈ। ਸਿੰਧੂ ਬੇਸਿਨ ਵਿੱਚ ਗਲੇਸ਼ੀਅਰਾਂ ਦੇ ਪਿਘਲਣ ਦੀ ਦਰ ਦੁਨੀਆ ਵਿੱਚ ਸਭ ਤੋਂ ਤੇਜ਼ ਮੰਨੀ ਜਾ ਰਹੀ ਹੈ। ਅੰਕੜਿਆਂ ਮੁਤਾਬਕ 2001 ਤੋਂ 2021 ਦੇ ਦਰਮਿਆਨ ਸਿੰਧੂ ਬੇਸਿਨ ਵਿੱਚ ਗਲੇਸ਼ੀਅਰਾਂ ਅਤੇ ਸਾਲ ਭਰ ਰਹਿਣ ਵਾਲੀ ਬਰਫ਼ ਦਾ ਖੇਤਰਫਲ ਲਗਭਗ 24.8 ਫ਼ੀਸਦੀ ਘੱਟ ਹੋ ਗਿਆ ਹੈ। ਇਹ ਇੱਕ ਚਿੰਤਾਜਨਕ ਸੰਕੇਤ ਹੈ, ਕਿਉਂਕਿ ਭਵਿੱਖ ਵਿੱਚ ਪਾਣੀ ਦੀ ਉਪਲਬਧਤਾ 'ਤੇ ਇਸਦਾ ਸਿੱਧਾ ਅਸਰ ਪੈ ਸਕਦਾ ਹੈ। ਸ਼ੁਰੂਆਤੀ ਦੌਰ ਵਿੱਚ ਗਲੇਸ਼ੀਅਰ ਪਿਘਲਣ ਨਾਲ ਪਾਣੀ ਵੱਧ ਸਕਦਾ ਹੈ, ਪਰ ਲੰਬੇ ਸਮੇਂ ਵਿੱਚ ਇਹ ਘਟਣ ਦੀ ਸੰਭਾਵਨਾ ਹੈ, ਜਿਸ ਨਾਲ ਪਾਣੀ ਦੀ ਕਮੀ ਹੋ ਸਕਦੀ ਹੈ।



### ਭਰੋਸੇ ਦੀ ਘਾਟ-ਸੰਧੀ ਲਈ ਸਭ ਤੋਂ ਵੱਡਾ ਖ਼ਤਰਾ

ਸਿੰਧੂ ਜਲ ਸੰਧੀ ਦੀ ਸਫਲਤਾ ਦਾ ਸਭ ਤੋਂ ਵੱਡਾ ਕਾਰਨ ਦੋਹਾ ਦੇਸ਼ਾਂ ਵਿਚਕਾਰ ਬਣਿਆ ਭਰੋਸਾ ਸੀ, ਪਰ ਹੁਣ ਇਹ ਭਰੋਸਾ ਘਟਦਾ ਜਾ ਰਿਹਾ ਹੈ। ਜਿਵੇਂ ਜਿਵੇਂ ਰਾਜਨੀਤਿਕ ਤਣਾਅ ਵੱਧਦਾ ਹੈ, ਸੰਧੀ ਦੀ ਵਿਆਖਿਆ ਨੂੰ ਲੈ ਕੇ ਵੀ ਵੱਖ-ਵੱਖ ਰਾਏ ਸਾਹਮਣੇ ਆ ਰਹੀਆਂ ਹਨ। ਇਸ ਨਾਲ ਵਿਵਾਦਾਂ ਨੂੰ ਹੱਲ ਕਰਨਾ ਹੋਰ ਮੁਸ਼ਕਲ ਬਣਦਾ ਜਾ ਰਿਹਾ ਹੈ।

### ਵਿਸ਼ਵ ਪੱਧਰ 'ਤੇ ਵੀ ਇਹੀ ਸਥਿਤੀ

ਇਹ ਮਸਲਾ ਸਿਰਫ਼ ਭਾਰਤ ਅਤੇ ਪਾਕਿਸਤਾਨ ਤੱਕ ਸੀਮਿਤ ਨਹੀਂ ਹੈ। ਦੁਨੀਆ ਦੇ ਕਈ ਹੋਰ ਹਿੱਸਿਆਂ ਵਿੱਚ ਵੀ ਜਲ ਸਰੋਤਾਂ ਨੂੰ ਲੈ ਕੇ ਤਣਾਅ ਵਧ ਰਿਹਾ ਹੈ। ਵਧਦੀ ਆਬਾਦੀ, ਉਦਯੋਗੀਕਰਨ ਤੇ ਜਲਵਾਯੂ ਤਬਦੀਲੀ ਨੇ ਪਾਣੀ ਨੂੰ ਇੱਕ ਕੀਮਤੀ ਤੇ ਸੰਵੇਦਨਸ਼ੀਲ ਸਰੋਤ ਬਣਾ ਦਿੱਤਾ ਹੈ।

### ਖੇਤੀਬਾੜੀ ਅਤੇ ਅਰਥਵਿਵਸਥਾ 'ਤੇ ਅਸਰ

ਸਿੰਧੂ ਦਰਿਆ ਪ੍ਰਣਾਲੀ ਦੋਹਾਂ ਦੇਸ਼ਾਂ ਦੀ ਖੇਤੀਬਾੜੀ ਦੀ ਰੀੜ੍ਹ ਦੀ ਹੱਡੀ ਹੈ। ਖ਼ਾਸ ਕਰਕੇ ਪਾਕਿਸਤਾਨ ਵਿੱਚ ਜ਼ਿਆਦਾਤਰ ਖੇਤੀ ਸਿੰਧੂ ਦਰਿਆ 'ਤੇ ਨਿਰਭਰ ਹੈ। ਜੇ ਪਾਣੀ ਦੀ ਸਪਲਾਈ ਵਿੱਚ ਕੋਈ ਵੀ ਵੱਡੀ ਰੁਕਾਵਟ ਆਉਂਦੀ ਹੈ, ਤਾਂ ਇਸਦਾ ਅਸਰ ਫਸਲਾਂ ਦੀ ਪੈਦਾਵਾਰ, ਅਨਾਜ ਸੁਰੱਖਿਆ ਅਤੇ ਅਰਥਵਿਵਸਥਾ 'ਤੇ ਪਵੇਗਾ। ਭਾਰਤ ਵਿੱਚ ਵੀ ਪੰਜਾਬ, ਹਰਿਆਣਾ ਅਤੇ ਹੋਰ ਰਾਜਾਂ ਵਿੱਚ ਸਿੰਚਾਈ ਲਈ ਇਹ ਪ੍ਰਣਾਲੀ ਬਹੁਤ ਮਹੱਤਵਪੂਰਨ ਹੈ।

### ਬੈਕਡੋਰ ਡਿਪਲੋਮੈਸੀ ਦੀ ਸੰਭਾਵਨਾ

ਮਾਹਿਰਾਂ ਦਾ ਮੰਨਣਾ ਹੈ ਕਿ ਭਾਵੇਂ ਦੋਹਾਂ ਦੇਸ਼ਾਂ ਵਿਚਕਾਰ ਤਣਾਅ ਹੈ, ਪਰ ਬੈਕਡੋਰ ਗੱਲਬਾਤ ਰਾਹੀਂ ਹਾਲਾਤ ਨੂੰ ਸੰਭਾਲਿਆ ਜਾ ਸਕਦਾ ਹੈ। ਸਿੰਧੂ ਜਲ ਸੰਧੀ ਨੂੰ ਮੁੜ ਸਰਗਰਮ ਕਰਨਾ ਦੋਵੇਂ ਦੇਸ਼ਾਂ ਵਿਚਕਾਰ ਭਰੋਸਾ ਬਹਾਲ ਕਰਨ ਲਈ ਇੱਕ ਪਹਿਲਾ ਕਦਮ ਹੋ ਸਕਦਾ ਹੈ।

### ਵਾਟਰ ਡਿਪਲੋਮੈਸੀ-ਸ਼ਾਂਤੀ ਦਾ ਰਸਤਾ

ਪਾਣੀ ਦੇ ਮਸਲੇ 'ਤੇ ਸਹਿਯੋਗ ਦੋਹਾਂ ਦੇਸ਼ਾਂ ਵਿਚਕਾਰ ਤਣਾਅ ਘਟਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੋ ਸਕਦਾ ਹੈ। ਵਿਗਿਆਨੀਆਂ ਅਤੇ ਮਾਹਿਰਾਂ ਦਾ ਕਹਿਣਾ ਹੈ ਕਿ ਪਾਣੀ ਨੂੰ ਸੰਘਰਸ਼ ਦਾ ਕਾਰਨ ਬਣਾਉਣ ਦੀ ਬਜਾਏ ਸਹਿਯੋਗ ਦਾ ਮਾਧਿਅਮ ਬਣਾਇਆ ਜਾਣਾ ਚਾਹੀਦਾ ਹੈ।

### ਅੰਤਰਰਾਸ਼ਟਰੀ ਭੂਮਿਕਾ

ਅੰਤਰਰਾਸ਼ਟਰੀ ਭਾਈਚਾਰੇ ਲਈ ਵੀ ਇਹ ਇੱਕ ਵੱਡੀ ਚੁਣੌਤੀ ਹੈ ਕਿ ਉਹ ਇਸ ਮਸਲੇ ਨੂੰ ਸੰਵੇਦਨਸ਼ੀਲਤਾ ਨਾਲ ਸੰਭਾਲੇ। ਜਲਵਾਯੂ ਤਬਦੀਲੀ ਅਤੇ ਪਾਣੀ ਦੀ ਕਮੀ ਜਿਹੇ ਮਸਲੇ ਗਲੋਬਲ ਪੱਧਰ 'ਤੇ ਹੱਲ ਮੰਗਦੇ ਹਨ।

### ਭਵਿੱਖ ਲਈ ਚੇਤਾਵਨੀ

ਜੇ ਸਮੇਂ ਸਿਰ ਕਦਮ ਨਾ ਚੁੱਕੇ ਗਏ, ਤਾਂ ਪਾਣੀ ਨੂੰ ਲੈ ਕੇ ਸੰਘਰਸ਼ ਹੋਰ ਗੰਭੀਰ ਹੋ ਸਕਦਾ ਹੈ। ਸਿੰਧੂ ਬੇਸਿਨ ਵਿੱਚ ਰਹਿਣ ਵਾਲੇ ਕਰੋੜਾਂ ਲੋਕਾਂ ਦੀ ਜ਼ਿੰਦਗੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਦੋਵੇਂ ਦੇਸ਼ ਇਸ ਮਸਲੇ ਨੂੰ ਕਿਵੇਂ ਹੱਲ ਕਰਦੇ ਹਨ।

ਸਿੰਧੂ ਜਲ ਵਿਵਾਦ ਸਿਰਫ਼ ਇੱਕ ਸੰਧੀ ਦਾ ਮਸਲਾ ਨਹੀਂ, ਸਗੋਂ ਇਹ ਮਨੁੱਖੀ ਜੀਵਨ, ਖੇਤੀਬਾੜੀ ਅਤੇ ਭਵਿੱਖ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਜਿੱਥੇ ਇੱਕ ਪਾਸੇ ਰਾਜਨੀਤਿਕ ਤਣਾਅ ਇਸਨੂੰ ਹੋਰ ਪੇਚੀਦਾ ਬਣਾ ਰਿਹਾ ਹੈ, ਉੱਥੇ ਦੂਜੇ ਪਾਸੇ ਜਲਵਾਯੂ ਪਰਿਵਰਤਨ ਇਸਨੂੰ ਹੋਰ ਗੰਭੀਰ ਚੁਣੌਤੀ ਬਣਾਉਂਦਾ ਜਾ ਰਿਹਾ ਹੈ। ਇਸ ਲਈ ਲੋੜ ਹੈ ਸਹਿਯੋਗ, ਸੰਵਾਦ ਅਤੇ ਸਾਂਝੇ ਹੱਲਾਂ ਦੀ; ਕਿਉਂਕਿ ਪਾਣੀ 'ਤੇ ਟਕਰਾਅ ਕਿਸੇ ਲਈ ਵੀ ਫ਼ਾਇਦੇਮੰਦ ਨਹੀਂ ਹੋ ਸਕਦਾ।

# ਲਕੀਰੋਂ ਪਾਰ ਤੋਂ: ਪਾਕਿਸਤਾਨ ਵਿੱਚ ਕਿਸਾਨਾਂ ਦਾ ਗੁੱਸਾ ਸੜਕਾਂ 'ਤੇ

***ਸੌ ਤੋਂ ਵੱਧ ਸ਼ਹਿਰਾਂ ਵਿੱਚ ਪ੍ਰਦਰਸ਼ਨ, ਖੇਤੀ ਨੀਤੀਆਂ 'ਤੇ ਸਵਾਲ**
***ਭਾਰਤ ਦੇ ਕਿਸਾਨ ਅੰਦੋਲਨ ਤੋਂ ਪ੍ਰੇਰਣਾ**

ਪਾਕਿਸਤਾਨ ਵਿੱਚ ਕਿਸਾਨਾਂ ਦਾ ਗੁੱਸਾ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਦੇਸ਼ ਦੇ ਲਗਭਗ 100 ਤੋਂ ਵੱਧ ਸ਼ਹਿਰਾਂ ਵਿੱਚ ਲੱਖਾਂ ਕਿਸਾਨਾਂ ਨੇ ਸੜਕਾਂ 'ਤੇ ਉਤਰ ਕੇ ਵੱਡੇ ਪੱਧਰ 'ਤੇ ਪ੍ਰਦਰਸ਼ਨ ਕੀਤੇ ਹਨ। ਇਹ ਪ੍ਰਦਰਸ਼ਨ ਅੰਤਰਰਾਸ਼ਟਰੀ ਕਿਸਾਨ ਸੰਘਰਸ਼ ਦਿਵਸ ਦੇ ਮੌਕੇ 'ਤੇ ਪਾਕਿਸਤਾਨ ਕਿਸਾਨ ਰਾਬਤਾ ਕਮੇਟੀ (ਪੀ.ਕੇ.ਆਰ.ਸੀ.) ਵੱਲੋਂ ਆਯੋਜਿਤ ਕੀਤੇ ਗਏ ਸਨ। ਇਹ ਪ੍ਰਦਰਸ਼ਨ ਸਿਰਫ਼ ਇੱਕ ਦਿਨ ਦੀ ਨਾਰਾਜ਼ਗੀ ਨਹੀਂ, ਸਗੋਂ ਉਨ੍ਹਾਂ ਨੀਤੀਆਂ ਦੇ ਖ਼ਿਲਾਫ਼ ਵੱਡੀ ਪ੍ਰਤੀਕਿਰਿਆ ਹੈ, ਜਿਨ੍ਹਾਂ ਨੂੰ ਕਿਸਾਨ ਆਪਣੀ ਰੋਜ਼ੀ-ਰੋਟੀ ਲਈ ਖ਼ਤਰਾ ਮੰਨ ਰਹੇ ਹਨ। ਕਿਸਾਨਾਂ ਨੇ ਸਰਕਾਰ ਤੋਂ ਤੁਰੰਤ ਸੁਧਾਰਾਂ ਦੀ ਮੰਗ ਕਰਦੇ ਹੋਏ ਚੇਤਾਵਨੀ ਦਿੱਤੀ ਹੈ ਕਿ ਜੇ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

ਪਾਕਿਸਤਾਨ ਵਿੱਚ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀਆਂ ਮੁੱਖ ਮੰਗਾਂ ਕਾਫ਼ੀ ਸਪਸ਼ਟ ਤੇ ਸਿੱਧੀਆਂ ਹਨ, ਜਿਹੜੀਆਂ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਭਵਿੱਖ ਨਾਲ ਸਿੱਧੇ ਤੌਰ 'ਤੇ ਜੁੜੀਆਂ ਹੋਈਆਂ ਹਨ। ਕਿਸਾਨਾਂ ਦੀ ਸਭ ਤੋਂ ਪਹਿਲੀ ਅਤੇ ਅਹਿਮ ਮੰਗ ਇਹ ਹੈ ਕਿ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 4000 ਪਾਕਿਸਤਾਨੀ ਰੁਪਏ ਪ੍ਰਤੀ ਮਣ ਤੈਅ ਕੀਤਾ ਜਾਵੇ, ਤਾਂ ਜੋ ਉਨ੍ਹਾਂ ਨੂੰ ਆਪਣੀ ਫਸਲ ਦਾ ਠੀਕ ਭਾਅ ਮਿਲ ਸਕੇ ਅਤੇ ਵਧ ਰਹੀਆਂ ਲਾਗਤਾਂ ਦੇ ਬਾਵਜੂਦ ਉਹ ਘਾਟੇ ਵਿੱਚ ਨਾ ਜਾਣ। ਇਸਦੇ ਨਾਲ ਹੀ ਉਹ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਕਾਰਪੋਰੇਟ ਖੇਤੀ ਮਾਡਲ ਦਾ ਵੀ ਡਟ ਕੇ ਵਿਰੋਧ ਕਰ ਰਹੇ ਹਨ, ਕਿਉਂਕਿ ਉਹ ਮੰਨਦੇ ਹਨ ਕਿ ਇਸ ਨਾਲ ਵੱਡੀਆਂ ਕੰਪਨੀਆਂ ਨੂੰ ਲਾਭ ਹੋਵੇਗਾ ਅਤੇ ਛੋਟੇ ਕਿਸਾਨ ਪੂਰੀ ਤਰ੍ਹਾਂ ਹਾਸ਼ੀਏ 'ਤੇ ਧੱਕੇ ਜਾਣਗੇ। ਕਿਸਾਨਾਂ ਨੇ ਇਹ ਵੀ ਮੰਗ ਕੀਤੀ ਹੈ ਕਿ ਠੇਕੇ 'ਤੇ ਕੰਮ ਕਰਦੇ ਜਾਂ ਹਿੱਸੇਦਾਰ ਕਿਸਾਨਾਂ ਨੂੰ ਦਿੱਤੇ ਜਾ ਰਹੇ ਬੇਦਖਲੀ ਨੋਟਿਸ ਤੁਰੰਤ ਵਾਪਸ ਲਏ ਜਾਣ, ਕਿਉਂਕਿ ਇਹ ਕਿਸਾਨ ਪਹਿਲਾਂ ਹੀ ਅਸਥਿਰ ਹਾਲਾਤਾਂ ਵਿੱਚ ਜੀਅ ਰਹੇ ਹਨ ਅਤੇ ਜ਼ਮੀਨ ਤੋਂ ਬੇਦਖਲ ਹੋਣਾ ਉਨ੍ਹਾਂ ਲਈ ਜੀਵਨ-ਮੌਤ ਦਾ ਸਵਾਲ ਬਣ ਸਕਦਾ ਹੈ। ਇਸਦੇ ਨਾਲ ਹੀ ਗੱਲ ਇਹ ਵੀ ਉਠਾਈ ਗਈ ਹੈ ਕਿ ਕਣਕ ਦੀ ਖਰੀਦ ਨੂੰ ਨਿੱਜੀ ਕੰਪਨੀਆਂ ਨੂੰ ਦੇਣ ਦੀ ਸਰਕਾਰੀ ਯੋਜਨਾ ਨੂੰ ਰੱਦ ਕੀਤਾ ਜਾਵੇ, ਕਿਉਂਕਿ ਇਸ ਨਾਲ ਖਰੀਦ ਪ੍ਰਣਾਲੀ 'ਤੇ ਕਾਰਪੋਰੇਟ ਕਬਜ਼ਾ ਹੋ ਜਾਵੇਗਾ ਅਤੇ ਕਿਸਾਨਾਂ ਨੂੰ ਨਿਆਂਪੂਰਨ ਭਾਅ ਨਹੀਂ ਮਿਲੇਗਾ।

ਇਨ੍ਹਾਂ ਮੰਗਾਂ ਦੇ ਨਾਲ-ਨਾਲ ਕਿਸਾਨਾਂ ਨੇ ਵੱਡੇ ਪੱਧਰ 'ਤੇ ਖੇਤੀਬਾੜੀ ਖੇਤਰ ਨਾਲ ਜੁੜੀਆਂ ਹੋਰ ਸਮੱਸਿਆਵਾਂ ਵੀ ਉਠਾਈਆਂ ਹਨ। ਉਹ ਕਹਿੰਦੇ ਹਨ ਕਿ ਖਾਦ, ਬੀਜ, ਕੀਟਨਾਸ਼ਕ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਨਾਲ ਉਤਪਾਦਨ ਦੀ ਲਾਗਤ ਕਾਫ਼ੀ ਵਧ ਗਈ ਹੈ। ਜੇ ਫਸਲ ਦਾ ਸਹੀ ਮੁੱਲ ਨਾ ਮਿਲੇ, ਤਾਂ ਇਹ ਸਾਰਾ ਖਰਚਾ ਕਿਸਾਨਾਂ ਲਈ ਭਾਰੀ ਬੋਝ ਬਣ ਜਾਂਦਾ ਹੈ। ਕਈ ਕਿਸਾਨ ਕਰਜ਼ੇ ਹੇਠ ਦੱਬੇ ਹੋਏ ਹਨ ਅਤੇ



ਬੈਂਕਾਂ ਜਾਂ ਸੂਦਖੋਰਾਂ ਤੋਂ ਲਿਆ ਕਰਜ਼ਾ ਵਾਪਸ ਕਰਨ ਵਿੱਚ ਅਸਮਰੱਥ ਹੋ ਰਹੇ ਹਨ। ਇਸ ਕਾਰਨ ਖੇਤੀਬਾੜੀ ਇੱਕ ਘਾਟੇ ਦਾ ਸੌਦਾ ਬਣਦੀ ਜਾ ਰਹੀ ਹੈ।

ਕਿਸਾਨਾਂ ਦਾ ਇਹ ਵੀ ਦਾਅਵਾ ਹੈ ਕਿ ਸਰਕਾਰ ਦੀਆਂ ਮੌਜੂਦਾ ਨੀਤੀਆਂ ਵਿੱਚ ਛੋਟੇ ਅਤੇ ਦਰਮਿਆਨੇ ਕਿਸਾਨਾਂ ਦੀ ਕੋਈ ਵੱਡੀ ਭੂਮਿਕਾ ਨਹੀਂ ਰਹੀ। ਉਹ ਮੰਨਦੇ ਹਨ ਕਿ ਨੀਤੀਆਂ ਵਧੇਰੇ ਕਾਰਪੋਰੇਟ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਜਾ ਰਹੀਆਂ ਹਨ, ਜਿਸ ਨਾਲ ਪਿੰਡਾਂ ਦੀ ਆਰਥਿਕਤਾ ਕਮਜ਼ੋਰ ਹੋ ਰਹੀ ਹੈ। ਇਸਦੇ ਨਾਲ ਹੀ ਸਿੰਚਾਈ, ਬਿਜਲੀ ਅਤੇ ਮੰਡੀ ਪ੍ਰਣਾਲੀ ਨਾਲ ਜੁੜੀਆਂ ਸਮੱਸਿਆਵਾਂ ਵੀ ਕਿਸਾਨਾਂ ਲਈ ਵੱਡੀ ਚੁਣੌਤੀ ਹਨ।

ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਇਹ ਮੰਗਾਂ ਜਲਦੀ ਨਾ ਮੰਨੀਆਂ ਗਈਆਂ, ਤਾਂ ਅੰਦੋਲਨ ਨੂੰ ਹੋਰ ਵਧਾਇਆ ਜਾਵੇਗਾ। ਇਸ ਵਿੱਚ ਵੱਡੇ ਸ਼ਹਿਰਾਂ ਦਾ ਘੇਰਾਓ, ਲੰਬੇ ਧਰਨੇ ਅਤੇ ਕੌਮੀ ਪੱਧਰ 'ਤੇ ਸੰਘਰਸ਼ ਸ਼ਾਮਲ ਹੋ ਸਕਦਾ ਹੈ। ਕੁੱਲ ਮਿਲਾ ਕੇ, ਇਹ ਮੰਗਾਂ ਸਿਰਫ਼ ਆਰਥਿਕ ਸੁਧਾਰਾਂ ਦੀ ਗੱਲ ਨਹੀਂ ਕਰਦੀਆਂ, ਸਗੋਂ ਕਿਸਾਨਾਂ ਦੀ ਇੱਜ਼ਤ, ਸੁਰੱਖਿਆ ਅਤੇ ਭਵਿੱਖ ਨੂੰ ਯਕੀਨੀ ਬਣਾਉਣ ਦੀ ਲੜਾਈ ਵੀ ਹਨ।

### ਪੰਜਾਬ ਸੂਬੇ ਵਿੱਚ ਸਭ ਤੋਂ ਵੱਧ ਅਸਰ

ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਇਸ ਅੰਦੋਲਨ ਦਾ ਸਭ ਤੋਂ ਵੱਡਾ ਅਸਰ ਦੇਖਣ ਨੂੰ ਮਿਲਿਆ। ਲਾਹੌਰ, ਮੁਲਤਾਨ, ਬਹਾਵਲਪੁਰ, ਸਹੀਵਾਲ ਅਤੇ ਸਰਗੋਧਾ ਵਰਗੇ ਸ਼ਹਿਰਾਂ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਇਕੱਠੇ ਹੋਏ।

ਇਸ ਤੋਂ ਇਲਾਵਾ ਸਿੰਧ ਦੇ ਹੈਦਰਾਬਾਦ, ਸੁੱਕੁਰ, ਲਰਕਾਨਾ ਅਤੇ ਠੱਟਾ ਵਿੱਚ ਵੀ ਵਿਰੋਧ ਪ੍ਰਦਰਸ਼ਨ ਹੋਏ। ਖੈਬਰ ਪਖਤੂਨਖ਼ਵਾ ਦੇ ਪੇਸ਼ਾਵਰ, ਸਵਾਤ ਅਤੇ ਐਬਟਾਬਾਦ ਵਿੱਚ ਵੀ ਕਿਸਾਨਾਂ ਨੇ ਆਪਣੀ ਆਵਾਜ਼ ਬੁਲੰਦ ਕੀਤੀ, ਜਦਕਿ ਬਲੋਚਿਸਤਾਨ ਦੇ ਕਵੇਟਾ ਅਤੇ ਹੋਰ ਇਲਾਕਿਆਂ ਵਿੱਚ ਵੀ ਅੰਦੋਲਨ ਦੀ ਲਹਿਰ ਦੇਖੀ ਗਈ। ਇਹ ਦਰਸਾਉਂਦਾ ਹੈ ਕਿ ਇਹ ਮਸਲਾ ਸਿਰਫ਼ ਕਿਸੇ ਇੱਕ ਖੇਤਰ ਤੱਕ ਸੀਮਿਤ ਨਹੀਂ, ਸਗੋਂ ਪੂਰੇ ਦੇਸ਼ ਦੇ ਕਿਸਾਨਾਂ ਦੀ ਸਾਂਝੀ ਚਿੰਤਾ ਹੈ।

### ਕਾਰਪੋਰੇਟ ਖੇਤੀ ਮਾਡਲ 'ਤੇ ਵਿਰੋਧ

ਕਿਸਾਨਾਂ ਦਾ ਸਭ ਤੋਂ ਵੱਡਾ ਇਤਰਾਜ਼ ਸਰਕਾਰ ਦੇ ਕਾਰਪੋਰੇਟ ਖੇਤੀ ਮਾਡਲ 'ਤੇ ਹੈ। ਉਹ ਮੰਨਦੇ ਹਨ ਕਿ ਇਹ ਮਾਡਲ ਵੱਡੀਆਂ ਕੰਪਨੀਆਂ ਨੂੰ ਫ਼ਾਇਦਾ ਪਹੁੰਚਾਉਂਦਾ ਹੈ, ਜਦਕਿ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਨੁਕਸਾਨ ਹੁੰਦਾ ਹੈ। ਬਟਾਈਦਾਰ ਕਿਸਾਨਾਂ ਨੂੰ ਜ਼ਮੀਨਾਂ ਤੋਂ ਬੇਦਖਲ ਕਰਨ ਦੇ ਨੋਟਿਸ ਵੀ ਇਸੇ ਮਾਡਲ ਦਾ ਹਿੱਸਾ ਮੰਨੇ ਜਾ ਰਹੇ ਹਨ। ਇਸ ਨਾਲ ਪਿੰਡਾਂ ਵਿੱਚ ਅਸਥਿਰਤਾ ਵਧਣ ਦਾ ਡਰ ਹੈ।

### ਆਰਥਿਕ ਦਬਾਅ-ਸੰਘਰਸ਼ ਦਾ ਮੁੱਖ ਕਾਰਨ

ਪਾਕਿਸਤਾਨ ਵਿੱਚ ਕਿਸਾਨ ਪਹਿਲਾਂ ਹੀ ਵਧ ਰਹੀਆਂ ਲਾਗਤਾਂ ਨਾਲ ਜੂਝ ਰਹੇ ਹਨ। ਬੀਜ, ਖਾਦ, ਡੀਜ਼ਲ ਅਤੇ ਬਿਜਲੀ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸਦੇ ਨਾਲ ਹੀ ਫਸਲਾਂ ਦੇ ਭਾਅ ਉਮੀਦਾਂ ਮੁਤਾਬਕ ਨਹੀਂ ਮਿਲ ਰਹੇ। ਅਜਿਹੇ ਵਿੱਚ ਕਿਸਾਨਾਂ ਦੀ ਆਮਦਨ ਘੱਟ ਰਹੀ ਹੈ ਅਤੇ ਕਰਜ਼ੇ ਵਧ ਰਹੇ ਹਨ। ਇਹੀ ਕਾਰਨ ਹੈ ਕਿ ਕਿਸਾਨ ਸੜਕਾਂ 'ਤੇ ਆਉਣ ਲਈ ਮਜਬੂਰ ਹੋਏ ਹਨ।

### ਸਰਕਾਰ ਨੂੰ ਦਿੱਤੀ ਚੇਤਾਵਨੀ

ਲਾਹੌਰ ਵਿੱਚ ਇੱਕ ਵੱਡੀ ਸਭਾ ਦੌਰਾਨ ਪਾਕਿਸਤਾਨ ਕਿਸਾਨ ਰਾਬਤਾ ਕਮੇਟੀ ਦੀ ਜਨਰਲ ਸਕੱਤਰ ਰਿਫ਼ਤ ਮਕਸੂਦ ਨੇ ਸਰਕਾਰ 'ਤੇ ਤਿੱਖੀ ਟਿੱਪਣੀ ਕਰਦੇ ਹੋਏ ਕਿਹਾ ਕਿ ਪਿਛਲੇ ਦੋ ਸਾਲਾਂ ਦੀਆਂ ਨੀਤੀਆਂ ਕਿਸਾਨਾਂ ਲਈ 'ਬਹੁਤ ਨੁਕਸਾਨਦਾਇਕ' ਰਹੀਆਂ ਹਨ। ਕਿਸਾਨ ਜਥੇਬੰਦੀਆਂ ਨੇ ਸਾਫ਼ ਕਿਹਾ ਹੈ ਕਿ ਜੇ ਮੰਗਾਂ ਨਾ ਮੰਨੀਆਂ ਗਈਆਂ ਤਾਂ ਅਗਲੇ ਪੜਾਅ ਵਿੱਚ ਰਾਜਧਾਨੀ ਇਸਲਾਮਾਬਾਦ ਦਾ ਘੇਰਾਓ ਕੀਤਾ ਜਾ ਸਕਦਾ ਹੈ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਗਲੋਬਲ ਸਾਫ਼ਟ ਪਾਵਰ ਵਿੱਚ ਅਮਰੀਕਾ-ਚੀਨ ਦੀ ਟੱਕਰ

## *ਭਾਰਤ ਟੌਪ-10 ਤੋਂ ਬਾਹਰ: ਵਧਦੀ ਪ੍ਰਭਾਵ ਦੀ ਨਵੀਂ ਦੌੜ

ਪੰਜਾਬੀ ਪਰਵਾਜ਼ ਬਿਊਰੋ

ਆਧੁਨਿਕ ਦੁਨੀਆ ਵਿੱਚ ਦੇਸ਼ਾਂ ਦੀ ਤਾਕਤ ਸਿਰਫ਼ ਫ਼ੌਜੀ ਸ਼ਕਤੀ ਜਾਂ ਆਰਥਿਕ ਆਕਾਰ ਨਾਲ ਨਹੀਂ ਮਾਪੀ ਜਾਂਦੀ। ਹੁਣ ਗੱਲ ਬਣਦੀ ਹੈ 'ਸਾਫ਼ਟ ਪਾਵਰ' ਦੀ- ਉਹ ਤਾਕਤ ਜੋ ਬਿਨਾ ਜ਼ੋਰ-ਜ਼ਬਰਦਸਤੀ ਨਾਲ਼ ਦੁਨੀਆ ਨੂੰ ਪ੍ਰਭਾਵਿਤ ਕਰਦੀ ਹੈ। ਸੱਭਿਆਚਾਰ, ਸਿੱਖਿਆ, ਤਕਨਾਲੋਜੀ, ਕੂਟਨੀਤੀ ਅਤੇ ਗਲੋਬਲ ਅਕਸ ਇਸਦੇ ਮੁੱਖ ਅੰਗ ਹਨ। 'ਬ੍ਰਾਂਡ ਫਾਇਨੈਂਸ ਗਲੋਬਲ ਸਾਫ਼ਟ ਪਾਵਰ ਇੰਡੈਕਸ-2026' ਨੇ ਇਸ ਸੰਦਰਭ ਵਿੱਚ ਦੁਨੀਆ ਦੇ 193 ਦੇਸ਼ਾਂ ਦੀ ਰੈਂਕਿੰਗ ਜਾਰੀ ਕੀਤੀ ਹੈ, ਜਿਸ ਵਿੱਚ ਅਮਰੀਕਾ ਅਤੇ ਚੀਨ ਵਿਚਕਾਰ ਕੜੀ ਟੱਕਰ ਦੇਖਣ ਨੂੰ ਮਿਲੀ ਹੈ, ਜਦਕਿ ਭਾਰਤ ਟੌਪ-10 ਤੋਂ ਬਾਹਰ ਖਿਸਕ ਗਿਆ ਹੈ।

### ਸਾਫ਼ਟ ਪਾਵਰ: ਕੀ ਹੈ ਇਸਦਾ ਅਰਥ?

ਸਾਫ਼ਟ ਪਾਵਰ ਦਾ ਮਤਲਬ ਹੈ- ਕਿਸੇ ਦੇਸ਼ ਦੀ ਉਹ ਸਮਰੱਥਾ ਜਿਸ ਨਾਲ ਉਹ ਹੋਰ ਦੇਸ਼ਾਂ ਦੀ ਸੋਚ, ਰਾਏ ਅਤੇ ਨੀਤੀਆਂ ਨੂੰ ਪ੍ਰਭਾਵਿਤ ਕਰ ਸਕੇ; ਬਿਨਾ ਜ਼ਬਰਦਸਤੀ ਦੇ। ਇਸ ਵਿੱਚ ਸੱਭਿਆਚਾਰਕ ਦਰਾਮਦ-ਬਰਾਮਦ, ਕੂਟਨੀਤਿਕ ਸੰਬੰਧ, ਸਿੱਖਿਆ, ਤਕਨੀਕੀ ਨਵੀਨਤਾ, ਮੀਡੀਆ ਅਤੇ ਜੀਵਨ-ਸ਼ੈਲੀ ਵਰਗੇ ਤੱਤ ਸ਼ਾਮਲ ਹੁੰਦੇ ਹਨ। ਇਹ ਇੰਡੈਕਸ ਗਲੋਬਲ ਸਰਵੇਖਣਾਂ ਦੇ ਆਧਾਰ 'ਤੇ ਬਣਾਇਆ ਜਾਂਦਾ ਹੈ, ਜਿਸ ਵਿੱਚ ਦੇਸ਼ਾਂ ਦੀ ਪਛਾਣ, ਭਰੋਸੇਯੋਗਤਾ ਅਤੇ ਪ੍ਰਭਾਵ ਨੂੰ ਮਾਪਿਆ ਜਾਂਦਾ ਹੈ।

### ਟੌਪ-10 ਵਿੱਚ ਕੌਣ ਅੱਗੇ?

2026 ਦੀ ਰੈਂਕਿੰਗ ਮੁਤਾਬਕ ਟੌਪ-10 ਦੇਸ਼ ਇਹ ਹਨ: ਅਮਰੀਕਾ, ਚੀਨ, ਜਪਾਨ, ਯੂਨਾਈਟਿਡ ਕਿੰਗਡਮ, ਜਰਮਨੀ, ਫਰਾਂਸ, ਸਵਿਟਜ਼ਰਲੈਂਡ, ਕੈਨੇਡਾ, ਇਟਲੀ ਅਤੇ ਸੰਯੁਕਤ ਅਰਬ ਅਮੀਰਾਤ। ਇਹ ਸੂਚੀ ਦਰਸਾਉਂਦੀ ਹੈ ਕਿ ਪੱਛਮੀ ਦੇਸ਼ਾਂ ਦੀ ਮਜਬੂਤ ਪਕੜ ਅਜੇ ਵੀ ਕਾਇਮ ਹੈ, ਪਰ ਏਸ਼ੀਆਈ ਦੇਸ਼ ਵੀ ਤੇਜ਼ੀ ਨਾਲ ਆਪਣੀ ਸਥਿਤੀ ਮਜਬੂਤ ਕਰ ਰਹੇ ਹਨ।

### ਅਮਰੀਕਾ ਅਤੇ ਚੀਨ-ਨਜ਼ਦੀਕੀ ਮੁਕਾਬਲਾ

ਅਮਰੀਕਾ 74.9 ਸਕੋਰ ਨਾਲ ਪਹਿਲੇ ਸਥਾਨ 'ਤੇ ਹੈ, ਜਦਕਿ ਚੀਨ ਉਸਦੇ ਬਹੁਤ ਨੇੜੇ ਹੈ-ਸਿਰਫ਼ 1.4 ਅੰਕਾਂ ਦੇ ਫ਼ਰਕ ਨਾਲ। ਇਹ ਘੱਟ ਫ਼ਰਕ ਦਰਸਾਉਂਦਾ ਹੈ ਕਿ ਗਲੋਬਲ ਪ੍ਰਭਾਵ ਲਈ ਦੋਵੇਂ ਦੇਸ਼ਾਂ ਵਿਚਕਾਰ ਕਿੰਨੀ ਤਿੱਖੀ ਦੌੜ ਚੱਲ ਰਹੀ ਹੈ।

ਅਮਰੀਕਾ ਆਪਣੀ ਮੀਡੀਆ ਇੰਡਸਟਰੀ, ਹਾਲੀਵੁੱਡ, ਉੱਚ ਸਿੱਖਿਆ ਸੰਸਥਾਵਾਂ (ਜਿਵੇਂ ਹਾਰਵਰਡ, ਐਮ.ਆਈ.ਟੀ.), ਅਤੇ ਤਕਨੀਕੀ ਕੰਪਨੀਆਂ (ਜਿਵੇਂ ਗੂਗਲ, ਐਪਲ) ਰਾਹੀਂ ਦੁਨੀਆ 'ਤੇ ਪ੍ਰਭਾਵ ਬਣਾਈ ਰੱਖਦਾ ਹੈ। ਉਸਦੇ ਅੰਤਰਰਾਸ਼ਟਰੀ ਗਠਜੋੜ ਅਤੇ ਰਾਜਨੀਤਿਕ ਪ੍ਰਭਾਵ ਵੀ ਇਸਨੂੰ ਅੱਗੇ ਰੱਖਦੇ ਹਨ। ਚੀਨ ਦੂਜੇ ਪਾਸੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼, ਬੈਲਟ ਐਂਡ ਰੋਡ ਇਨਿਸ਼ੀਐਟਿਵ (ਬੀ.ਆਰ.ਆਈ.), ਤਕਨੀਕੀ ਵਿਕਾਸ ਤੇ ਗਲੋਬਲ ਵਪਾਰ ਰਾਹੀਂ ਆਪਣਾ ਪ੍ਰਭਾਵ ਵਧਾ ਰਿਹਾ ਹੈ।

### ਯੂਰਪ ਦਾ ਦਬਦਬਾ

ਯੂ.ਕੇ., ਜਰਮਨੀ ਅਤੇ ਫਰਾਂਸ ਵਰਗੇ ਯੂਰਪੀ ਦੇਸ਼ ਅਜੇ ਵੀ ਉੱਚ ਸਥਾਨਾਂ 'ਤੇ ਹਨ। ਇਸਦਾ ਕਾਰਨ ਉਨ੍ਹਾਂ ਦੇ ਮਜਬੂਤ ਕੂਟਨੀਤਿਕ ਸੰਬੰਧ, ਸੱਭਿਆਚਾਰਕ ਸੰਸਥਾਵਾਂ ਅਤੇ ਯੂਰਪੀ ਸੰਘ ਵਿੱਚ ਆਰਥਿਕ ਸਹਿਯੋਗ ਹੈ। ਸਵਿਟਜ਼ਰਲੈਂਡ ਅਤੇ ਕੈਨੇਡਾ ਨੇ 63.2 ਦੇ ਇਕਸਾਰ ਸਕੋਰ ਨਾਲ ਆਪਣੀ ਪਛਾਣ ਬਣਾਈ ਹੈ। ਇਹ ਦੇਸ਼ ਆਪਣੀ ਰਾਜਨੀਤਿਕ ਸਥਿਰਤਾ, ਉੱਚ ਜੀਵਨ ਮਿਆਰ ਅਤੇ ਮਜਬੂਤ ਪ੍ਰਸ਼ਾਸਨ ਲਈ ਜਾਣੇ ਜਾਂਦੇ ਹਨ। ਇਟਲੀ ਆਪਣੀ ਸੱਭਿਆਚਾਰਕ ਵਿਰਾਸਤ, ਫੈਸ਼ਨ, ਖਾਣ-ਪੀਣ ਅਤੇ ਸੈਰ-ਸਪਾਟੇ ਰਾਹੀਂ ਆਪਣੀ ਸਾਫ਼ਟ ਪਾਵਰ ਕਾਇਮ ਰੱਖਦਾ ਹੈ।

### ਏਸ਼ੀਆਈ ਦੇਸ਼ਾਂ ਦੀ ਉੱਭਰਦੀ ਤਾਕਤ

ਜਪਾਨ ਤੀਜੇ ਸਥਾਨ 'ਤੇ ਹੈ, ਜੋ ਉਸਦੀ ਤਕਨੀਕੀ ਅਗਵਾਈ ਅਤੇ ਗਲੋਬਲ ਬ੍ਰਾਂਡਾਂ ਦੀ ਮਜਬੂਤੀ ਨੂੰ ਦਰਸਾਉਂਦਾ ਹੈ। ਦੱਖਣੀ ਕੋਰੀਆ ਵੀ ਟੌਪ-15 ਵਿੱਚ ਹੈ, ਜਿਸਨੂੰ ਕੇ-ਪੋਪ, ਫਿਲਮਾਂ ਅਤੇ ਟੈਕਨਾਲੋਜੀ ਨੇ ਵੱਡਾ ਧੱਕਾ ਦਿੱਤਾ ਹੈ। ਇਹ ਸਪਸ਼ਟ ਹੈ ਕਿ ਏਸ਼ੀਆ ਹੁਣ ਸਿਰਫ਼ ਉਤਪਾਦਨ ਕੇਂਦਰ ਨਹੀਂ, ਸਗੋਂ ਸੱਭਿਆਚਾਰਕ ਅਤੇ ਤਕਨੀਕੀ ਪ੍ਰਭਾਵ ਦਾ ਵੀ ਕੇਂਦਰ ਬਣ ਰਿਹਾ ਹੈ।

### ਭਾਰਤ ਦੀ ਸਥਿਤੀ- ਸੰਭਾਵਨਾਵਾਂ ਦੇ ਬਾਵਜੂਦ ਚੁਣੌਤੀਆਂ

ਭਾਰਤ ਇਸ ਸੂਚੀ ਵਿੱਚ 32ਵੇਂ ਸਥਾਨ 'ਤੇ ਹੈ, ਜਿਸਦਾ ਸਕੋਰ 48.0 ਹੈ। ਪਿਛਲੇ ਸਾਲ ਦੇ ਮੁਕਾਬਲੇ ਇਹ ਦੋ ਪੌੜੀਆਂ ਹੇਠਾਂ ਆ ਗਿਆ ਹੈ।




ਭਾਰਤ ਦੀ ਸਾਫ਼ਟ ਪਾਵਰ ਦੇ ਮੁੱਖ ਸਰੋਤ ਹਨ: ਯੋਗ ਤੇ ਆਯੁਰਵੇਦ, ਭਾਰਤੀ ਖਾਣਾ, ਬਾਲੀਵੁੱਡ ਤੇ ਮਨੋਰੰਜਨ, ਵਿਸ਼ਾਲ ਸੱਭਿਆਚਾਰਕ ਵਿਰਾਸਤ ਅਤੇ ਲੋਕਤੰਤਰਕ ਪ੍ਰਣਾਲੀ। ਭਾਰਤ ਦਾ ਡਾਇਸਪੋਰਾ ਵੀ ਉਸਦੀ ਸਾਫ਼ਟ ਪਾਵਰ ਨੂੰ ਵਧਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ। ਦੁਨੀਆ ਭਰ ਵਿੱਚ ਰਹਿੰਦੇ ਭਾਰਤੀ ਆਪਣੇ ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਪ੍ਰਚਾਰਿਤ ਕਰਦੇ ਹਨ।

### ਭਾਰਤ ਕਿਉਂ ਪਿੱਛੇ ਰਹਿ ਗਿਆ?

ਮਾਹਿਰਾਂ ਅਨੁਸਾਰ ਭਾਰਤ ਦੀ ਰੈਂਕਿੰਗ ਵਿੱਚ ਗਿਰਾਵਟ ਦੇ ਕੁਝ ਕਾਰਨ ਇਹ ਹੋ ਸਕਦੇ ਹਨ:

*ਗਲੋਬਲ ਮੀਡੀਆ ਨੈਰੇਟਿਵ ਵਿੱਚ ਸੀਮਿਤ ਪ੍ਰਭਾਵ

*ਸਿੱਖਿਆ ਅਤੇ ਰਿਸਰਚ ਵਿੱਚ ਘੱਟ ਅੰਤਰਰਾਸ਼ਟਰੀ ਦਬਦਬਾ

*ਨੀਤੀ ਸਥਿਰਤਾ ਅਤੇ ਗਵਰਨੈਂਸ ਨਾਲ ਜੁੜੇ ਸਵਾਲ

*ਬ੍ਰਾਂਡਿੰਗ ਅਤੇ ਗਲੋਬਲ ਕਮਿਊਨੀਕੇਸ਼ਨ ਦੀ ਕਮੀ

ਹਾਲਾਂਕਿ ਭਾਰਤ ਦੀ ਸੰਭਾਵਨਾ ਕਾਫ਼ੀ ਵੱਡੀ ਹੈ, ਪਰ ਇਸਨੂੰ ਸਿਸਟਮੈਟਿਕ ਢੰਗ ਨਾਲ ਵਰਤਣ ਦੀ ਲੋੜ ਹੈ।

### ਸਾਫ਼ਟ ਪਾਵਰ ਕਿਉਂ ਮਹੱਤਵਪੂਰਨ?

ਅੱਜ ਦੇ ਯੁੱਗ ਵਿੱਚ ਸਾਫ਼ਟ ਪਾਵਰ ਇੱਕ ਦੇਸ਼ ਲਈ ਕਈ ਤਰੀਕਿਆਂ ਨਾਲ ਲਾਭਕਾਰੀ ਹੈ: ਵਿਦੇਸ਼ੀ ਨਿਵੇਸ਼ ਖਿੱਚਣਾ, ਸੈਰ-ਸਪਾਟੇ ਨੂੰ ਵਧਾਉਣਾ, ਗਲੋਬਲ ਸਹਿਯੋਗ ਮਜਬੂਤ ਕਰਨਾ ਅਤੇ ਅੰਤਰਰਾਸ਼ਟਰੀ ਅਕਸ ਨੂੰ ਸੁਧਾਰਨਾ। ਜਿਹੜਾ ਦੇਸ਼ ਆਪਣੀ ਸਾਫ਼ਟ ਪਾਵਰ ਮਜਬੂਤ ਕਰਦਾ ਹੈ, ਉਹ ਬਿਨਾ ਟਕਰਾਅ ਦੇ ਵੀ ਦੁਨੀਆ ਵਿੱਚ ਆਪਣੀ ਪਹੁੰਚ ਵਧਾ ਸਕਦਾ ਹੈ।

### ਭਵਿੱਖ ਦੀ ਦੌੜ

ਅਮਰੀਕਾ ਅਤੇ ਚੀਨ ਵਿਚਕਾਰ ਚੱਲ ਰਹੀ ਟੱਕਰ ਦਰਸਾਉਂਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਾਫ਼ਟ ਪਾਵਰ ਦੀ ਦੌੜ ਹੋਰ ਤੇਜ਼ ਹੋਵੇਗੀ। ਟੈਕਨਾਲੋਜੀ, ਡਿਜੀਟਲ ਮੀਡੀਆ, ਆਰਟੀਫ਼ੀਸ਼ਲ ਇੰਟੈਲੀਜੈਂਸ ਅਤੇ ਸੱਭਿਆਚਾਰਕ ਦਰਾਮਦ-ਬਰਾਮਦ ਇਸ ਮੁਕਾਬਲੇ ਦੇ ਮੁੱਖ ਹਥਿਆਰ ਹੋਣਗੇ। ਗਲੋਬਲ ਸਾਫ਼ਟ ਪਾਵਰ ਇੰਡੈਕਸ-2026 ਇੱਕ ਸਪਸ਼ਟ ਸੰਦੇਸ਼ ਦਿੰਦਾ ਹੈ ਕਿ ਦੁਨੀਆ ਵਿੱਚ ਪ੍ਰਭਾਵ ਬਣਾਉਣ ਲਈ ਸਿਰਫ਼ ਤਾਕਤ ਨਹੀਂ, ਸਗੋਂ ਆਕਰਸ਼ਣ ਵੀ ਲਾਜ਼ਮੀ ਹੈ।

ਅਮਰੀਕਾ ਅਤੇ ਚੀਨ ਦੀ ਟੱਕਰ ਇਹ ਦਰਸਾਉਂਦੀ ਹੈ ਕਿ ਗਲੋਬਲ ਲੀਡਰਸ਼ਿਪ ਹੁਣ ਕਈ ਮੋਰਚਿਆਂ 'ਤੇ ਤੈਅ ਹੁੰਦੀ ਹੈ। ਭਾਰਤ ਲਈ ਇਹ ਇੱਕ ਮੌਕਾ ਵੀ ਹੈ ਅਤੇ ਚੁਣੌਤੀ ਵੀ; ਕਿਉਂਕਿ ਉਸਦੇ ਕੋਲ ਸੱਭਿਆਚਾਰਕ ਅਮੀਰੀ ਹੈ, ਪਰ ਉਸਨੂੰ ਇਸਨੂੰ ਵਿਸ਼ਵ ਪੱਧਰ 'ਤੇ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਦੀ ਲੋੜ ਹੈ। ਜੇ ਭਾਰਤ ਆਪਣੀ ਸਾਫ਼ਟ ਪਾਵਰ ਨੂੰ ਠੀਕ ਤਰੀਕੇ ਨਾਲ ਵਰਤਦਾ ਹੈ ਤਾਂ ਆਉਣ ਵਾਲੇ ਸਾਲਾਂ ਵਿੱਚ ਉਹ ਇਸ ਸੂਚੀ ਵਿੱਚ ਉੱਚ ਸਥਾਨ ਹਾਸਲ ਕਰ ਸਕਦਾ ਹੈ।

# ਪਾਕਿਸਤਾਨ ਵਿੱਚ ਕਿਸਾਨਾਂ ਦਾ ਗੁੱਸਾ ਸੜਕਾਂ 'ਤੇ

### ਭਾਰਤ ਦੇ ਕਿਸਾਨ ਅੰਦੋਲਨ ਤੋਂ ਪ੍ਰੇਰਣਾ

ਪਾਕਿਸਤਾਨ ਵਿੱਚ ਚੱਲ ਰਹੇ ਇਸ ਕਿਸਾਨ ਅੰਦੋਲਨ ਦੀ ਤੁਲਨਾ ਭਾਰਤ ਦੇ ਉਸ ਇਤਿਹਾਸਕ ਅੰਦੋਲਨ ਨਾਲ ਵੀ ਕੀਤੀ ਜਾ ਰਹੀ ਹੈ, ਜੋ ਦਿੱਲੀ ਦੇ ਬਾਰਡਰਾਂ 'ਤੇ ਲੜਿਆ ਗਿਆ ਸੀ। ਭਾਰਤ ਵਿੱਚ 2020-21 ਦੌਰਾਨ ਕਿਸਾਨਾਂ ਨੇ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਲੰਬਾ ਸੰਘਰਸ਼ ਕੀਤਾ ਸੀ। ਇਹ ਅੰਦੋਲਨ ਲਗਭਗ ਇੱਕ ਸਾਲ ਤੱਕ ਚੱਲਿਆ ਅਤੇ ਆਖ਼ਿਰਕਾਰ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣੇ ਪਏ।

ਇਸ ਅੰਦੋਲਨ ਵਿੱਚ ਪੰਜਾਬ ਦੇ ਕਿਸਾਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ। ਉਨ੍ਹਾਂ ਨੇ ਲੰਬੇ ਸਮੇਂ ਤੱਕ ਦਿੱਲੀ ਦੀਆਂ ਸਰਹੱਦਾਂ 'ਤੇ ਡਟ ਕੇ ਸੰਘਰਸ਼ ਕੀਤਾ ਅਤੇ ਦੇਸ਼ ਭਰ ਦੇ ਕਿਸਾਨਾਂ ਨੂੰ ਇਕੱਠਾ ਕੀਤਾ। ਇਸ ਤਜਰਬੇ ਨੇ ਇਹ ਸਾਬਤ ਕੀਤਾ ਕਿ ਜਦੋਂ ਕਿਸਾਨ ਇਕੱਠੇ ਹੋ ਜਾਂਦੇ ਹਨ, ਤਾਂ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਨੂੰ ਵੀ ਬਦਲਿਆ ਜਾ ਸਕਦਾ ਹੈ।

### ਦੱਖਣੀ ਏਸ਼ੀਆ 'ਚ ਸਾਂਝੀਆਂ ਸਮੱਸਿਆਵਾਂ

ਭਾਰਤ ਅਤੇ ਪਾਕਿਸਤਾਨ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਕਾਫ਼ੀ ਹੱਦ ਤੱਕ ਇੱਕੋ ਜਿਹੀਆਂ ਹਨ- ਵਧਦੀ ਲਾਗਤ, ਘੱਟ ਭਾਅ, ਕਰਜ਼ਾ ਅਤੇ ਨੀਤੀਆਂ ਦੀ ਅਸਪਸ਼ਟਤਾ। ਦੋਹਾਂ ਦੇਸ਼ਾਂ ਵਿੱਚ ਛੋਟੇ ਕਿਸਾਨਾਂ ਦੀ ਗਿਣਤੀ ਵੱਧ ਹੈ ਅਤੇ ਉਹ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਇਸ ਲਈ ਅਜਿਹੇ ਅੰਦੋਲਨ ਦੱਖਣੀ ਏਸ਼ੀਆ ਵਿੱਚ ਕਿਸਾਨਾਂ ਦੀ ਸਾਂਝੀ ਚਿੰਤਾ ਨੂੰ ਦਰਸਾਉਂਦੇ ਹਨ।

### ਅੱਗੇ ਕੀ ਹੋ ਸਕਦਾ ਹੈ?

ਜੇ ਪਾਕਿਸਤਾਨ ਸਰਕਾਰ ਨੇ ਜਲਦੀ ਹੀ ਕਿਸਾਨਾਂ ਦੀਆਂ ਮੰਗਾਂ 'ਤੇ ਧਿਆਨ ਨਾ ਦਿੱਤਾ, ਤਾਂ ਇਹ ਅੰਦੋਲਨ ਹੋਰ ਵੱਡਾ ਰੂਪ ਧਾਰ ਸਕਦਾ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇ ਕਿਸਾਨ ਲੰਬੇ ਸਮੇਂ ਲਈ ਸੜਕਾਂ 'ਤੇ ਰਹੇ, ਤਾਂ ਇਸਦਾ ਅਸਰ ਖੇਤੀਬਾੜੀ ਉਤਪਾਦਨ ਅਤੇ ਦੇਸ਼ ਦੀ ਅਰਥਵਿਵਸਥਾ 'ਤੇ ਵੀ ਪੈ ਸਕਦਾ ਹੈ। ਪਾਕਿਸਤਾਨ ਵਿੱਚ ਚੱਲ ਰਿਹਾ ਕਿਸਾਨ ਅੰਦੋਲਨ ਸਿਰਫ਼ ਇੱਕ ਦੇਸ਼ ਦੀ ਅੰਦਰੂਨੀ ਘਟਨਾ ਨਹੀਂ, ਸਗੋਂ ਇੱਕ ਵੱਡਾ ਸੰਕੇਤ ਹੈ ਕਿ ਖੇਤੀਬਾੜੀ ਖੇਤਰ ਵਿੱਚ ਸੰਕਟ ਵਧ ਰਿਹਾ ਹੈ। ਕਿਸਾਨਾਂ ਦੀਆਂ ਮੰਗਾਂ ਸਿਰਫ਼ ਭਾਅ ਵਧਾਉਣ ਦੀ ਨਹੀਂ, ਸਗੋਂ ਆਪਣੀ ਰੋਜ਼ੀ-ਰੋਟੀ ਅਤੇ ਹੱਕਾਂ ਦੀ ਰਾਖੀ ਦੀ ਹੈ।

ਭਾਰਤ ਦੇ ਕਿਸਾਨ ਅੰਦੋਲਨ ਨੇ ਪਹਿਲਾਂ ਹੀ ਦਿਖਾ ਦਿੱਤਾ ਹੈ ਕਿ ਜਦੋਂ ਕਿਸਾਨ ਇਕੱਠੇ ਹੁੰਦੇ ਹਨ, ਤਾਂ ਉਹ ਵੱਡੇ ਫੈਸਲਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਹੁਣ ਦੇਖਣਾ ਇਹ ਹੈ ਕਿ ਪਾਕਿਸਤਾਨ ਵਿੱਚ ਇਹ ਅੰਦੋਲਨ ਕਿਸ ਦਿਸ਼ਾ ਵਿੱਚ ਜਾਂਦਾ ਹੈ। ਕੀ ਸਰਕਾਰ ਸਮੇਂ ਸਿਰ ਕਦਮ ਚੁੱਕਦੀ ਹੈ ਜਾਂ ਫਿਰ ਇਹ ਸੰਘਰਸ਼ ਹੋਰ ਵੱਡਾ ਰੂਪ ਲੈਂਦਾ ਹੈ। ਇੱਕ ਗੱਲ ਸਪਸ਼ਟ ਹੈ ਕਿ ਦੱਖਣੀ ਏਸ਼ੀਆ ਵਿੱਚ ਕਿਸਾਨਾਂ ਦੀ ਆਵਾਜ਼ ਹੁਣ ਹੋਰ ਮਜਬੂਤ ਹੋ ਰਹੀ ਹੈ ਅਤੇ ਇਸ ਨੂੰ ਅਣਡਿੱਠਾ ਕਰਨਾ ਆਸਾਨ ਨਹੀਂ ਰਹੇਗਾ।

-0-



# ਭਾਰਤ ਦੇ ਪਿੰਡਾਂ ਵਿੱਚ 46% ਪਰਿਵਾਰ ਬੇ-ਜ਼ਮੀਨੇ, ਕੁੱਝ ਕੁ ਹੱਥਾਂ ਵਿੱਚ ਹੀ ਹੈ 'ਸਾਰਾ ਕੁੱਝ'

ਪੰਜਾਬੀ ਪਰਵਾਜ਼ ਬਿਊਰੋ

ਭਾਰਤ ਨੂੰ ਖੇਤੀਬਾੜੀ ਪ੍ਰਧਾਨ ਦੇਸ਼ ਕਿਹਾ ਜਾਂਦਾ ਹੈ, ਜਿੱਥੇ ਕਰੋੜਾਂ ਲੋਕ ਆਪਣੀ ਰੋਜ਼ੀ-ਰੋਟੀ ਲਈ ਜ਼ਮੀਨ 'ਤੇ ਨਿਰਭਰ ਹਨ; ਪਰ ਇੱਕ ਨਵੀਂ ਅਧਿਐਨ ਰਿਪੋਰਟ ਨੇ ਪਿੰਡਾਂ ਦੀ ਹਕੀਕਤ ਦਾ ਇੱਕ ਤਲਖ਼ ਸੱਚ ਸਾਹਮਣੇ ਰੱਖ ਦਿੱਤਾ ਹੈ। ਦੇਸ਼ ਦੇ ਲਗਭਗ 46 ਫ਼ੀਸਦੀ ਪਿੰਡਾਂ ਦੇ ਪਰਿਵਾਰਾਂ ਕੋਲ ਆਪਣੀ ਜ਼ਮੀਨ ਨਹੀਂ ਹੈ, ਜਦਕਿ ਦੂਜੇ ਪਾਸੇ ਜ਼ਮੀਨ ਦਾ ਵੱਡਾ ਹਿੱਸਾ ਕੁਝ ਗਿਣਤੀ ਦੇ ਲੋਕਾਂ ਦੇ ਹੱਥਾਂ ਵਿੱਚ ਕੇਂਦਰਿਤ ਹੈ। ਰਿਪੋਰਟ ਮੁਤਾਬਕ ਸਿਰਫ਼ 10 ਫ਼ੀਸਦੀ ਲੋਕਾਂ ਦੇ ਕੋਲ 44 ਫ਼ੀਸਦੀ ਜ਼ਮੀਨ ਹੈ, ਜਦਕਿ ਸਭ ਤੋਂ ਅਮੀਰ 1 ਫ਼ੀਸਦੀ ਲੋਕ 18 ਫ਼ੀਸਦੀ ਜ਼ਮੀਨ ਦੇ ਮਾਲਕ ਹਨ। ਇਹ ਅੰਕੜੇ ਨਾ ਸਿਰਫ਼ ਹੈਰਾਨ ਕਰਨ ਵਾਲੇ ਹਨ, ਸਗੋਂ ਪਿੰਡਾਂ ਵਿੱਚ ਵਧ ਰਹੀ ਆਰਥਿਕ ਅਤੇ ਸਮਾਜਿਕ ਅਸਮਾਨਤਾ ਦੀ ਗੰਭੀਰ ਤਸਵੀਰ ਵੀ ਪੇਸ਼ ਕਰਦੇ ਹਨ।

**ਅੱਧਾ ਪੇਂਡੂ ਭਾਰਤ ਬੇ-ਜ਼ਮੀਨਾ:** ਇਸਦਾ ਸਿੱਧਾ ਮਤਲਬ ਹੈ ਕਿ ਭਾਰਤ ਦਾ ਲਗਭਗ ਅੱਧਾ ਪੇਂਡੂ ਸਮਾਜ ਜਾਂ ਤਾਂ ਦੂਜਿਆਂ ਦੀ ਜ਼ਮੀਨ 'ਤੇ ਖੇਤੀ ਕਰਦਾ ਹੈ ਜਾਂ ਮਜ਼ਦੂਰੀ 'ਤੇ ਨਿਰਭਰ ਹੈ। ਜ਼ਮੀਨ ਦੇ ਬਿਨਾ ਨਾ ਕੇਵਲ ਆਮਦਨ ਘੱਟ ਰਹਿੰਦੀ ਹੈ, ਸਗੋਂ ਜੀਵਨ ਦੀ ਸੁਰੱਖਿਆ ਅਤੇ ਭਵਿੱਖ ਦੀ ਯੋਜਨਾ ਵੀ ਅਸਥਿਰ ਰਹਿੰਦੀ ਹੈ। ਜੇ ਹੋਰ ਡੂੰਘਾਈ ਵਿੱਚ ਵੇਖੀਏ ਤਾਂ ਉੱਪਰਲੇ 5 ਫ਼ੀਸਦੀ ਲੋਕਾਂ ਦੇ ਕੋਲ ਹੀ ਕਰੀਬ 32 ਫ਼ੀਸਦੀ ਜ਼ਮੀਨ ਹੈ। ਇਸਦਾ ਮਤਲਬ ਹੈ ਕਿ ਵੱਡੀ ਮਲਕੀਅਤ ਬਹੁਤ ਹੀ ਥੋੜ੍ਹੇ ਵਰਗ ਵਿੱਚ ਸਿਮਟ ਚੁੱਕੀ ਹੈ, ਜਦਕਿ ਵੱਡੀ ਅਬਾਦੀ ਇਸ ਤੋਂ ਬਾਹਰ ਹੈ।

ਇਹ ਅੰਕੜੇ 'ਲੈਂਡ ਇਨਇਕੁਐਲਿਟੀ ਇਨ ਇੰਡੀਆ: ਨੇਚਰ, ਹਿਸਟਰੀ ਐਂਡ ਮਾਰਕੀਟਸ' ਨਾਮੀਂ ਵਿਸਥਾਰਪੂਰਵਕ ਅਧਿਐਨ ਵਿੱਚ ਸਾਹਮਣੇ ਆਏ ਹਨ। ਇਸ ਵਿੱਚ ਲਗਭਗ 2.7 ਲੱਖ ਪਿੰਡਾਂ ਅਤੇ 65 ਕਰੋੜ ਲੋਕਾਂ ਨਾਲ ਸੰਬੰਧਿਤ ਡਾਟਾ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹ ਅਧਿਐਨ ਦਰਸਾਉਂਦਾ ਹੈ ਕਿ ਜ਼ਮੀਨ ਦੀ ਕਾਣੀ ਵੰਡ ਸਿਰਫ਼ ਆਰਥਿਕ ਕਾਰਨਾਂ ਨਾਲ ਨਹੀਂ, ਸਗੋਂ ਇਤਿਹਾਸ, ਸਮਾਜਿਕ ਢਾਂਚੇ ਅਤੇ ਕੁਦਰਤੀ ਹਾਲਾਤ ਨਾਲ ਵੀ ਜੁੜੀ ਹੋਈ ਹੈ।

**ਉਪਜਾਊ ਇਲਾਕਿਆਂ ਵਿੱਚ ਵਧੀ ਅਸਮਾਨਤਾ:** ਇੱਕ ਹੈਰਾਨ ਕਰਨ ਵਾਲੀ ਗੱਲ ਇਹ ਸਾਹਮਣੇ ਆਈ ਹੈ ਕਿ ਜਿੱਥੇ ਜ਼ਮੀਨ ਜ਼ਿਆਦਾ ਉਪਜਾਊ ਹੈ, ਉੱਥੇ ਅਸਮਾਨਤਾ ਹੋਰ ਵਧੀ ਹੋਈ ਹੈ। ਜਿਹੜੇ ਖੇਤਰਾਂ ਵਿੱਚ ਮਿੱਟੀ ਉੱਤਮ ਹੈ ਅਤੇ ਪੈਦਾਵਾਰ ਵਧੀਆ ਹੋ ਸਕਦੀ ਹੈ, ਉੱਥੇ ਜ਼ਮੀਨ ਵੱਡੇ ਕਿਸਾਨਾਂ ਦੇ ਹੱਥਾਂ ਵਿੱਚ ਜ਼ਿਆਦਾ ਕੇਂਦਰਿਤ ਹੈ। ਇਸ ਨਾਲ ਛੋਟੇ ਕਿਸਾਨਾਂ ਦੀ ਹਿੱਸੇਦਾਰੀ ਹੋਰ ਘੱਟ ਜਾਂਦੀ ਹੈ। ਇਹ ਇੱਕ ਵੱਡੀ ਤ੍ਰਾਸਦੀ ਹੈ ਕਿ ਜਿੱਥੇ ਮੌਕੇ ਵੱਧ ਹਨ, ਉੱਥੇ ਹੀ ਬਰਾਬਰੀ ਘੱਟ ਹੈ।

ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ ਜਿਨ੍ਹਾਂ ਇਲਾਕਿਆਂ ਵਿੱਚ ਬ੍ਰਿਟਿਸ਼ ਰਾਜ ਦੌਰਾਨ ਜ਼ਮੀਂਦਾਰੀ ਪ੍ਰਥਾ ਜ਼ਿਆਦਾ ਮਜ਼ਬੂਤ ਸੀ, ਉੱਥੇ ਅੱਜ ਵੀ ਜ਼ਮੀਨ ਦੀ ਕਾਣੀ ਵੰਡ ਵੱਧ ਹੈ। ਇਹ ਸਾਬਤ ਕਰਦਾ ਹੈ ਕਿ ਇਤਿਹਾਸਕ ਨੀਤੀਆਂ ਦਾ ਅਸਰ ਪੀੜ੍ਹੀਆਂ ਤੱਕ ਰਹਿੰਦਾ ਹੈ। ਜ਼ਮੀਂਦਾਰੀ ਪ੍ਰਥਾ ਖ਼ਤਮ ਹੋਣ ਦੇ ਬਾਵਜੂਦ, ਉਸਦੀ ਛਾਪ ਅਜੇ ਵੀ ਪਿੰਡਾਂ ਦੇ ਢਾਂਚੇ ਵਿੱਚ ਮੌਜੂਦ ਹੈ।

**ਸਮਾਜਿਕ ਢਾਂਚਾ-ਅਸਮਾਨਤਾ ਦੀ ਜੜ:** ਭਾਰਤ ਦੇ ਪਿੰਡਾਂ ਵਿੱਚ ਜ਼ਮੀਨ ਦੀ ਵੰਡ ਜਾਤੀ ਅਤੇ ਸਮਾਜਿਕ ਪਛਾਣ ਨਾਲ ਵੀ ਜੁੜੀ ਹੋਈ ਹੈ। ਜਿੱਥੇ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੀ ਆਬਾਦੀ ਵੱਧ ਹੈ, ਉੱਥੇ ਬੇਜ਼ਮੀਨੀ ਦਰ ਵੀ ਵੱਧ ਹੈ। ਇਸਦਾ ਮਤਲਬ ਹੈ ਕਿ ਆਰਥਿਕ ਮੌਕੇ ਅਜੇ ਵੀ ਸਮਾਜਿਕ ਪਛਾਣ ਦੇ ਆਧਾਰ 'ਤੇ ਨਿਰਧਾਰਤ ਹੁੰਦੇ ਹਨ।

**ਰਾਜਾਂ ਵਿੱਚ ਵੱਡਾ ਅੰਤਰ:** ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਜ਼ਮੀਨ ਦੀ ਅਸਮਾਨਤਾ ਦਾ ਪੱਧਰ ਇੱਕੋ ਜਿਹਾ ਨਹੀਂ ਹੈ। ਕੁਝ ਰਾਜਾਂ ਵਿੱਚ ਇਹ ਕਾਫ਼ੀ ਘੱਟ ਹੈ, ਜਦਕਿ ਕੁਝ ਵਿੱਚ ਬਹੁਤ ਵੱਧ। ਉਦਾਹਰਨ ਲਈ, ਕੇਰਲ ਅਤੇ ਪੱਛਮੀ ਬੰਗਾਲ ਵਿੱਚ ਜ਼ਮੀਨੀ ਸੁਧਾਰ ਨੀਤੀਆਂ ਦੇ ਕਾਰਨ ਅਸਮਾਨਤਾ ਕੁਝ ਹੱਦ ਤੱਕ ਘੱਟ ਕੀਤੀ ਗਈ ਹੈ। ਇਸਦੇ ਉਲਟ ਹੋਰ ਕਈ ਰਾਜਾਂ ਵਿੱਚ ਇਹ ਸਮੱਸਿਆ ਅਜੇ ਵੀ ਗੰਭੀਰ ਹੈ।

**ਮਾਰਕੀਟ ਅਤੇ ਵਿਕਾਸ ਵੀ ਨਾਕਾਮ:** ਇਹ ਉਮੀਦ ਕੀਤੀ ਜਾਂਦੀ ਸੀ ਕਿ ਸੜਕਾਂ, ਸ਼ਹਿਰਾਂ ਦੀ ਨੇੜਤਾ ਅਤੇ ਮਾਰਕੀਟ ਤੱਕ ਪਹੁੰਚ ਨਾਲ ਹਾਲਾਤ ਸੁਧਰਨਗੇ। ਪਰ ਰਿਪੋਰਟ ਦੱਸਦੀ ਹੈ ਕਿ ਇਹ ਕਾਰਕ ਵੀ ਅਸਮਾਨਤਾ ਘਟਾਉਣ ਵਿੱਚ ਪੂਰੀ ਤਰ੍ਹਾਂ ਸਫਲ ਨਹੀਂ ਹੋਏ। ਕਈ ਪਿੰਡਾਂ ਵਿੱਚ ਅਜੇ ਵੀ ਇੱਕ ਵੱਡਾ ਜ਼ਮੀਂਦਾਰ ਹੀ ਜ਼ਮੀਨ ਦਾ ਵੱਡਾ ਹਿੱਸਾ ਕਬਜ਼ੇ ਵਿੱਚ ਰੱਖਦਾ ਹੈ। ਔਸਤ ਤੌਰ 'ਤੇ ਇੱਕ ਵੱਡਾ ਮਾਲਕ ਪਿੰਡ ਦੀ ਲਗਭਗ 12 ਫ਼ੀਸਦੀ ਜ਼ਮੀਨ ਦਾ ਮਾਲਕ ਹੁੰਦਾ ਹੈ। ਕੁਝ ਮਾਮਲਿਆਂ ਵਿੱਚ ਤਾਂ ਇੱਕ ਹੀ ਵਿਅਕਤੀ ਅੱਧ ਤੋਂ ਵੱਧ ਜ਼ਮੀਨ 'ਤੇ ਕਬਜ਼ਾ ਰੱਖਦਾ ਹੈ।

**ਵਿਕਾਸ 'ਤੇ ਅਸਰ:** ਰਿਪੋਰਟ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਜਿੱਥੇ ਜ਼ਮੀਨ ਦੀ ਅਸਮਾਨਤਾ ਘੱਟ ਹੈ, ਉੱਥੇ ਵਿਕਾਸ ਵੀ ਵਧੀਆ ਹੈ-ਜਿਵੇਂ ਸੜਕਾਂ, ਸਕੂਲ ਅਤੇ ਹੋਰ ਸਹੂਲਤਾਂ। ਪਰ ਜਿੱਥੇ ਅਸਮਾਨਤਾ ਬਹੁਤ ਵੱਧ ਹੈ, ਉੱਥੇ ਵਿਕਾਸ ਰੁਕ ਜਾਂਦਾ ਹੈ। ਇਸਦਾ ਕਾਰਨ ਇਹ ਹੈ ਕਿ ਜਦੋਂ ਸੱਤਾ ਅਤੇ ਸਰੋਤ ਕੁਝ ਹੱਥਾਂ ਵਿੱਚ ਹੀ ਕੇਂਦਰਿਤ ਹੋ ਜਾਂਦੇ ਹਨ, ਤਾਂ ਸਮਾਜਿਕ ਤਰੱਕੀ ਸਭ ਲਈ ਸੰਭਵ ਨਹੀਂ ਰਹਿੰਦੀ।



**ਜ਼ਮੀਨ ਸਿਰਫ਼ ਸੰਪਤੀ ਨਹੀਂ:** ਪਿੰਡਾਂ ਵਿੱਚ ਜ਼ਮੀਨ ਸਿਰਫ਼ ਆਮਦਨ ਦਾ ਸਰੋਤ ਨਹੀਂ ਹੈ। ਇਹ ਸੁਰੱਖਿਆ, ਸਨਮਾਨ ਅਤੇ ਭਵਿੱਖ ਦੀ ਨਿਸ਼ਾਨੀ ਹੈ। ਜਿਸ ਪਰਿਵਾਰ ਕੋਲ ਆਪਣੀ ਜ਼ਮੀਨ ਹੁੰਦੀ ਹੈ, ਉਸਦੀ ਆਰਥਿਕ ਹਾਲਤ ਮਜ਼ਬੂਤ ਰਹਿੰਦੀ ਹੈ ਅਤੇ ਉਹ ਭਵਿੱਖ ਲਈ ਯੋਜਨਾ ਬਣਾ ਸਕਦਾ ਹੈ। ਪਰ ਜਿਨ੍ਹਾਂ ਕੋਲ ਜ਼ਮੀਨ ਨਹੀਂ, ਉਹ ਹਮੇਸ਼ਾ ਅਸਥਿਰਤਾ ਵਿੱਚ ਜੀਉਂਦੇ ਹਨ। ਇਹ ਅਸਮਾਨਤਾ ਸਿਰਫ਼ ਖੇਤਾਂ ਤੱਕ ਸੀਮਿਤ ਨਹੀਂ ਰਹਿੰਦੀ ਸਗੋਂ ਸਿੱਖਿਆ, ਸਿਹਤ ਅਤੇ ਜੀਵਨ ਦੇ ਹੋਰ ਖੇਤਰਾਂ ਵਿੱਚ ਵੀ ਫੈਲ ਜਾਂਦੀ ਹੈ।

**ਕੀ ਹੱਲ ਸੰਭਵ ਹੈ?** ਇਸ ਗੰਭੀਰ ਸਮੱਸਿਆ ਦਾ ਹੱਲ ਆਸਾਨ ਨਹੀਂ, ਪਰ ਕੁਝ ਕਦਮ ਲਏ ਜਾ ਸਕਦੇ ਹਨ: ਜ਼ਮੀਨੀ ਸੁਧਾਰ ਨੀਤੀਆਂ ਨੂੰ ਮਜ਼ਬੂਤ ਕਰਨਾ; ਛੋਟੇ ਅਤੇ ਬੇਜ਼ਮੀਨ ਕਿਸਾਨਾਂ ਨੂੰ ਸਹਾਇਤਾ ਦੇਣਾ; ਖੇਤੀ ਨਾਲ ਜੁੜੇ ਬਦਲਵੇਂ ਰੋਜ਼ਗਾਰ ਵਧਾਉਣਾ ਅਤੇ ਸਮਾਜਕ ਸਮਾਨਤਾ ਨੂੰ ਪ੍ਰੋਤਸਾਹਿਤ ਕਰਨਾ।

ਭਾਰਤ ਦੇ ਪਿੰਡਾਂ ਵਿੱਚ ਜ਼ਮੀਨ ਦੀ ਅਸਮਾਨਤਾ ਇੱਕ ਵੱਡੀ ਚੁਣੌਤੀ ਹੈ, ਜੋ ਸਿਰਫ਼ ਆਰਥਿਕ ਨਹੀਂ, ਸਗੋਂ ਸਮਾਜਿਕ ਅਤੇ ਇਤਿਹਾਸਕ ਜੜਾਂ ਨਾਲ ਜੁੜੀ ਹੈ। ਜੇ ਅੱਧੀ ਆਬਾਦੀ ਬਿਨਾ ਜ਼ਮੀਨ ਦੇ ਰਹਿੰਦੀ ਹੈ, ਤਾਂ ਇਕਸਾਰ ਵਿਕਾਸ ਦੀ ਗੱਲ ਅਧੂਰੀ ਰਹਿੰਦੀ ਹੈ। ਇਸ ਲਈ ਲੋੜ ਹੈ ਕਿ ਇਸ ਮਸਲੇ ਨੂੰ ਗੰਭੀਰਤਾ ਨਾਲ ਸਮਝਿਆ ਜਾਵੇ ਅਤੇ ਨਿਆਂਪੂਰਨ ਹੱਲ ਲੱਭੇ ਜਾਣ। ਕਿਉਂਕਿ ਜਦ ਤੱਕ ਜ਼ਮੀਨ 'ਤੇ ਹੱਕ ਬਰਾਬਰ ਨਹੀਂ ਹੋਵੇਗਾ, ਤਦ ਤੱਕ ਪਿੰਡਾਂ ਵਿੱਚ ਅਸਲ ਬਰਾਬਰੀ ਅਤੇ ਤਰੱਕੀ ਸੰਭਵ ਨਹੀਂ।

# ਉੱਤਰੀ ਅਮਰੀਕਾ ਵਿੱਚ ਬਰਡ ਫਲੂ ਦਾ ਨਵਾਂ ਰੂਪ ਤੇਜ਼ੀ ਨਾਲ ਫੈਲਿਆ

ਉੱਤਰੀ ਅਮਰੀਕਾ ਵਿੱਚ ਬਰਡ ਫਲੂ (ਏਵੀਅਨ ਇਨਫਲੂਐਂਜ਼ਾ) ਦਾ ਇੱਕ ਨਵਾਂ ਅਤੇ ਹੋਰ ਖ਼ਤਰਨਾਕ ਰੂਪ ਤੇਜ਼ੀ ਨਾਲ ਫੈਲ ਰਿਹਾ ਹੈ। ਵਿਗਿਆਨੀਆਂ ਦੇ ਤਾਜ਼ਾ ਅਧਿਐਨ ਮੁਤਾਬਕ ਇਹ ਵਾਇਰਸ ਹੁਣ ਪੰਛੀਆਂ ਹੀ ਨਹੀਂ, ਸਗੋਂ ਹੋਰ ਜਾਨਵਰਾਂ ਅਤੇ ਕੁਝ ਹੱਦ ਤੱਕ ਮਨੁੱਖਾਂ ਲਈ ਵੀ ਚਿੰਤਾ ਦਾ ਕਾਰਨ ਬਣਦਾ ਜਾ ਰਿਹਾ ਹੈ। ਖ਼ਾਸ ਗੱਲ ਇਹ ਹੈ ਕਿ ਇਹ ਵਾਇਰਸ ਪਰਵਾਸੀ ਪੰਛੀਆਂ ਦੇ ਰਾਹਾਂ ਰਾਹੀਂ ਫੈਲ ਰਿਹਾ ਹੈ, ਜਿਸ ਨਾਲ ਇਸਦਾ ਪ੍ਰਭਾਵ ਇੱਕ ਦੇਸ਼ ਤੱਕ ਸੀਮਿਤ ਨਹੀਂ ਰਹਿੰਦਾ।

**ਨਵਾਂ ਮਿਲਿਆ-ਜੁਲਿਆ ਵਾਇਰਸ-ਤੇਜ਼ ਫੈਲਾਅ:** ਐਚ5ਐਨ1 (H5N1) ਬਰਡ ਫਲੂ ਦਾ ਇੱਕ ਨਵਾਂ ਮਿਲਿਆ-ਜੁਲਿਆ (ਰੀਕੰਬੀਨੈਂਟ) ਰੂਪ, ਜਿਸਨੂੰ ਜੈਨੋਟਾਈਪ D1.1 ਕਿਹਾ ਜਾ ਰਿਹਾ ਹੈ, ਅਮਰੀਕਾ ਅਤੇ ਕੈਨੇਡਾ ਵਿੱਚ ਤੇਜ਼ੀ ਨਾਲ ਫੈਲ ਚੁੱਕਾ ਹੈ। ਇਹ ਵਾਇਰਸ ਪਹਿਲਾਂ ਮੌਜੂਦ ਕਲੇਡ 2.3.4.4ਬੀ ਨੂੰ ਲਗਭਗ ਪੂਰੀ ਤਰ੍ਹਾਂ ਬਦਲ ਚੁੱਕਾ ਹੈ, ਜੋ 2021 ਦੇ ਅੰਤ ਵਿੱਚ ਸਾਹਮਣੇ ਆਇਆ ਸੀ। ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਇਹ ਨਵਾਂ ਰੂਪ 2024 ਦੇ ਅੰਤ ਤੱਕ ਉੱਤਰੀ ਅਮਰੀਕਾ ਵਿੱਚ ਸਭ ਤੋਂ ਪ੍ਰਮੁੱਖ ਵਾਇਰਸ ਬਣ ਗਿਆ। ਇਸ ਦਾ ਫੈਲਾਅ ਖ਼ਾਸ ਤੌਰ 'ਤੇ 2024 ਦੇ ਸਤੰਬਰ ਵਿੱਚ ਪੰਛੀਆਂ ਦੇ ਸ਼ਰਦ ਰੁੱਤ ਪਰਵਾਸ ਦੌਰਾਨ ਵੱਧ ਦੇਖਿਆ ਗਿਆ।

**ਸੈਂਕੜੇ ਪ੍ਰਜਾਤੀਆਂ ਪ੍ਰਭਾਵਿਤ:** ਇਹ ਵਾਇਰਸ ਸਿਰਫ਼ ਕੁਝ ਹੀ ਪੰਛੀਆਂ ਤੱਕ ਸੀਮਿਤ ਨਹੀਂ ਰਿਹਾ। ਵਿਸ਼ਵ ਪੱਧਰ 'ਤੇ ਇਹ 485 ਤੋਂ ਵੱਧ ਪੰਛੀ ਪ੍ਰਜਾਤੀਆਂ ਅਤੇ 48 ਤੱਕ ਥਣਧਾਰੀ ਪ੍ਰਜਾਤੀਆਂ ਨੂੰ ਪ੍ਰਭਾਵਿਤ ਕਰ ਚੁੱਕਾ ਹੈ। ਅਮਰੀਕਾ ਵਿੱਚ ਹੀ ਲਗਭਗ 14,500 ਜੰਗਲੀ ਪੰਛੀਆਂ ਅਤੇ 650 ਥਣਧਾਰੀਆਂ ਵਿੱਚ ਇਸਦੀ ਪੁਸ਼ਟੀ ਹੋਈ ਹੈ। ਕੈਨੇਡਾ ਵਿੱਚ ਪਹਿਲੇ ਹੀ ਸਾਲ ਵਿੱਚ 80 ਜੰਗਲੀ ਪੰਛੀ ਪ੍ਰਜਾਤੀਆਂ ਅਤੇ 12 ਵੱਖ-ਵੱਖ ਜੈਵਿਕ ਸਮੂਹਾਂ ਵਿੱਚ ਇਸਦਾ ਫੈਲਾਅ ਮਿਲਿਆ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਅਸਲ ਗਿਣਤੀ ਇਸ ਤੋਂ ਕਾਫ਼ੀ ਵੱਧ ਹੋ ਸਕਦੀ ਹੈ, ਕਿਉਂਕਿ ਸਾਰੇ ਕੇਸ ਦਰਜ ਨਹੀਂ ਹੁੰਦੇ।

**ਪੋਲਟਰੀ ਉਦਯੋਗ ਨੂੰ ਭਾਰੀ ਝਟਕਾ:** ਬਰਡ ਫਲੂ ਦਾ ਸਭ ਤੋਂ ਵੱਡਾ ਅਸਰ ਪੋਲਟਰੀ ਉਦਯੋਗ 'ਤੇ ਪਿਆ ਹੈ। ਫਰਵਰੀ 2022 ਤੋਂ ਸ਼ੁਰੂ ਹੋਏ ਇਸ ਕਹਿਰ ਵਿੱਚ ਅਮਰੀਕਾ ਵਿੱਚ 2,000 ਤੋਂ ਵੱਧ ਝੁੰਡਾਂ ਦੇ ਕਰੀਬ 18.6 ਕਰੋੜ ਪੰਛੀ ਪ੍ਰਭਾਵਿਤ ਹੋਏ ਹਨ। ਕੈਨੇਡਾ ਵਿੱਚ ਵੀ 534 ਝੁੰਡਾਂ ਦੇ 1.45 ਕਰੋੜ ਤੋਂ ਵੱਧ ਪੰਛੀਆਂ 'ਤੇ ਇਸਦਾ ਅਸਰ ਪਿਆ। ਇਸ ਕਾਰਨ ਅੰਡਿਆਂ ਅਤੇ ਮੁਰਗੀ ਦੇ ਮਾਸ ਦੀ ਸਪਲਾਈ ਵਿੱਚ ਕਮੀ ਅਤੇ ਕੀਮਤਾਂ ਵਿੱਚ ਵਾਧਾ ਦੇਖਿਆ ਗਿਆ ਹੈ। ਖੇਤੀਬਾੜੀ ਨਾਲ ਜੁੜੇ ਲੋਕਾਂ ਲਈ ਇਹ ਵੱਡਾ ਆਰਥਿਕ ਝਟਕਾ ਹੈ।




**ਮਨੁੱਖਾਂ ਵਿੱਚ ਵੀ ਦਰਜ ਹੋਏ ਕੇਸ:** ਇਹ ਵਾਇਰਸ ਹੁਣ ਮਨੁੱਖਾਂ ਲਈ ਵੀ ਖ਼ਤਰਾ ਬਣਦਾ ਜਾ ਰਿਹਾ ਹੈ। ਹੁਣ ਤੱਕ ਇਸ ਨਵੇਂ ਜੈਨੋਟਾਈਪ ਨਾਲ 17 ਮਨੁੱਖੀ ਲਾਗ ਦੇ ਕੇਸ ਦਰਜ ਹੋਏ ਹਨ, ਜਿਨ੍ਹਾਂ ਵਿੱਚੋਂ 4 ਗੰਭੀਰ ਅਤੇ 2 ਮੌਤਾਂ ਨਾਲ ਜੁੜੇ ਹਨ। ਹਾਲਾਂਕਿ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਵੇਲੇ ਮਨੁੱਖ ਤੋਂ ਮਨੁੱਖ ਵਿੱਚ ਫੈਲਣ ਦਾ ਖ਼ਤਰਾ ਘੱਟ ਹੈ, ਪਰ ਇਹ ਸਥਿਤੀ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਮੰਨੀ ਜਾ ਸਕਦੀ।

**ਵਾਇਰਸ ਦੇ ਬਦਲਦੇ ਰੂਪ-ਚਿੰਤਾ ਦਾ ਕਾਰਨ:** ਅਧਿਐਨ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਮਨੁੱਖੀ ਕੇਸਾਂ ਵਿੱਚ ਕੁਝ ਖ਼ਾਸ ਤਬਦੀਲੀਆਂ (ਮਿਊਟੇਸ਼ਨ) ਮਿਲੀਆਂ ਹਨ, ਜਿਵੇਂ HA E190D ਅਤੇ Q226H. ਇਹ ਤਬਦੀਲੀਆਂ ਜੰਗਲੀ ਪੰਛੀਆਂ ਵਿੱਚ ਨਹੀਂ ਮਿਲੀਆਂ, ਜਿਸ ਨਾਲ ਇਹ ਸੰਕੇਤ ਮਿਲਦਾ ਹੈ ਕਿ ਵਾਇਰਸ ਮਨੁੱਖੀ ਸਰੀਰ ਵਿੱਚ ਹੀ ਹੋਰ ਤਾਕਤਵਰ ਬਣ ਸਕਦਾ ਹੈ। ਇਹ ਗੱਲ ਵਿਗਿਆਨੀਆਂ ਲਈ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਇਸ ਨਾਲ ਭਵਿੱਖ ਵਿੱਚ ਵਾਇਰਸ ਹੋਰ ਖ਼ਤਰਨਾਕ ਰੂਪ ਧਾਰ ਸਕਦਾ ਹੈ।

**ਪਰਵਾਸੀ ਪੰਛੀਆਂ ਦੀ ਭੂਮਿਕਾ:** ਇਸ ਵਾਇਰਸ ਦੇ ਫੈਲਾਅ ਵਿੱਚ ਪਰਵਾਸੀ ਪੰਛੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਅਧਿਐਨ ਵਿੱਚ 926 ਨਮੂਨਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਇਹ ਵਾਇਰਸ ਉੱਤਰੀ ਅਮਰੀਕਾ ਦੇ ਚਾਰ ਮੁੱਖ ਪਰਵਾਸੀ ਰਾਹਾਂ ਵਿੱਚ ਫੈਲਿਆ ਹੋਇਆ ਹੈ। ਖ਼ਾਸ ਕਰਕੇ ਹੰਸ (Geese) ਅਤੇ ਬੱਤਖਾਂ ਵਿੱਚ ਇਸਦਾ ਵੱਧ ਅਸਰ ਦੇਖਿਆ ਗਿਆ। ਇਹ ਪੰਛੀ ਲੰਬੀ ਦੂਰੀ ਤੱਕ ਯਾਤਰਾ ਕਰਦੇ ਹਨ, ਜਿਸ ਨਾਲ ਵਾਇਰਸ ਇੱਕ ਖੇਤਰ ਤੋਂ ਦੂਜੇ ਖੇਤਰ ਵਿੱਚ ਆਸਾਨੀ ਨਾਲ ਫੈਲ ਜਾਂਦਾ ਹੈ।

**ਵਾਇਰਸ ਦੀ ਬਣਤਰ:** ਵਿਗਿਆਨਕ ਵਿਸ਼ਲੇਸ਼ਣ ਵਿੱਚ ਇਹ ਵੀ ਪਤਾ ਲੱਗਿਆ ਹੈ ਕਿ ਇਸ ਵਾਇਰਸ ਵਿੱਚ ਨਿਊਰਾਮਿਨਿਡੇਜ਼ (NA) ਦਾ ਇੱਕ ਹਿੱਸਾ ਉੱਤਰੀ ਅਮਰੀਕਾ ਤੋਂ ਆਇਆ ਹੈ। ਇਸ ਨਾਲ ਇਸਦੀ ਰੋਗ-ਰੋਧਕ ਪ੍ਰਣਾਲੀ ਤੋਂ ਬਚਣ ਦੀ ਸਮਰੱਥਾ ਵਧ ਸਕਦੀ ਹੈ। ਇਸ ਤੋਂ ਇਲਾਵਾ ਕੁਝ ਮਾਮਲਿਆਂ ਵਿੱਚ ਇਹ ਵੀ ਦੇਖਿਆ ਗਿਆ ਹੈ ਕਿ ਇਹ ਵਾਇਰਸ ਐਂਟੀਵਾਇਰਲ ਦਵਾਈਆਂ ਦੇ ਪ੍ਰਤੀ ਰੋਧਕਤਾ (resistance) ਵੀ ਵਿਕਸਤ ਕਰ ਸਕਦਾ ਹੈ। ਮਿਸਾਲ ਵਜੋਂ ਬ੍ਰਿਟਿਸ਼ ਕੋਲੰਬੀਆ ਵਿੱਚ ਕੁਝ ਮਾਮਲਿਆਂ ਵਿੱਚ ਓਸੇਲਟਾਮਿਵਿਰ ਦਵਾਈ ਪ੍ਰਤੀ ਰੋਧਕ ਮਿਊਟੇਸ਼ਨ ਮਿਲੀ ਹੈ।

**ਹੋਰ ਜਾਨਵਰਾਂ ਵਿੱਚ ਫੈਲਾਅ:** ਇਹ ਵਾਇਰਸ ਹੁਣ ਸਿਰਫ਼ ਪੰਛੀਆਂ ਤੱਕ ਸੀਮਿਤ ਨਹੀਂ ਰਿਹਾ। ਅਮਰੀਕਾ ਵਿੱਚ ਦੁੱਧ ਦੇਣ ਵਾਲੀਆਂ ਗਾਂਵਾਂ ਵਿੱਚ ਵੀ ਇਹ ਮਿਲਿਆ ਹੈ। ਇਹ ਗੱਲ ਇਸਦੇ ਵਧਦੇ ਖ਼ਤਰੇ ਦੀ ਨਿਸ਼ਾਨੀ ਹੈ, ਕਿਉਂਕਿ ਜਿਵੇਂ ਜਿਵੇਂ ਇਹ ਵੱਖ-ਵੱਖ ਜਾਨਵਰਾਂ ਵਿੱਚ ਫੈਲਦਾ ਹੈ, ਇਸਦੇ ਹੋਰ ਬਦਲਣ ਦੀ ਸੰਭਾਵਨਾ ਵੱਧਦੀ ਹੈ।

**ਵਾਤਾਵਰਣਕ ਕਾਰਕ ਵੀ ਜ਼ਿੰਮੇਵਾਰ:** ਅਧਿਐਨ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਵਾਤਾਵਰਣਕ ਕਾਰਕ-ਜਿਵੇਂ ਸੋਕਾ (Drought) ਅਤੇ ਪੰਛੀਆਂ ਦੀ ਵੱਧਦੀ ਗਿਣਤੀ ਵੀ ਇਸ ਵਾਇਰਸ ਦੇ ਫੈਲਾਅ ਵਿੱਚ ਭੂਮਿਕਾ ਨਿਭਾਅ ਰਹੇ ਹਨ। ਸੋਕੇ ਕਾਰਨ ਪੰਛੀਆਂ ਨੂੰ ਪਾਣੀ ਵਾਲੇ ਸਥਾਨਾਂ 'ਤੇ ਇਕੱਠਾ ਹੋਣਾ ਪੈਂਦਾ ਹੈ, ਜਿਸ ਨਾਲ ਵਾਇਰਸ ਇੱਕ ਤੋਂ ਦੂਜੇ ਵਿੱਚ ਤੇਜ਼ੀ ਨਾਲ ਫੈਲਦਾ ਹੈ।

**ਵੈਕਸੀਨ-ਇੱਕ ਉਮੀਦ:** ਚੰਗੀ ਗੱਲ ਇਹ ਹੈ ਕਿ ਮੌਜੂਦਾ ਵੈਕਸੀਨ ਇਸ ਨਵੇਂ ਜੈਨੋਟਾਈਪ ਖ਼ਿਲਾਫ਼ ਅਜੇ ਵੀ ਪ੍ਰਭਾਵਸ਼ਾਲੀ ਮੰਨੀ ਜਾ ਰਹੀ ਹੈ। ਇਹ ਭਵਿੱਖ ਵਿੱਚ ਮਹਾਂਮਾਰੀ ਤੋਂ ਬਚਾਅ ਲਈ ਇੱਕ ਉਮੀਦ ਹੈ, ਪਰ ਵਿਗਿਆਨੀਆਂ ਦਾ ਕਹਿਣਾ ਹੈ ਕਿ ਸਥਿਤੀ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ ਤੇ ਲਗਾਤਾਰ ਨਿਗਰਾਨੀ ਜ਼ਰੂਰੀ ਹੈ।

**'ਵਨ ਹੈਲਥ' ਦ੍ਰਿਸ਼ਟੀਕੋਣ ਦੀ ਲੋੜ:** ਇਸ ਸੰਕਟ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਮਨੁੱਖੀ ਸਿਹਤ, ਪਸ਼ੂ ਸਿਹਤ ਅਤੇ ਵਾਤਾਵਰਣ ਆਪਸ ਵਿੱਚ ਜੁੜੇ ਹੋਏ ਹਨ। ਇਸ ਲਈ 'ਵਨ ਹੈਲਥ' ਪਹੁੰਚ ਦੀ ਲੋੜ ਹੈ, ਜਿਸ 'ਚ ਤਿੰਨਾਂ ਖੇਤਰਾਂ ਨੂੰ ਇਕੱਠੇ ਦੇਖਿਆ ਜਾਵੇ। ਵਿਗਿਆਨੀਆਂ ਨੇ ਜ਼ੋਰ ਦਿੱਤਾ ਹੈ ਕਿ ਜੰਗਲੀ ਜੀਵਾਂ ਦੀ ਨਿਗਰਾਨੀ, ਖੇਤੀਬਾੜੀ ਵਿੱਚ ਬਾਇਓ-ਸੁਰੱਖਿਆ ਅਤੇ ਜਨ ਸਿਹਤ ਪ੍ਰਣਾਲੀ ਨੂੰ ਇਕੱਠੇ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ।

ਉੱਤਰੀ ਅਮਰੀਕਾ ਵਿੱਚ ਬਰਡ ਫਲੂ ਦਾ ਇਹ ਨਵਾਂ ਰੂਪ ਇੱਕ ਚੇਤਾਵਨੀ ਹੈ ਕਿ ਵਾਇਰਸ ਕਿੰਨੀ ਤੇਜ਼ੀ ਨਾਲ ਬਦਲ ਸਕਦੇ ਹਨ ਅਤੇ ਸਰਹੱਦਾਂ ਤੋਂ ਪਰੇ ਫੈਲ ਸਕਦੇ ਹਨ। ਜੇ ਸਮੇਂ ਸਿਰ ਠੋਸ ਕਦਮ ਨਾ ਚੁੱਕੇ ਗਏ, ਤਾਂ ਇਹ ਸੰਕਟ ਹੋਰ ਵੱਡਾ ਰੂਪ ਧਾਰ ਸਕਦਾ ਹੈ। ਇਸ ਲਈ ਲੋੜ ਹੈ ਸਾਵਧਾਨੀ, ਵਿਗਿਆਨਕ ਨਿਗਰਾਨੀ ਅਤੇ ਅੰਤਰਰਾਸ਼ਟਰੀ ਸਹਿਯੋਗ ਦੀ, ਤਾਂ ਜੋ ਇਸ ਖ਼ਤਰੇ ਨੂੰ ਵਧਣ ਤੋਂ ਰੋਕਿਆ ਜਾ ਸਕੇ।

# ਘੁੰਮਦਾ ਗਲੋਬ: ਮੁਕਾਬਲੇ ਦੇ ਦੌਰ ਦੀ ਨਵੀਂ ਦੁਨੀਆ

ਸੁਨੀਤਾ ਨਰਾਇਣ

**ਹੁਣ ਦੁਨੀਆ ਤਾਕਤਵਰ ਆਗੂਆਂ ਦੇ ਦੌਰ ਵਿੱਚ ਦਾਖ਼ਲ ਹੋ ਚੁੱਕੀ ਹੈ, ਜਿੱਥੇ ਹਰ ਦੇਸ਼ ਨੂੰ ਆਪਣਾ ਆਰਥਿਕ ਭਵਿੱਖ, ਆਪਣੇ ਗਠਜੋੜ ਅਤੇ ਖ਼ੁਸ਼ਹਾਲੀ ਦਾ ਰਸਤਾ ਖ਼ੁਦ ਤੈਅ ਕਰਨਾ ਪਵੇਗਾ।**

"ਪੁਰਾਣੀ ਦੁਨੀਆ ਮਰ ਰਹੀ ਹੈ, ਨਵੀਂ ਦੁਨੀਆ ਜਨਮ ਲੈਣ ਲਈ ਸੰਘਰਸ਼ ਕਰ ਰਹੀ ਹੈ ਅਤੇ ਹੁਣ ਰਾਖਸ਼ਾਂ ਦਾ ਸਮਾਂ ਹੈ।" ਇਤਾਲਵੀ ਦਾਰਸ਼ਨਿਕ ਐਂਟੋਨਿਓ ਗ੍ਰਾਮਸ਼ੀ ਦਾ ਇਹ ਕਹਿਣਾ ਅੱਜ ਰਾਜਨੀਤਿਕ ਅਤੇ ਨੀਤੀਗਤ ਚਰਚਾਵਾਂ ਵਿੱਚ ਵਾਰ-ਵਾਰ ਦੁਹਰਾਇਆ ਜਾ ਰਿਹਾ ਹੈ, ਤੇ ਇਹ ਗਲਤ ਵੀ ਨਹੀਂ ਹੈ।

ਸਾਲ 2026 ਨੇ ਦੁਨੀਆ ਦੀ ਮੌਜੂਦਾ ਵਿਵਸਥਾ ਨੂੰ ਹੋਰ ਜ਼ਿਆਦਾ ਅਸਥਿਰ ਅਤੇ ਉਲਝਣ ਭਰੀ ਬਣਾ ਦਿੱਤਾ ਹੈ। ਵਿਸ਼ਵ ਆਰਥਿਕ ਮੰਚ ਵਿੱਚ ਬੋਲਦੇ ਹੋਏ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕੁਝ ਤਲਖ਼ ਸੱਚਾਈਆਂ ਵੱਲ ਧਿਆਨ ਦਿਵਾਇਆ ਸੀ। ਉਨ੍ਹਾਂ ਕਿਹਾ ਸੀ ਕਿ ਇਹ ਪੁਰਾਣੀ ਵਿਵਸਥਾ ਦੇ ਟੁੱਟਣ ਦਾ ਸਮਾਂ ਹੈ। ਨਿਯਮਾਂ 'ਤੇ ਚੱਲਣ ਵਾਲੀ ਵਿਸ਼ਵ ਵਿਵਸਥਾ ਹੁਣ ਟੁੱਟ ਚੁੱਕੀ ਹੈ ਅਤੇ ਇਸ ਦੇ ਮੁੜ ਪਹਿਲਾਂ ਵਰਗੀ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ।

ਆਓ ਇਸ ਨੂੰ ਸਾਫ ਤੌਰ 'ਤੇ ਸਮਝੀਏ। ਹੁਣ ਦੁਨੀਆ ਤਾਕਤਵਰ ਆਗੂਆਂ ਦੇ ਦੌਰ ਵਿੱਚ ਦਾਖ਼ਲ ਹੋ ਚੁੱਕੀ ਹੈ, ਜਿੱਥੇ ਹਰ ਦੇਸ਼ ਨੂੰ ਆਪਣਾ ਆਰਥਿਕ ਭਵਿੱਖ, ਆਪਣੇ ਗਠਜੋੜ ਅਤੇ ਖ਼ੁਸ਼ਹਾਲੀ ਦਾ ਆਪਣਾ ਰਸਤਾ ਖ਼ੁਦ ਤੈਅ ਕਰਨਾ ਪਵੇਗਾ। ਇਸ ਦਾ ਲੁਕਿਆ ਹੋਇਆ ਅਰਥ ਹੋਰ ਵੀ ਮਹੱਤਵਪੂਰਨ ਹੈ। ਚੀਨ ਅਤੇ ਅਮਰੀਕਾ ਦੇ ਵਿਚਕਾਰ ਸਰਵੋਤਮ ਦੀ ਦੌੜ ਨਵੇਂ ਕਿਸਮ ਦੇ ਤਣਾਅ ਪੈਦਾ ਕਰੇਗੀ। ਇਹ ਤਣਾਅ ਜ਼ਮੀਨ ਅਤੇ ਇਲਾਕਿਆਂ ਨੂੰ ਲੈ ਕੇ ਵੀ ਨਜ਼ਰ ਆਏਗਾ, ਜਿਵੇਂ ਵੈਨੇਜ਼ੁਏਲਾ ਅਤੇ ਗ੍ਰੀਨਲੈਂਡ ਤੋਂ ਬਾਅਦ ਇਰਾਨ ਦੇ ਮਾਮਲਿਆਂ ਵਿੱਚ ਦੇਖਿਆ ਜਾ ਰਿਹਾ ਹੈ, ਤੇ ਤਕਨੀਕ ਦੇ ਖੇਤਰ ਵਿੱਚ ਵੀ-ਜਿਵੇਂ ਬਿਜਲੀ ਨਾਲ ਚੱਲਣ ਵਾਲੀਆਂ ਗੱਡੀਆਂ ਅਤੇ ਊਰਜਾ ਦੇ ਮੁਕਾਬਲੇ ਰਵਾਇਤੀ ਇੰਜਣ ਅਤੇ ਤੇਲ, ਗੈਸ ਤੇ ਕੋਇਲੇ 'ਤੇ ਆਧਾਰਿਤ ਅਰਥਵਿਵਸਥਾ।

ਮੁਲਕਾਂ ਦੇ ਵਿਚਕਾਰ ਇਸ ਤਿੱਖੇ ਮੁਕਾਬਲੇ ਵਿੱਚ ਵਿਸ਼ਵ ਪੱਧਰੀ ਸਹਿਯੋਗ ਸਭ ਤੋਂ ਵੱਡਾ ਨੁਕਸਾਨ ਝੱਲ ਰਿਹਾ ਹੈ। ਇਹ ਸਹਿਯੋਗ ਮੌਸਮੀ ਤਬਦੀਲੀ ਵਰਗੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਬਹੁਤ ਜ਼ਰੂਰੀ ਹੈ। ਇਹ ਵੀ ਸਪੱਸ਼ਟ ਸਮਝ ਲੈਣਾ ਚਾਹੀਦਾ ਹੈ ਕਿ ਹੁਣ ਮਾਮਲਾ ਸਿਰਫ਼ ਮੌਸਮੀ ਤਬਦੀਲੀ ਨਾਲ ਲੜਨ ਲਈ ਲੋੜੀਂਦੇ ਊਰਜਾ ਬਦਲਾਅ ਦਾ ਨਹੀਂ ਰਹਿ ਗਿਆ। ਅਸਲ ਲੜਾਈ



ਕੱਚੇ ਮਾਲ ਦੀਆਂ ਸਪਲਾਈ ਲੜੀਆਂ 'ਤੇ ਕਾਬੂ ਦੀ ਹੈ-ਚਾਹੇ ਧਰਤੀ ਦੇ ਦੁਰਲੱਭ ਖਣਿਜ ਹੋਣ ਜਾਂ ਕੋਇਲਾ-ਤੇਲ ਅਤੇ ਉਨ੍ਹਾਂ ਨੂੰ ਤਿਆਰ ਕਰਨ ਵਾਲੀ ਤਕਨੀਕ। ਪੈਟਰੋ-ਦੇਸ਼ਾਂ ਅਤੇ ਬਿਜਲੀ-ਆਧਾਰਿਤ ਦੇਸ਼ਾਂ ਦੇ ਵਿਚਕਾਰ ਦੀ ਖਾਈ ਹਕੀਕਤ ਹੈ ਅਤੇ ਇਹ ਮੁਕਾਬਲਾ ਬਹੁਤ ਕਠੋਰ ਹੈ। ਮੌਸਮੀ ਤਬਦੀਲੀ ਇਸ ਵਿੱਚ ਇਕ ਤਰ੍ਹਾਂ ਦਾ ਸਹਾਇਕ ਨੁਕਸਾਨ ਬਣਦੀ ਜਾ ਰਹੀ ਹੈ। ਪੈਟਰੋ-ਦੇਸ਼ ਉਹ ਹਨ, ਜਿਨ੍ਹਾਂ ਦੀ ਤਾਕਤ ਅਤੇ ਆਮਦਨ ਮੁੱਖ ਤੌਰ 'ਤੇ ਤੇਲ, ਗੈਸ ਤੇ ਕੋਇਲੇ 'ਤੇ ਟਿਕੀ ਹੈ, ਜਦਕਿ ਬਿਜਲੀ-ਆਧਾਰਿਤ ਦੇਸ਼ ਨਵੀਂ ਅਰਥਵਿਵਸਥਾ-ਜਿਵੇਂ ਨਵਿਕਰਨਯੋਗ ਊਰਜਾ, ਬੈਟਰੀਆਂ ਅਤੇ ਸਾਫ਼ ਤਕਨੀਕ ਵੱਲ ਤੇਜ਼ੀ ਨਾਲ ਵਧ ਰਹੇ ਹਨ।

ਅੱਜ ਦੀ ਭੂ-ਰਾਜਨੀਤੀ ਵਿੱਚ ਆਰਕਟਿਕ (ਗ੍ਰੀਨਲੈਂਡ) ਦਾ ਮਹੱਤਵ ਆਪਣੇ ਆਪ ਵਿੱਚ ਇੱਕ ਵੱਡੀ ਵਿਡੰਬਨਾ ਹੈ। ਮੌਸਮੀ ਤਬਦੀਲੀ ਕਾਰਨ ਦੁਨੀਆ ਦਾ ਇਹ 'ਫ੍ਰਿਜ' ਪਿਘਲ ਰਿਹਾ ਹੈ ਅਤੇ ਹੁਣ ਜਹਾਜ਼ ਧਰਤੀ ਦੇ 'ਉੱਪਰੀ ਹਿੱਸੇ' ਰਾਹੀਂ ਮਹਾਦੀਪਾਂ ਦੇ ਵਿਚਕਾਰ ਤੇਜ਼ੀ ਨਾਲ ਸਫ਼ਰ ਕਰ ਸਕਦੇ ਹਨ। ਇਹ ਨਵੇਂ ਸਮੁੰਦਰੀ ਰਸਤੇ ਰਣਨੀਤਕ ਤੌਰ 'ਤੇ ਬਹੁਤ ਮਹੱਤਵਪੂਰਨ ਹਨ, ਕਿਉਂਕਿ ਇਸ ਨਾਲ ਰੂਸ ਅਤੇ ਚੀਨ ਨੂੰ ਪੱਛਮੀ ਹਿੱਸੇ ਤੱਕ ਪਹੁੰਚ ਵਿੱਚ ਫਾਇਦਾ ਮਿਲ ਸਕਦਾ ਹੈ। ਘਟਦੀ ਬਰਫ਼ ਇਸ ਖੇਤਰ ਦੇ ਤੇਲ ਤੇ ਖਣਿਜ ਸਰੋਤਾਂ ਨੂੰ ਵੀ ਵਰਤੋਂ ਲਈ ਖੋਲ੍ਹ ਦੇਵੇਗੀ।

ਜੋ ਗੱਲ ਨਜ਼ਰਅੰਦਾਜ਼ ਹੋ ਰਹੀ ਹੈ, ਉਹ ਇਹ ਹੈ ਕਿ ਦੁਨੀਆ ਦਾ ਇਹ 'ਫ੍ਰਿਜ' ਵਿਸ਼ਵ ਮੌਸਮੀ ਪ੍ਰਣਾਲੀਆਂ ਨੂੰ ਸੰਤੁਲਿਤ ਰੱਖਣ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਉਂਦਾ ਹੈ; ਪਰ ਮੌਜੂਦਾ ਵਪਾਰ-ਕੇਂਦਰਿਤ ਵਿਸ਼ਵ ਵਿਵਸਥਾ ਵਿੱਚ ਇਨ੍ਹਾਂ ਗੱਲਾਂ ਦੀ ਪਰਵਾਹ ਘੱਟ ਰਹਿ ਗਈ ਹੈ। ਹੁਣ ਧਿਆਨ ਸਿਰਫ਼ ਮੁਨਾਫ਼ਾ ਕਮਾਉਣ 'ਤੇ ਹੈ, ਭਾਵੇਂ ਇਸ ਦੀ ਕੀਮਤ ਵਿਸ਼ਵ ਪੱਧਰੀ ਨੁਕਸਾਨ ਹੀ ਕਿਉਂ ਨਾ ਹੋਵੇ।

ਫਿਰ ਸਵਾਲ ਆਉਂਦਾ ਹੈ ਨਵੀਂ ਪੀੜ੍ਹੀ ਦੀ ਤਕਨੀਕ ਵਾਲੀ ਦੁਨੀਆ ਲਈ ਖਣਿਜ ਖੋਜ ਦਾ ਅਤੇ ਇਸ ਦਾ ਖੇਤਰੀ ਦੌੜ ਤੇ ਵਾਤਾਵਰਣ 'ਤੇ ਪ੍ਰਭਾਵ। ਪਹਿਲਾਂ ਇਹ ਧਾਰਨਾ ਸੀ ਕਿ ਦੁਨੀਆ ਕੋਇਲਾ, ਲੋਹੇ ਅਤੇ ਬਾਕਸਾਈਟ ਵਰਗੇ ਖਣਿਜਾਂ ਦੀ ਮੰਗ ਦੇ ਉੱਚ ਬਿੰਦੂ ਦੇ ਨੇੜੇ ਪਹੁੰਚ ਰਹੀ ਹੈ; ਪਰ ਤੇਜ਼ੀ ਨਾਲ ਵਧਦੇ ਬਿਜਲੀਕਰਨ, ਨਵੀਂ ਤਕਨੀਕ ਅਤੇ ਮਸ਼ੀਨੀ ਬੁੱਧੀ ਦੀਆਂ ਜ਼ਰੂਰਤਾਂ ਕਾਰਨ ਹੁਣ ਅੰਦਾਜ਼ਾ ਹੈ ਕਿ ਅਗਲੇ ਲਗਭਗ ਦਸ ਸਾਲਾਂ ਵਿੱਚ ਤਾਂਬੇ ਦੀ ਵਿਸ਼ਵ ਪੱਧਰੀ ਮੰਗ ਦੁੱਗਣੀ ਹੋ ਸਕਦੀ ਹੈ।

ਇਸ ਕਰਕੇ ਸਭ ਤੋਂ ਵੱਡੇ ਤਾਂਬੇ ਦੇ ਭੰਡਾਰ ਵਾਲੇ ਦੇਸ਼-ਪੇਰੂ, ਚਿਲੀ ਅਤੇ ਕਾਂਗੋ-ਹੁਣ ਵਿਸ਼ਵ ਦੀ ਨਜ਼ਰ ਵਿੱਚ ਹਨ। ਵਿਸ਼ਵ ਦੇ ਲਗਭਗ 50 ਫ਼ੀਸਦੀ ਤਾਂਬੇ ਦੀ ਪ੍ਰਕਿਰਿਆ ਅਤੇ ਸੋਧ ਚੀਨ ਕਰਦਾ ਹੈ।

ਮੰਗ ਵਧਣ ਨਾਲ ਹੋਰ ਖਾਣਾਂ ਖੁੱਲਣਗੀਆਂ, ਜੋ ਅਕਸਰ ਘਣੇ ਜੰਗਲਾਂ ਅਤੇ ਜੀਵ-ਵਿਭਿੰਨਤਾ ਵਾਲੇ ਖੇਤਰਾਂ ਵਿੱਚ ਹੁੰਦੀਆਂ ਹਨ। ਇਸ ਨਾਲ ਪ੍ਰਦੂਸ਼ਣ ਅਤੇ ਵਾਤਾਵਰਣਕ ਨੁਕਸਾਨ ਵੀ ਵਧੇਗਾ। ਇਹੀ ਹਾਲ ਦੁਰਲੱਭ ਖਣਿਜਾਂ-ਲਿਥੀਅਮ ਤੋਂ ਲੈ ਕੇ ਗ੍ਰਾਫਾਈਟ ਤੱਕ ਦਾ ਵੀ ਹੈ।

ਚੀਨ ਨਾ ਸਿਰਫ਼ ਇਨ੍ਹਾਂ ਸਪਲਾਈ ਲੜੀਆਂ ਨੂੰ ਸੁਰੱਖਿਅਤ ਕਰਨ ਵਿੱਚ ਅੱਗੇ ਨਿਕਲ ਚੁੱਕਾ ਹੈ, ਸਗੋਂ ਨਵੀਨਤਮ ਤਕਨੀਕ ਵਿੱਚ ਵੀ ਅਗਵਾਈ ਕਰ ਰਿਹਾ ਹੈ। ਹੋਰ ਦੇਸ਼ ਹੁਣ ਉਸ ਦੀ ਬਰਾਬਰੀ ਕਰਨ ਲਈ ਨਵੇਂ ਖਾਣ ਸਰੋਤ ਅਤੇ ਸਮਝੌਤੇ ਲੱਭ ਰਹੇ ਹਨ। ਇਸ ਦਾ ਅਸਰ ਸਾਡੇ ਭਵਿੱਖ 'ਤੇ ਕੀ ਹੋਵੇਗਾ, ਇਸ ਦੀ ਝਲਕ ਅੱਜ ਦੇ ਛੋਟੇ-ਛੋਟੇ ਟਕਰਾਵਾਂ ਵਿੱਚ ਹੀ ਦਿਖ ਰਹੀ ਹੈ।

ਮੇਰੇ ਮਨ ਵਿੱਚ ਦੋ ਵੱਡੇ ਸਵਾਲ ਹਨ: ਪਹਿਲਾ, ਜਦੋਂ ਦੇਸ਼ ਉਤਪਾਦਨ ਨੂੰ ਮੁੜ ਆਪਣੇ ਦੇਸ਼ ਵਿੱਚ ਲਿਆ ਰਹੇ ਹਨ, ਤਾਂ ਕੀ ਅਮੀਰ ਦੇਸ਼ ਉੱਚੇ ਵਾਤਾਵਰਣਕ ਅਤੇ ਮਜ਼ਦੂਰੀ ਖਰਚੇ ਮੰਨਣਗੇ, ਜਾਂ ਵਿਸ਼ਵ ਪੱਧਰੀ ਨਿਯਮਾਂ ਨੂੰ ਇਸ ਤਰ੍ਹਾਂ ਬਦਲਣਗੇ ਕਿ ਹਰ ਥਾਂ ਉਤਪਾਦਨ ਮਹਿੰਗਾ ਹੋ ਜਾਵੇ? ਦੂਜਾ, ਦੇਸ਼ਾਂ ਦੀ ਆਪਸੀ ਟੱਕਰ ਅਤੇ ਵੱਖ-ਵੱਖ ਨੀਤੀਆਂ ਮਿਲ ਕੇ ਤਕਨੀਕ ਦੀ ਤਰੱਕੀ 'ਤੇ ਕੀ ਅਸਰ ਪਾਉਣਗੀਆਂ, ਜੋ ਮੌਸਮੀ ਤਬਦੀਲੀ ਨਾਲ ਲੜਨ ਲਈ ਬਹੁਤ ਜ਼ਰੂਰੀ ਹੈ?

ਸਾਰੇ ਦੇਸ਼ ਅੱਜ ਇੱਕ ਮੁਸ਼ਕਲ ਸਥਿਤੀ ਵਿੱਚ ਫਸੇ ਹੋਏ ਹਨ। ਉਨ੍ਹਾਂ ਨੂੰ ਘਰੇਲੂ ਅਤੇ ਦਰਾਮਦੀ ਊਰਜਾ ਦੇ ਵਿਚਕਾਰ ਸੰਤੁਲਨ ਬਣਾਉਣਾ ਪਵੇਗਾ ਅਤੇ ਨਾਲ ਹੀ ਇਹ ਵੀ ਤੈਅ ਕਰਨਾ ਪਵੇਗਾ ਕਿ ਭਵਿੱਖ ਦੀਆਂ ਸਪਲਾਈ ਲੜੀਆਂ ਲਈ ਕਿਹੜੇ ਗਠਜੋੜਾਂ 'ਤੇ ਭਰੋਸਾ ਕੀਤਾ ਜਾਵੇ। ਇੱਕ ਨਵੀਂ ਦੁਨੀਆ ਰੂਪ ਲੈ ਰਹੀ ਹੈ। ਸਾਨੂੰ ਜਲਦੀ ਜਵਾਬ ਲੱਭਣੇ ਪੈਣਗੇ ਤਾਂ ਜੋ ਇਹ ਦੁਨੀਆ ਲੋਕਾਂ ਅਤੇ ਧਰਤੀ ਦੋਹਾਂ ਲਈ ਬਿਹਤਰ ਸਾਬਤ ਹੋ ਸਕੇ।

# 'ਇਤਫ਼ਾਕ ਨਹੀਂ ਹੈ ਸੁਪਨਿਆਂ ਦਾ ਕਤਲ ਹੋ ਜਾਣਾ'

ਸੁਸ਼ੀਲ ਦੁਸਾਂਝ

ਪਿੰਡ ਤੱਕ ਸੜਕ ਆਈ  
ਖੰਬੇ ਲੱਗੇ  
ਮਿੱਟੀ ਦੇ ਤੇਲ ਦੀਆਂ ਦੁਕਾਨਾਂ ਖੁੱਲ੍ਹੀਆਂ  
ਪਹੁੰਚਿਆ ਦੂਰਦਰਸ਼ਨ  
ਫੇਰ ਵੰਨ-ਸੁਵੰਨੇ ਹੋਰ ਚੈਨਲ  
ਪਿੰਡ ਦੇ ਵਿਕਾਸ ਲਈ  
ਨਿੱਕੀਆਂ ਪਗਡੰਡੀਆਂ ਤੋਂ  
ਬਣੇ ਰਸਤੇ  
ਲੋਕਾਂ ਨੂੰ ਉਲੰਘ ਕੇ  
ਦਰਿਆ 'ਤੇ ਬਣਿਆ ਡੈਮ  
ਫੇਰ ਹਸਪਤਾਲ  
ਸੜਕਾਂ 'ਤੇ ਸੱਜ ਗਏ ਬਾਜ਼ਾਰ  
ਪੁਲਸ ਚੌਕੀਆਂ  
ਕਾਨੂੰਨ ਦੀਆਂ ਬਣੀਆਂ ਪਹਿਰੇਦਾਰ  
ਅਖੀਰ ਲੱਗ ਗਈ  
ਉੱਥੇ ਕਚਹਿਰੀ...।

ਇਹ ਹਿੰਦੀ ਸ਼ਾਇਰ ਸੁੰਦਰ ਚੰਦ ਠਾਕੁਰ ਦੀ 'ਵਿਕਾਸ ਅਮਲ' ਨਾਂ ਦੀ ਨਜ਼ਮ ਦੀਆਂ ਉਹ ਸਤਰਾਂ ਹਨ, ਜੋ ਇਹ ਦਰਸਾਉਂਦੀਆਂ ਹਨ ਕਿ ਵਿਕਾਸ ਦੇ ਨਾਂ 'ਤੇ ਕਿਵੇਂ ਵਿਨਾਸ਼ ਦੀਆਂ ਹਨੇਰੀਆਂ ਗਲੀਆਂ ਦੇ ਜੰਦਰੇ ਖੁੱਲ੍ਹ ਰਹੇ ਹਨ। ਅੱਜ ਦਾ ਸਵਾਲ ਇਹ ਨਹੀਂ ਕਿ ਵਿਕਾਸ ਹੋ ਰਿਹਾ ਹੈ ਜਾਂ ਨਹੀਂ; ਅਸਲ ਸਵਾਲ ਇਹ ਹੈ ਕਿ ਇਹ ਵਿਕਾਸ ਕਿਸ ਲਈ ਹੈ? ਕੀ ਇਹ ਆਮ ਮਨੁੱਖ ਦੀ ਭਲਾਈ ਲਈ ਹੈ ਜਾਂ ਮੁਨਾਫ਼ੇ ਦੀ ਅੰਨ੍ਹੀ ਦੌੜ 'ਚ ਕੁਝ ਹੱਥਾਂ ਤੱਕ ਹੀ ਸੀਮਿਤ ਹੋ ਗਿਆ ਹੈ?

ਕੁਦਰਤ ਮਨੁੱਖ ਦੀ ਮਾਂ ਵਾਂਗ ਹੈ। ਇਸ ਨੇ ਕਦੇ ਭੇਦਭਾਵ ਨਹੀਂ ਕੀਤਾ। ਪਾਣੀ, ਹਵਾ, ਧਰਤੀ-ਇਹ ਤਿੰਨੋਂ ਅਜਿਹੀਆਂ ਨਿਆਮਤਾਂ ਹਨ ਜਿਨ੍ਹਾਂ 'ਤੇ ਹਰ ਜੀਵ ਦਾ ਬਰਾਬਰ ਹੱਕ ਹੈ। ਪਰ ਅੱਜ ਇਹ ਹੱਕ ਹੌਲੀ-ਹੌਲੀ ਖਿਸਕਦਾ ਜਾ ਰਿਹਾ ਹੈ। ਮਨੁੱਖ ਨੇ ਆਪਣੇ ਲਾਲਚ ਵਿੱਚ ਆ ਕੇ ਕੁਦਰਤ ਨੂੰ ਵਪਾਰ ਦੀ ਵਸਤੂ ਬਣਾ ਦਿੱਤਾ ਹੈ।

ਸੰਸਾਰ ਪੱਧਰ 'ਤੇ ਅੰਕੜੇ ਦੱਸਦੇ ਹਨ ਕਿ ਧਰਤੀ 'ਤੇ ਮੌਜੂਦ ਪਾਣੀ ਦਾ ਲਗਭਗ 97 ਫ਼ੀਸਦੀ ਹਿੱਸਾ ਖਾਰਾ ਹੈ, ਸਿਰਫ਼ 3 ਫ਼ੀਸਦੀ ਹੀ ਮਿੱਠਾ ਪਾਣੀ ਹੈ। ਇਸ ਵਿੱਚੋਂ ਵੀ ਵੱਡਾ ਹਿੱਸਾ ਬਰਫ਼ ਦੇ ਰੂਪ ਵਿੱਚ ਜੰਮਿਆ ਹੋਇਆ ਹੈ। ਮਨੁੱਖੀ ਵਰਤੋਂ ਲਈ ਉਪਲਬਧ ਪਾਣੀ ਸਿਰਫ਼ 1 ਫ਼ੀਸਦੀ ਤੋਂ ਵੀ ਘੱਟ ਹੈ। ਇਸ ਘੱਟ ਹਿੱਸੇ ਨੂੰ ਵੀ ਅਸੀਂ ਅਜਿਹੇ ਢੰਗ ਨਾਲ ਵਰਤ ਰਹੇ ਹਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਵੱਡਾ ਸੰਕਟ ਬਣ ਸਕਦਾ ਹੈ।

ਸਾਡੇ ਦੇਸ਼ ਦੀ ਸਥਿਤੀ ਹੋਰ ਵੀ ਚਿੰਤਾਜਨਕ ਹੈ। ਅੰਕੜੇ ਦਰਸਾਉਂਦੇ ਹਨ ਕਿ ਭਾਰਤ ਵਿੱਚ ਲਗਭਗ 60 ਫ਼ੀਸਦੀ ਖੇਤੀਬਾੜੀ ਅਤੇ 85 ਫ਼ੀਸਦੀ ਪੀਣ ਵਾਲਾ ਪਾਣੀ ਧਰਤੀ ਹੇਠਲੇ ਸਰੋਤਾਂ ਤੋਂ ਆ ਰਿਹਾ ਹੈ; ਪਰ ਇਹ ਭੰਡਾਰ ਤੇਜ਼ੀ ਨਾਲ ਘਟ ਰਹੇ ਹਨ। ਕਈ ਰਾਜਾਂ ਵਿੱਚ ਧਰਤੀ ਹੇਠਲਾ ਪਾਣੀ ਹਰ ਸਾਲ ਇੱਕ ਮੀਟਰ ਤੋਂ ਵੀ ਵੱਧ ਦੀ ਦਰ ਨਾਲ



ਹੇਠਾਂ ਜਾ ਰਿਹਾ ਹੈ। ਪੰਜਾਬ ਵਰਗੇ ਖੇਤੀ ਪ੍ਰਧਾਨ ਰਾਜ ਵਿੱਚ ਇਹ ਸੰਕਟ ਹੋਰ ਗੰਭੀਰ ਹੈ-ਕਈ ਇਲਾਕਿਆਂ ਵਿੱਚ ਪਾਣੀ 700 ਫੁੱਟ ਤੋਂ ਵੀ ਹੇਠਾਂ ਲੁਕ ਗਿਆ ਹੈ।

ਇਸ ਦੇ ਨਾਲ ਹੀ ਇੱਕ ਹੋਰ ਡਰਾਉਣਾ ਤੱਥ ਸਾਹਮਣੇ ਆ ਰਿਹਾ ਹੈ-ਪਾਣੀ ਦੀ ਗੁਣਵੱਤਾ ਵੀ ਵਿਗੜ ਰਹੀ ਹੈ। ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਨਾਲ ਪਾਣੀ ਵਿੱਚ ਜ਼ਹਿਰ ਘੁਲ ਰਿਹਾ ਹੈ। ਕਈ ਥਾਵਾਂ 'ਤੇ ਪੀਣ ਵਾਲੇ ਪਾਣੀ ਵਿੱਚ ਜ਼ਹਿਰੀਲੇ ਤੱਤ ਮਿਆਰ ਤੋਂ ਕਈ ਗੁਣਾਂ ਵੱਧ ਪਾਏ ਗਏ ਹਨ, ਜਿਸ ਨਾਲ ਕੈਂਸਰ, ਗੁਰਦੇ ਅਤੇ ਹੋਰ ਬਿਮਾਰੀਆਂ ਵਧ ਰਹੀਆਂ ਹਨ।

ਪਰ ਸਭ ਤੋਂ ਵੱਡਾ ਖ਼ਤਰਾ ਉਹ ਹੈ, ਜਦੋਂ ਪਾਣੀ ਨੂੰ ਵੀ ਮੁਨਾਫ਼ੇ ਦੀ ਵਸਤੂ ਬਣਾ ਦਿੱਤਾ ਜਾਂਦਾ ਹੈ। ਅੱਜ ਬੋਤਲਾਂ ਵਿੱਚ ਬੰਦ ਪਾਣੀ ਦਾ ਵਪਾਰ ਕਰੋੜਾਂ-ਅਰਬਾਂ ਦਾ ਹੋ ਚੁੱਕਾ ਹੈ। ਅੰਕੜੇ ਦੱਸਦੇ ਹਨ ਕਿ ਸੰਸਾਰ ਪੱਧਰ 'ਤੇ ਬੋਤਲਬੰਦ ਪਾਣੀ ਦਾ ਕਾਰੋਬਾਰ ਹਰ ਸਾਲ ਲਗਭਗ 10 ਫ਼ੀਸਦੀ ਦੀ ਦਰ ਨਾਲ ਵਧ ਰਿਹਾ ਹੈ। ਸਾਡੇ ਦੇਸ਼ ਵਿੱਚ ਵੀ ਇਹ ਵਪਾਰ ਬੇਹੱਦ ਤੇਜ਼ੀ ਨਾਲ ਫੈਲ ਰਿਹਾ ਹੈ।

ਵਿਰੋਧਾਭਾਸ ਦੇਖੋ-ਜਿਸ ਪਾਣੀ ਨੂੰ ਕੁਦਰਤ ਨੇ ਮੁਫ਼ਤ ਦਿੱਤਾ, ਉਸੇ ਪਾਣੀ ਨੂੰ ਅਸੀਂ ਆਪਣੇ ਹੀ ਪੈਸਿਆਂ ਨਾਲ ਖਰੀਦਣ ਲਈ ਮਜਬੂਰ ਹੋ ਰਹੇ ਹਾਂ। ਵੱਡੀਆਂ ਕੰਪਨੀਆਂ ਧਰਤੀ ਹੇਠਲੇ ਪਾਣੀ ਨੂੰ ਸਸਤੇ ਵਿੱਚ ਖਿੱਚਦੀਆਂ ਹਨ, ਉਸਨੂੰ ਸਾਫ਼ ਕਰਕੇ ਬੋਤਲਾਂ ਵਿੱਚ ਭਰਦੀਆਂ ਹਨ ਅਤੇ ਕਈ ਗੁਣਾਂ ਮੁੱਲ 'ਤੇ ਵੇਚਦੀਆਂ ਹਨ। ਇਸ ਪ੍ਰਕਿਰਿਆ ਵਿੱਚ ਸਥਾਨਕ ਲੋਕਾਂ ਦੇ ਹੱਕ ਖ਼ਤਮ ਹੋ ਜਾਂਦੇ ਹਨ।

ਕਈ ਥਾਵਾਂ 'ਤੇ ਅਜਿਹੇ ਉਦਾਹਰਨ ਮਿਲਦੇ ਹਨ, ਜਿੱਥੇ ਕੰਪਨੀਆਂ ਨੇ ਪਾਣੀ ਦੇ ਸਰੋਤਾਂ 'ਤੇ ਕਬਜ਼ਾ ਕਰ ਲਿਆ, ਜਿਸ ਨਾਲ ਪਿੰਡਾਂ ਵਿੱਚ ਖੂਹ ਅਤੇ ਨਲਕੇ ਸੁੱਕ ਗਏ। ਲੋਕਾਂ ਨੂੰ ਕਈ ਕਿਲੋਮੀਟਰ ਦੂਰ ਤੋਂ ਪਾਣੀ ਲਿਆਉਣਾ ਪੈਂਦਾ ਹੈ। ਇਹ ਸਿਰਫ਼ ਕੁਦਰਤ ਨਾਲ ਜ਼ੁਲਮ ਨਹੀਂ, ਸਗੋਂ ਸਮਾਜਕ ਬੇਇਨਸਾਫ਼ੀ ਵੀ ਹੈ।

ਸਰਕਾਰੀ ਨੀਤੀਆਂ ਵੀ ਕਈ ਵਾਰ ਇਸ ਪ੍ਰਕਿਰਿਆ ਨੂੰ ਹੋਰ ਤੇਜ਼ ਕਰਦੀਆਂ ਹਨ। ਪਾਣੀ ਦੇ ਪ੍ਰਬੰਧਨ ਨੂੰ ਨਿੱਜੀ ਹੱਥਾਂ ਵਿੱਚ ਦੇ ਦਿੱਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਇਸ ਨਾਲ ਸੁਧਾਰ ਆਵੇਗਾ, ਪਰ ਅਸਲ ਵਿੱਚ ਇਹ ਆਮ ਲੋਕਾਂ ਲਈ ਪਾਣੀ ਨੂੰ ਹੋਰ ਮਹਿੰਗਾ ਕਰ ਰਿਹਾ ਹੈ।

ਅੰਕੜੇ ਇਹ ਵੀ ਦੱਸਦੇ ਹਨ ਕਿ ਅਗਲੇ ਕੁਝ ਸਾਲਾਂ ਵਿੱਚ ਪਾਣੀ ਦੀ ਮੰਗ ਸਪਲਾਈ ਤੋਂ ਕਾਫ਼ੀ ਵੱਧ ਹੋ ਸਕਦੀ ਹੈ। ਇੱਕ ਅੰਦਾਜ਼ੇ ਮੁਤਾਬਕ 2030 ਤੱਕ ਭਾਰਤ ਵਿੱਚ ਪਾਣੀ ਦੀ ਮੰਗ ਉਪਲਬਧਤਾ ਨਾਲੋਂ ਲਗਭਗ ਦੋ ਗੁਣਾ ਹੋ ਸਕਦੀ ਹੈ। ਇਸ ਦਾ ਸਿੱਧਾ ਅਰਥ ਇਹ ਹੈ ਕਿ ਜੇ ਅਸੀਂ ਹੁਣ ਨਾ ਸਾਵਧਾਨ ਹੋਏ ਤਾਂ ਪਾਣੀ ਲਈ ਸੰਘਰਸ਼ ਵਧ ਸਕਦੇ ਹਨ।

ਇਸ ਪਿਛੋਕੜ ਵਿੱਚ ਪਾਣੀ ਦਾ ਵਪਾਰੀਕਰਨ ਇੱਕ ਹੋਰ ਵੱਡੀ ਸਮੱਸਿਆ ਬਣ ਕੇ ਉੱਭਰਦਾ ਹੈ। ਜਦੋਂ ਪਾਣੀ ਨੂੰ ਵਸਤੂ ਬਣਾਇਆ ਜਾਂਦਾ ਹੈ, ਤਦੋਂ ਇਹ ਅਮੀਰ ਲਈ ਆਸਾਨੀ ਨਾਲ ਉਪਲਬਧ ਹੁੰਦਾ ਹੈ, ਪਰ ਗਰੀਬ ਲਈ ਇੱਕ ਦੁਰਲਭ ਚੀਜ਼ ਬਣ ਜਾਂਦਾ ਹੈ। ਇਸ ਤਰ੍ਹਾਂ ਸਮਾਜ ਵਿੱਚ ਅਸਮਾਨਤਾ ਹੋਰ ਗਹਿਰੀ ਹੋ ਜਾਂਦੀ ਹੈ।

ਸਾਡੇ ਪਿੰਡਾਂ ਵਿੱਚ ਪਹਿਲਾਂ ਪਾਣੀ ਸਾਂਝਾ ਸਰੋਤ ਸੀ। ਖੂਹ, ਢੋਅ, ਤਲਾਅ-ਇਹ ਸਾਰੇ ਲੋਕਾਂ ਦੀ ਸਾਂਝੀ ਵਿਰਾਸਤ ਸਨ। ਲੋਕ ਮਿਲ ਬੈਠ ਕੇ ਇਨ੍ਹਾਂ ਦੀ ਸੰਭਾਲ ਕਰਦੇ ਸਨ। ਪਰ ਹੁਣ ਇਹ ਸਾਂਝਾਂ ਖ਼ਤਮ ਹੋ ਗਈਆਂ ਹਨ। ਪਾਣੀ ਵੀ ਨਿੱਜੀ ਮਲਕੀਅਤ ਵਿੱਚ ਬਦਲਦਾ ਜਾ ਰਿਹਾ ਹੈ। ਇਹ ਸਥਿਤੀ ਸਿਰਫ਼ ਵਾਤਾਵਰਣਕ ਸੰਕਟ ਨਹੀਂ, ਸਗੋਂ ਸੱਭਿਆਚਾਰਕ ਸੰਕਟ ਵੀ ਹੈ। ਜਦੋਂ ਸਾਂਝੇ ਸਰੋਤ ਖ਼ਤਮ ਹੁੰਦੇ ਹਨ, ਉਦੋਂ ਸਾਂਝੇ ਰਿਸ਼ਤੇ ਵੀ ਟੁੱਟਦੇ ਹਨ।

ਸਵਾਲ ਇਹ ਹੈ ਕਿ ਅਸੀਂ ਇਸ ਦੌੜ ਵਿੱਚ ਕਿੱਥੇ ਖੜ੍ਹੇ ਹਾਂ? ਕੀ ਅਸੀਂ ਸੱਚਮੁੱਚ ਵਿਕਾਸ ਕਰ ਰਹੇ ਹਾਂ ਜਾਂ ਆਪਣੇ ਹੀ ਪੈਰਾਂ 'ਤੇ ਕੁਹਾੜੀ ਮਾਰ ਰਹੇ ਹਾਂ? ਸੱਚ ਇਹ ਹੈ ਕਿ ਵਿਕਾਸ ਦੀ ਮੌਜੂਦਾ ਦਿਸ਼ਾ ਵਿੱਚ ਸੁਧਾਰ ਦੀ ਲੋੜ ਹੈ। ਸਾਨੂੰ ਅਜਿਹਾ ਮਾਡਲ ਲਿਆਉਣਾ ਪਵੇਗਾ, ਜੋ ਕੁਦਰਤ ਨਾਲ ਤਾਲਮੇਲ ਬਣਾ ਕੇ ਚੱਲੇ। ਪਾਣੀ ਦੀ ਸੰਭਾਲ, ਮੀਂਹ ਦੇ ਪਾਣੀ ਦੀ ਸੰਭਾਲ, ਤਲਾਬਾਂ ਦੀ ਮੁੜ ਸਥਾਪਨਾ ਅਤੇ ਸਾਂਝੇ ਪ੍ਰਬੰਧਨ ਵਰਗੇ ਕਦਮ ਬਹੁਤ ਜ਼ਰੂਰੀ ਹਨ।

ਇਸ ਦੇ ਨਾਲ ਹੀ ਸਰਕਾਰਾਂ ਨੂੰ ਵੀ ਆਪਣੀਆਂ ਨੀਤੀਆਂ ਵਿੱਚ ਬਦਲਾਅ ਲਿਆਉਣਾ ਪਵੇਗਾ। ਪਾਣੀ ਨੂੰ ਮੁਨਾਫ਼ੇ ਦੀ ਵਸਤੂ ਬਣਾਉਣ ਦੀ ਥਾਂ ਇਸ ਨੂੰ ਮੂਲ ਅਧਿਕਾਰ ਵਜੋਂ ਦੇਖਣਾ ਚਾਹੀਦਾ ਹੈ। ਲੋਕਾਂ ਨੂੰ ਵੀ ਜਾਗਰੂਕ ਹੋਣਾ ਪਵੇਗਾ। ਜਦ ਤੱਕ ਆਮ ਮਨੁੱਖ ਆਪਣਾ ਹੱਕ ਨਹੀਂ ਮੰਗੇਗਾ, ਤਦ ਤੱਕ ਇਹ ਲੁੱਟ ਜਾਰੀ ਰਹੇਗੀ।

ਅਖੀਰ ਵਿੱਚ ਇਹ ਗੱਲ ਸਮਝਣੀ ਪਵੇਗੀ ਕਿ ਪਾਣੀ ਸਿਰਫ਼ ਇੱਕ ਸਰੋਤ ਨਹੀਂ, ਸਗੋਂ ਜੀਵਨ ਹੈ। ਜੇ ਅਸੀਂ ਇਸ ਨੂੰ ਬਚਾਅ ਨਹੀਂ ਸਕੇ, ਤਾਂ ਕੋਈ ਵੀ ਵਿਕਾਸ ਸਾਨੂੰ ਨਹੀਂ ਬਚਾਅ ਸਕੇਗਾ।

ਕਦੇ ਮੈਂ ਲਿਖਿਆ ਸੀ:  
'ਆਪਣੇ ਹੀ ਘਰਾਂ ਤੋਂ ਆਪਣਾ ਬੇਦਖ਼ਲ ਹੋ ਜਾਣਾ  
ਮਹਿਜ਼ ਇਤਫ਼ਾਕ ਨਹੀਂ ਹੈ ਸੁਪਨਿਆਂ ਦਾ ਕਤਲ ਹੋ ਜਾਣਾ।'

ਇਹ ਸਿਰਫ਼ ਗ਼ਜ਼ਲ ਦਾ ਸ਼ਿਅਰ ਨਹੀਂ, ਸਾਡੀ ਹਕੀਕਤ ਬਣਦੀ ਜਾ ਰਹੀ ਹੈ। ਹੁਣ ਵੀ ਸਮਾਂ ਹੈ-ਜੇ ਅਸੀਂ ਸਾਵਧਾਨ ਹੋ ਜਾਈਏ ਤਾਂ ਸ਼ਾਇਦ ਅਸੀਂ ਆਪਣੇ ਸੁਪਨੇ ਬਚਾਅ ਸਕੀਏ। ਨਹੀਂ ਤਾਂ ਆਉਣ ਵਾਲੀ ਪੀੜ੍ਹੀ ਸਾਨੂੰ ਕਦੇ ਮਾਫ਼ ਨਹੀਂ ਕਰੇਗੀ।


# ਪੰਜਾਬੀ ਸਕੂਲ ਕਰਾਊਨ ਪੁਆਇੰਟ ਦੇ ਬੱਚਿਆਂ ਨੇ ਵਿਸਾਖੀ ਦਿਹਾੜਾ ਮਨਾਇਆ

**ਕਰਾਊਨ ਪੁਆਇੰਟ, ਇੰਡੀਆਨਾ:** ਲੰਘੇ ਐਤਵਾਰ ਗੁਰਦੁਆਰਾ ਕਰਾਊਨ ਪੁਆਇੰਟ ਵਿੱਚ ਵਿਸਾਖੀ ਬਹੁਤ ਹੀ ਚਾਵਾਂ, ਸ਼ਰਧਾ ਅਤੇ ਧੂਮਧਾਮ ਨਾਲ ਮਨਾਈ ਗਈ। ਇਸ ਮੌਕੇ ਇੱਕ ਬੱਚੀ ਹਰਸਿਮਰ ਕੌਰ ਨੇ ਸ਼ਬਦ ਪੜ੍ਹਿਆ। ਪੰਜਾਬੀ ਸਕੂਲ ਦੇ ਬੱਚਿਆਂ ਨੇ ਸਮੂਹਕ ਤੌਰ 'ਤੇ ਸ਼ਬਦ ਗਾਇਨ ਕੀਤਾ। ਗੁਰਸੇਵ ਸਿੰਘ, ਨਿਮਰਤ ਕੌਰ ਅਤੇ ਗੁਰਸਿਫ਼ਤ ਕੌਰ ਨੇ ਵਿਸਾਖੀ ਨਾਲ ਸਬੰਧਤ ਕਵਿਤਾਵਾਂ ਪੇਸ਼ ਕੀਤੀਆਂ, ਜਿਸ ਨੂੰ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਨਾਲ ਸਲਾਹਿਆ ਗਿਆ। ਪੰਜਾਬੀ ਸਕੂਲ ਦੇ ਇੰਚਾਰਜ ਰਵਿੰਦਰ ਸਿੰਘ ਸਹਿਰਾਅ ਨੇ ਬੱਚਿਆਂ ਦੀ ਕਾਰਗੁਜ਼ਾਰੀ ਦੀ ਸਿਫਤ ਕਰਦਿਆਂ ਉਨ੍ਹਾਂ ਦੇ ਮਾਪਿਆਂ ਨੂੰ ਵੀ ਵਧਾਈ ਦਿੱਤੀ। ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ। ਵਿਸਾਖੀ/ਖਾਲਸਾ ਪੰਥ ਦੇ ਸਿਰਜਣਾ ਦਿਵਸ ਨੂੰ ਸਮਰਪਿਤ ਹੋਏ ਵਿਸ਼ੇਸ਼ ਸਮਾਗਮ ਤਹਿਤ ਐਤਵਾਰ ਨੂੰ ਪਹਿਲਾਂ ਅਖੰਡ ਪਾਠ ਦਾ ਭੋਗ ਪਿਆ। ਉਪਰੰਤ ਭਾਈ ਇੰਦਰਜੀਤ ਸਿੰਘ ਦੇ ਜਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ ਤੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਆਪਣੇ ਵਿਚਾਰ ਸਾਂਝੇ ਕੀਤੇ। ਅਖੰਡ ਪਾਠ ਦੀ ਸੇਵਾ ਅਮਰੀਕ ਸਿੰਘ ਬਸਰਾ ਅਤੇ ਪਰਿਵਾਰ ਵੱਲੋਂ ਕੀਤੀ ਗਈ।

ਸਿੱਖ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਵਿੱਚ ਵਿਸਾਖੀ ਦਾ ਦਿਨ ਬਹੁਤ ਹੀ ਮਹੱਤਵਪੂਰਨ ਹੈ। ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਵੱਖ ਵੱਖ ਜਾਤਾਂ ਦੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਜਿੱਥੇ ਸਿੱਖਾਂ ਨੂੰ ਵੱਖਰੀ ਪਛਾਣ ਦਿੱਤੀ, ਉਥੇ ਸਮਾਜ ਵਿੱਚੋਂ ਜਾਤ-ਪਾਤ ਦੇ ਕੋਹੜ ਨੂੰ ਵੀ ਖਤਮ ਕੀਤਾ।

ਸਿੱਖ ਇਤਿਹਾਸਕਾਰ ਪ੍ਰਿੰਸੀਪਲ ਸਤਬੀਰ ਸਿੰਘ ਅਨੁਸਾਰ ਪਹਿਲੀ ਵਿਸਾਖੀ ਸੰਨ 1558 ਵਿੱਚ ਗੋਇੰਦਵਾਲ ਸਾਹਿਬ ਵਿਖੇ ਮਨਾਈ ਗਈ। ਜਦੋਂ ਭਾਈ ਪਾਰੋ ਜੀ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਸੰਗਤਾਂ ਦੂਰੋ ਦੂਰ ਤੋਂ ਆਪ ਜੀ ਦੇ ਦਰਸ਼ਨ ਕਰਨ ਆਉਂਦੀਆਂ ਹਨ, ਕਿਉਂ ਨਾ ਆਪਾਂ ਇੱਕ ਦਿਨ ਮਿੱਥ ਲਈਏ ਜਦੋਂ ਸਾਰੀਆਂ ਸੰਗਤਾਂ ਇੱਕ ਦਿਨ ਆ ਕੇ ਇਕੱਠੀਆਂ ਦਰਸ਼ਨ ਕਰਨ। ਗੁਰੂ ਜੀ ਨੇ ਖੁਸ਼ ਹੋ ਕੇ ਭਾਈ ਪਾਰੋ ਨੂੰ ਧਰਮ ਹੰਸ ਦਾ ਖਿਤਾਬ ਬਖ਼ਸ਼ਿਆ। ਇਸੇ ਤਰ੍ਹਾਂ 13 ਅਪਰੈਲ 1919 ਨੂੰ ਅੰਗਰੇਜ਼ ਸਾਮਰਾਜ ਦੇ ਜਨਰਲ ਡਾਇਰ ਵੱਲੋਂ ਜ਼ੱਲਿਆਂ ਵਾਲੇ ਬਾਗ ਵਿੱਚ ਹਜ਼ਾਰਾਂ ਨਿਹੱਥੇ ਲੋਕਾਂ ਉਪਰ ਗੋਲੀਆਂ ਚਲਾ ਕੇ ਸ਼ਹੀਦ ਕੀਤਾ ਗਿਆ।






# ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਦੇ ਬਿਆਨ ਦੀ ਚਰਚਾ

## ਅਖੇ ! ਆਰ.ਐਸ.ਐਸ. ਦੀ ਸਥਾਪਨਾ ਦੇਸ਼ ਨੂੰ ਗੁਲਾਮੀ ਤੋਂ ਬਚਾਉਣ ਤੇ ਆਜ਼ਾਦ ਕਰਾਉਣ ਲਈ ਹੋਈ ਸੀ...

**ਜੰਗ ਸਿੰਘ ਮਰਸਡ (ਕੈਲੀਫੋਰਨੀਆ)**





ਆਰ.ਐਸ.ਐਸ. ਮੁਖੀ ਮੋਹਨ ਭਾਗਵਤ

ਸੋਸ਼ਲ ਮੀਡੀਆ ਦੇ ਵੱਖ-ਵੱਖ ਚੈਨਲਾਂ ਉਤੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਦਾ ਇਹ ਬਿਆਨ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਆਰ.ਐਸ.ਐਸ. ਦੀ ਸਥਾਪਨਾ ਦੇਸ਼ ਨੂੰ ਗੁਲਾਮੀ ਤੋਂ ਬਚਾਉਣ ਤੇ ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਕੀਤੀ ਗਈ ਸੀ। ਇਸ ਖਬਰ ਨੇ ਦੇਸ਼ ਦੇ ਵੱਡੀ ਗਿਣਤੀ ਚਿੰਤਕਾਂ ਵਿੱਚ ਅਨੋਖੀ ਕਿਸਮ ਦੀ ਚਰਚਾ ਛੇੜ ਦਿੱਤੀ ਹੈ ਕਿ ਇਹ ਬਿਆਨ ਨਿਰ੍ਹਾ ਝੂਠਾ ਹੈ ਅਤੇ ਸੱਚਾਈ ਤੋਂ ਕੋਹਾਂ ਦੂਰ ਵੀ ਹੈ! ਚੈਨਲਾਂ ਦੇ ਹੇਠਾਂ ਜਿਹੜੇ ਲੋਕਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ, ਉਨ੍ਹਾਂ ਨੇ ਆਰ.ਐਸ.ਐਸ. ਵੱਲੋਂ ਦੇਸ਼ ਦੀ ਆਜ਼ਾਦੀ ਸਮੇਂ ਨਿਭਾਈ ਭੂਮਿਕਾ ਤੇ ਉਸ ਦਾ ਸਾਰਾ ਹੀਜ ਪਿਆਜ ਵੀ ਲੋਕਾਂ ਵਿੱਚ ਨੰਗਾ ਕਰਕੇ ਰੱਖ ਦਿੱਤਾ ਹੈ। ਉਨ੍ਹਾਂ ਦਾ ਮੂੰਹੋਂ ਮੂੰਹੀਂ ਇਹ ਕਹਿਣਾ ਕਿ ਜਦੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਜ਼ਾਦੀ ਦੇ ਪ੍ਰਵਾਨੇ ਸ਼ਹੀਦ ਹੋ ਰਹੇ ਸਨ ਤਾਂ ਉਸ ਵੇਲੇ ਆਰ.ਐਸ.ਐਸ. ਦੇ ਆਗੂ ਅੰਗਰੇਜ਼ਾਂ ਦੀ ਭਗਤੀ ਕਰਦੇ ਹੋਏ ਦੇਸ਼ ਭਗਤਾਂ ਤੇ ਗਦਰੀ ਬਾਬਿਆਂ ਨੂੰ ਪਕੜਵਾ ਕੇ ਅੰਗਰੇਜ਼ਾਂ ਦੀ ਵਾਹਵਾ ਖੱਟ ਰਹੇ ਸਨ। ਇਸ ਦੀਆਂ ਉਹ ਬਹੁਤ ਸਾਰੀਆਂ ਮਿਸਾਲਾਂ ਦਿੰਦਿਆਂ ਦੱਸਦੇ ਹਨ ਕਿ ਭਾਰਤੀ ਜਨਤਾ ਪਾਰਟੀ ਵਾਲੇ ਜਿਨ੍ਹਾਂ ਨੂੰ ਚਲਾਉਣ ਵਾਲੀ ਜਥੇਬੰਦੀ ਆਰ.ਐਸ.ਐਸ. ਹੈ, ਉਹ 'ਵੀਰ ਸਾਵਰਕਰ' ਨੂੰ ਇੱਕ ਵੱਡਾ ਦੇਸ਼ ਘੁਲਾਟੀਆ ਦੱਸਦੇ ਹਨ, ਜਿਸ ਨੂੰ ਬੀਤੇ ਸਮੇਂ ਵਿੱਚ ਕੇਂਦਰ ਸਰਕਾਰ ਨੇ ਦੇਸ਼ ਦਾ ਸਭ ਤੋਂ ਵੱਡਾ 'ਪੁਰਸਕਾਰ' ਵੀ ਇਸੇ ਨੂੰ ਦਿੱਤਾ ਹੈ। ਇਸ ਮੱਲੋਮੱਲੀ ਕਹੇ ਜਾਂਦੇ ਆਜ਼ਾਦੀ ਘੁਲਾਟੀਏ ਵੀਰ ਸਾਵਰਕਰ ਬਾਰੇ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਤਾਂ ਇਹ ਦੱਸਦਾ ਹੈ ਕਿ ਇਹ ਉਹ ਦੇਸ਼ ਭਗਤ ਹੈ, ਜਿਹੜਾ ਬੜੇ ਚਾਈਂ ਚਾਈਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਨਾਲ ਗ੍ਰਿਫਤਾਰ ਜ਼ਰੂਰ ਹੋਇਆ ਸੀ, ਪਰ ਇੱਕ ਮਹੀਨੇ ਵਿੱਚ ਹੀ ਇਹ ਜੇਲ੍ਹ ਵਿੱਚ ਇੰਨਾ ਤੰਗ-ਪ੍ਰੇਸ਼ਾਨ ਹੋ ਗਿਆ ਸੀ ਕਿ ਇਸ ਨੇ ਚਾਰ ਵਾਰ ਅੰਗਰੇਜ਼ਾਂ ਕੋਲੋਂ ਲਿਖਤੀ ਮੁਆਫੀਆਂ ਮੰਗੀਆਂ ਸਨ; ਤੇ ਇਹ ਕਿਹਾ ਸੀ ਕਿ ਉਸ ਦਾ 'ਆਜ਼ਾਦੀ' ਨਾਲ ਕੋਈ ਸਬੰਧ ਨਹੀਂ ਹੈ, ਉਹ ਤਾਂ 'ਅੰਗਰੇਜ਼ਾਂ ਦਾ ਭਗਤ' ਹੈ; ਤੇ ਉਨ੍ਹਾਂ (ਅੰਗਰੇਜ਼ ਸਰਕਾਰ) ਕੋਲੋਂ ਲਿਖਤੀ ਮੁਆਫੀ ਮੰਗ ਕੇ ਜੇਲ੍ਹ ਵਿੱਚੋਂ ਰਿਹਾਅ ਹੋ ਕੇ ਆਇਆ ਸੀ। ਇਹ ਹੈ ਆਰ.ਐਸ.ਐਸ. ਦਾ ਸਭ ਤੋਂ ਵੱਡਾ ਆਜ਼ਾਦੀ ਘੁਲਾਟੀਆ! ਜਿਸ ਦੇ ਝੂਠੇ ਸੋਹਲੇ ਗਾਉਣ ਤੋਂ ਭਾਜਪਾ ਤੇ ਆਰ.ਐਸ.ਐਸ. ਵਾਲੇ ਹਾਲੇ ਵੀ ਨਹੀਂ ਹਟਦੇ। ਇਤਿਹਾਸ ਵਿੱਚ ਬੜੀਆਂ ਹੋਰ ਆਰ.ਐਸ.ਐਸ. ਦੇ ਉਚ ਲੀਡਰਾਂ ਦੀਆਂ ਉਦਾਹਰਣਾਂ ਮਿਲਦੀਆਂ ਹਨ, ਜਿਨ੍ਹਾਂ ਨੇ ਕਈ ਸਾਰੇ ਦੇਸ਼ ਭਗਤਾਂ ਨੂੰ ਮੁਖਬਰੀ ਕਰਕੇ ਅੰਗਰੇਜ਼ਾਂ ਕੋਲ ਫੜਾਇਆ ਸੀ, ਜਿਨ੍ਹਾਂ ਵਿੱਚੋਂ ਇੱਕ ਆਗੂ ਤਾਂ ਇਸ ਪਾਰਟੀ ਦਾ ਦੇਸ਼ ਦਾ ਪ੍ਰਧਾਨ ਮੰਤਰੀ ਵੀ ਰਹਿ ਚੁੱਕਿਆ ਦੱਸਿਆ ਜਾਂਦਾ ਹੈ, ਜਿਸ ਨੇ ਕਈ ਦੇਸ਼ ਭਗਤਾਂ ਤੇ ਗਦਰੀ ਬਾਬਿਆਂ ਨੂੰ ਅੰਗੇਰਜ਼ਾਂ ਕੋਲੋਂ ਜੇਲ੍ਹੀਂ ਡਕਾਇਆ ਸੀ।

ਜੇ ਆਰ.ਐਸ.ਐਸ. ਦੇ ਇਤਿਹਾਸ 'ਤੇ ਸਰਸਰੀ ਜਿਹੀ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਆਰ.ਐਸ.ਐਸ. ਦੀ ਸਥਾਪਨਾ ਡਾ. ਕੇਸ਼ਵ ਬਲੀਰਾਮ ਹੈਡਗੇਵਾਰ ਨੇ ਸੰਨ 1925 ਵਿੱਚ ਨਾਗਪੁਰ ਵਿਖੇ ਕੀਤੀ ਸੀ, ਜਿਸ ਦਾ ਮੰਤਵ ਸਿਰਫ ਤੇ ਸਿਰਫ 'ਹਿੰਦੂ ਰਾਸ਼ਟਰ' ਸਥਾਪਤ ਕਰਨਾ ਸੀ। ਦੇਸ਼ ਦੇ ਲੋਕ ਤਾਂ ਇਹ ਵੀ ਜਾਣਦੇ ਹਨ ਕਿ ਆਰ.ਐਸ.ਐਸ. ਦਾ ਹੀ ਇੱਕ ਆਗੂ ਨੱਥੂ ਰਾਮ ਗੋਡਸੇ ਵੀ ਸੀ, ਜਿਸ ਨੇ 30 ਜਨਵਰੀ 1948 ਨੂੰ ਦੇਸ਼ ਦੇ ਰਾਸ਼ਟਰ ਪਿਤਾ ਕਹੇ ਜਾਂਦੇ ਮਹਾਤਮਾ ਗਾਂਧੀ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਸੰਸਾਰ ਭਰ ਦੇ ਜਾਗਰੂਕ ਲੋਕਾਂ ਵੱਲੋਂ ਆਰ.ਐਸ.ਐਸ. ਨੂੰ ਹਿੰਦੂਤਵੀਆਂ ਦੀ ਕੱਟੜ ਜਥੇਬੰਦੀ ਆਖਿਆ ਜਾਂਦਾ ਹੈ। ਇਸ ਦੀਆਂ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਦੇਖਦੇ ਹੋਏ ਇਸ ਜਥੇਬੰਦੀ ਨੂੰ ਦੇਸ਼ ਦੀ ਸਰਕਾਰ ਵੱਲੋਂ ਤਿੰਨ ਵਾਰ 1948, 1975 ਅਤੇ 1992 ਵਿੱਚ ਬੈਨ ਵੀ ਕੀਤਾ ਜਾਂਦਾ ਰਿਹਾ ਹੈ। ਇਹ ਜਥੇਬੰਦੀ ਸਿਰਫ ਤੇ ਸਿਰਫ ਉਨ੍ਹਾਂ ਕੱਟੜ ਹਿੰਦੂਆਂ ਦੀ ਜਥੇਬੰਦੀ ਹੈ, ਜਿਨ੍ਹਾਂ ਦੇ ਮਨ ਵਿੱਚ ਮੁਸਲਮਾਨਾਂ, ਸਿੱਖਾਂ, ਘੱਟ-ਗਿਣਤੀਆਂ ਸਮੇਤ ਦਲਿਤਾਂ ਦੇ ਕੁੱਟ-ਕੁੱਟ ਕੇ ਨਫਰਤ ਭਰੀ ਹੋਈ ਹੈ। ਇਸ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਨ੍ਹਾਂ ਵੱਲੋਂ ਕੀਤੀਆਂ ਲੋਕ ਵਿਰੋਧੀ ਕਾਰਵਾਈਆਂ ਤੋਂ ਦਿੱਤੀ ਜਾ ਸਕਦੀ ਹੈ। ਇਸ ਦਾ ਅਸਲੀ ਚਿਹਰਾ ਮੋਹਰਾ ਉਸ ਵੇਲੇ ਹੋਰ ਵੀ ਨਿਖਰ ਕੇ ਆਇਆ, ਜਦੋਂ ਕਾਂਗਰਸ ਪਾਰਟੀ ਦੀਆਂ ਸਿਖਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਹੋਣ ਕਾਰਨ ਦੇਸ਼ ਦੇ ਲੋਕ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਲੋਕਾਂ ਨਾਲ ਹੋ ਰਹੀਆਂ ਸਿਖਰਾਂ ਦੀਆਂ ਬੇਇਨਸਾਫੀਆਂ ਆਦਿ ਅਲਾਮਤਾਂ ਤੋਂ ਇੰਨੇ ਪ੍ਰੇਸ਼ਾਨ ਹੋ ਗਏ ਸਨ ਕਿ ਉਹ ਦੇਸ਼ ਵਿੱਚ ਕੋਈ ਹੋਰ ਯੋਗ ਬਦਲ ਨਜ਼ਰ ਨਾ ਆਉਂਦਾ ਦੇ ਬਾਵਜੂਦ ਦੇਸ਼ ਵਿੱਚ 2014 ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਉਭਰੇ ਭਾਜਪਾ ਆਗੂ ਨਰਿੰਦਰ ਮੋਦੀ ਦੇ ਲੱਛੇਦਾਰ ਭਾਸ਼ਣਾਂ ਤੋਂ ਪ੍ਰਭਾਵਤ ਹੋ ਗਏ ਸਨ। ਨਰਿੰਦਰ ਮੋਦੀ ਦੀਆਂ ਮੋਮੋਠਗਣੀਆਂ ਗੱਲਾਂ ਕਿ ਅਸੀਂ ਹਰ ਸਾਲ ਦੋ ਕਰੋੜ ਬੇਰੁਜ਼ਗਾਰ ਨੌਜੁਆਨਾਂ ਨੂੰ ਰੁਜ਼ਗਾਰ ਦੇਵਾਂਗੇ, ਵਿਦੇਸ਼ਾਂ ਵਿੱਚ ਪਿਆ ਕਾਲਾ ਧਨ ਦੇਸ਼ ਵਿੱਚ ਲਿਆ ਕੇ ਹਰੇਕ ਪੰਜ ਜੀਆਂ ਦੇ ਪਰਿਵਾਰ ਦੇ ਬੈਂਕ ਖਾਤੇ ਵਿੱਚ 15-15 ਲੱਖ ਰੁਪਏ ਜਮ੍ਹਾਂ ਕਰਵਾਇਆ ਜਾਵੇਗਾ, ਮਹਿੰਗਾਈ ਤੇ ਭ੍ਰਿਸ਼ਟਾਚਾਰ ਦਾ ਖਾਤਮਾ ਮੁਕੰਮਲ ਤੌਰ 'ਤੇ ਕਰ ਦਿੱਤਾ ਜਾਵੇਗਾ ਵਗੈਰਾ ਵਗੈਰਾ, ਵਿੱਚ ਆ ਗਏ। ਲੋਕਾਂ ਨੇ ਮੋਦੀ ਦੀਆਂ ਗੱਲਾਂ 'ਤੇ ਵਿਸ਼ਵਾਸ਼ ਕਰਕੇ 2014 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਬੁਰੀ ਤਰ੍ਹਾਂ ਹਰਾ ਕੇ ਦੇਸ਼ ਦੀ ਵਾਗਡੋਰ ਪ੍ਰਧਾਨ ਮੰਤਰੀ ਬਣਾ ਕੇ ਸੰਭਾਲੀ। ਦੇਸ਼ ਦੇ ਲੋਕਾਂ ਨੇ ਇਹ ਜਾਣ ਕੇ ਕਿ ਪਿਛਲੇ ਕਈ ਦਹਾਕਿਆਂ ਤੋਂ ਉਲਝੀ ਹੋਈ ਤਾਣੀ ਨੂੰ ਠੀਕ ਹੋਣ ਨੂੰ ਕੁਝ ਸਮਾਂ ਲਗਦਾ ਹੈ, ਸਰਕਾਰ ਦੇ ਕੰਮ-ਕਾਜ ਨੂੰ ਨਿਰਾਸ਼ਾਵਾਦੀ ਜਾਣਦੇ ਹੋਏ ਵੀ ਨਾਰਾਜ਼ਗੀ ਦਾ ਪ੍ਰਗਟਾਵਾ ਨਾ ਕਰਦਿਆਂ ਚੁੱਪ ਵੱਟੀ ਰੱਖੀ। ਉਪਰੰਤ 2019 ਵਿੱਚ ਲੋਕ ਸਭਾ ਚੋਣਾਂ ਵਿੱਚ ਫਿਰ ਵਿਸ਼ਵਾਸ ਕਰਕੇ ਦੇਸ਼ ਦੀ ਵਾਗਡੋਰ ਫੜ੍ਹਾ ਦਿੱਤੀ।

ਪ੍ਰਧਾਨ ਮੰਤਰੀ ਆਮ ਲੋਕਾਂ ਦੇ ਕੰਮ ਕਰਨ ਦੀ ਥਾਂ ਆਪਣੇ ਦੋ ਗੁਜਰਾਤੀ ਮਿੱਤਰਾਂ- ਅੰਬਾਨੀ ਤੇ ਅਡਾਨੀ ਦੇ ਹੱਥਾਂ ਵਿੱਚ ਖੇਡ ਰਹੇ ਹਨ ਤੇ ਦੇਸ਼ ਦੀ ਵਾਗਡੋਰ ਵੱਡੇ ਕਾਰਪੋਰੇਟਾਂ ਦੇ ਹੱਥਾਂ ਵਿੱਚ ਦੇ ਦਿੱਤੀ ਹੈ, ਜਿਸ ਕਾਰਨ ਸਰਕਾਰ ਦੇ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਵੇਚ ਕੇ ਵੱਡੇ ਕਾਰਪੋਰੇਟਾਂ ਦੇ ਹੱਥਾਂ ਵਿੱਚ ਫੜ੍ਹਾ ਕੇ ਉਨ੍ਹਾਂ ਦਾ ਨਿੱਜੀਕਰਨ ਕਰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਵੱਲੋਂ ਦੇਸ਼ ਦੇ ਲੋਕਾਂ ਨਾਲ ਵਾਅਦੇ ਪੂਰੇ ਕਰਨ ਦੀ ਥਾਂ ਘੱਟ-ਗਿਣਤੀ ਮੁਸਲਮਾਨਾਂ ਨਾਲ ਹਰ ਪੜਾਅ 'ਤੇ ਉਨ੍ਹਾਂ ਉਤੇ ਜੋ ਸਿਖਰ ਦਾ ਜ਼ੁਲਮ ਢਾਹਿਆ ਜਾਂਦਾ ਹੈ, ਬਿਆਨ ਤੋਂ ਬਾਹਰਾ ਹੈ। ਇਹੋ ਹਾਲ ਹੋਰ ਘੱਟ-ਗਿਣਤੀਆਂ ਸਮੇਤ ਸਿੱਖਾਂ ਤੇ ਦਲਿਤਾਂ ਨਾਲ ਕਈ ਤਰੀਕਿਆਂ ਨਾਲ ਢਾਹਿਆ ਜਾਂਦਾ ਆ ਰਿਹਾ ਹੈ। ਭਾਜਪਾ ਸਰਕਾਰ ਲੋਕਾਂ ਨਾਲ ਕੀਤੇ ਸਾਰੇ ਵਾਅਦਿਆਂ ਨੂੰ ਭੁੱਲ ਭੁਲਾ ਕੇ ਆਰ.ਐਸ.ਐਸ. ਦੀ ਸੋਚ ਮੁਤਾਬਿਕ ਦੇਸ਼ ਨੂੰ ਚਲਾਉਣਾ ਚਾਹੁੰਦੀ ਹੈ। ਕੱਟੜ ਹਿੰਦੂਆਂ ਤੇ ਆਰ.ਐਸ. ਐਸ. ਪੱਖੀ ਲੋਕਾਂ ਦੇ ਦਿਲਾਂ ਵਿੱਚੋਂ ਭਾਜਪਾ ਤੇ ਵਿਸ਼ੇਸ਼ ਕਰਕੇ ਮੋਦੀ ਦਾ ਜਨੂੰਨ ਖਤਮ ਹੋਣਾ ਸ਼ੁਰੂ ਹੋ ਰਿਹਾ ਹੈ, ਕਿਉਂਕਿ ਉਸ ਨੇ ਦੇਸ਼ ਦੇ ਲੋਕਾਂ ਨਾਲ ਜਿਹੜੇ ਜਿਹੜੇ ਵਾਅਦੇ ਕੀਤੇ ਸਨ, ਉਨ੍ਹਾਂ ਵਿੱਚੋਂ ਕਿਸੇ ਇੱਕ ਉਤੇ ਵੀ ਖਰਾ ਨਹੀਂ ਉਤਰਿਆ। ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਹਾਲੇ ਵੀ ਬਹੁਤ ਸਾਰੇ ਕੱਟੜ ਕਿਸਮ ਦੇ ਹਿੰਦੂ ਧਰਮ ਨਾਲ ਸਬੰਧਤ ਲੋਕ ਹਨ, ਜੋ ਸਿਰਫ ਤੇ ਸਿਰਫ 'ਹਿੰਦੂ ਰਾਸ਼ਟਰ' ਦੇ ਮੁਦੱਈ ਹਨ।

ਖ਼ੈਰ! ਲੋਕਾਂ ਵਿੱਚੋਂ ਭਾਜਪਾ ਤੇ ਆਰ.ਐਸ.ਐਸ. ਦਾ ਵੱਕਾਰ ਦਿਨੋ-ਦਿਨ ਖਤਮ ਹੋ ਰਿਹਾ ਹੈ। ਮੋਹਨ ਭਾਗਵਤ ਵੱਲੋਂ ਦੇਸ਼ ਆਜ਼ਾਦ ਹੋਣ ਤੋਂ 78 ਵਰ੍ਹੇ ਬਾਅਦ ਇਹ ਬਿਆਨ ਦੇਣਾ ਕਿ ਆਰ.ਐਸ.ਐਸ. ਦੀ ਸਥਾਪਨਾ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹੋਈ ਸੀ, ਨਿਰਾ ਝੂਠ ਦਾ ਪੁਲੰਦਾ ਤੇ ਸੱਚਾਈ ਤੋਂ ਕੋਹਾਂ ਦੂਰ ਵਾਲਾ ਹੈ। ਦੇਸ਼ ਦੀ ਮੌਜੂਦਾ ਭਾਜਪਾ ਸਰਕਾਰ ਵੱਲੋਂ ਹੁਣ ਜਦੋਂ ਦੇਸ਼ ਦੇ ਇਤਿਹਾਸ ਨੂੰ ਤੋੜ-ਮੋੜ ਕੇ ਝੂਠ-ਮੂਠ ਲਿਖਿਆ ਜਾ ਰਿਹਾ ਹੈ ਤਾਂ ਕਿ ਆਉਣ ਵਾਲੀ ਨੌਜੁਆਨ ਪਨੀਰੀ ਨੂੰ ਗਲਤ-ਮਲਤ ਇਤਿਹਾਸ ਪੜ੍ਹਾ ਕੇ ਆਪਣੀ ਵਿਗੜੀ ਹੋਈ ਸ਼ਾਖ ਨੂੰ ਠੀਕ ਕੀਤਾ ਜਾ ਸਕੇ; ਪਰ ਦੇਸ਼ ਦੇ ਸਮਝਦਾਰ ਤੇ ਸਿਆਣੇ ਲੋਕ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਦੀ ਇਸ ਝੂਠੀ ਤੇ ਕੋਝੀ ਚਾਲ ਨੂੰ ਵੀ ਕਦੇ ਸਫਲ ਨਹੀਂ ਹੋਣ ਦੇਣਗੇ!

ratebeat MORTGAGE
Harbirinder Virk
Mortgage Loan Officer
MLS ID: 2212343
ਮੌਰਗੇਜ ਲੋੜਾਂ ਸਬੰਧੀ ਸੰਪਰਕ ਕਰੋ
Call For All Your Mortgage Lending Needs!
Ph: 847-942-9046 harbirv@gmail.com

# ‘ਸ਼ਾਮ ਚੌਰਾਸੀ’ ਜੋ ਕਦੇ ਸੰਗੀਤ ਦਾ ਲਬਾਲਬ ਦਰਿਆ ਸੀ

*ਹਥਲੇ ਕਾਲਮ ‘ਪਿੰਡ ਵਸਿਆ’ ਵਿੱਚ ਸਬੰਧਿਤ ਪਿੰਡ ਦੇ ਵਸਣ ਅਤੇ ਉਗਮਣ ਦੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ ‘ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ’ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪਿੰਡ ਦਾ ਕਿੱਸਾ ਫਰੋਲਣ/ਲੱਭਣ ਲਈ ਬਹੁਤ ਅਤੇ ਬਹੁਪਰਤੀ ਊਰਜਾ ਲੱਗਦੀ ਹੈ। ਇਸ ਕਾਲਮ ਲਈ ਕੁਝ ਹੋਰ ਲਿਖਤਾਂ ਪ੍ਰਾਪਤ ਹੋਈਆਂ ਹਨ। ਸੋ, ਹਥਲੀ ਲਿਖਤ ਵਿੱਚ ਪੜ੍ਹੋ, ਪ੍ਰਾਚੀਨ ਨਗਰ ‘ਸ਼ਾਮ ਚੌਰਾਸੀ’ ਦਾ ਕਿੱਸਾ -ਪ੍ਰਬੰਧਕੀ ਸੰਪਾਦਕ*

## ਪਿੰਡ ਵਸਿਆ

**ਵਿਜੈ ਬੰਬੇਲੀ**
**ਫੋਨ: +91-9463439075**



ਸ਼ਾਮ ਚੌਰਾਸੀ ਢੇਰ ਪੁਰਾਣਾ ਨਗਰ ਹੈ, ਪਰ ਕਿੰਨਾ ਕੁ? ਪੱਕ ਨਾਲ ਪਤਾ ਨਹੀਂ ਲੱਗ ਸਕਿਆ। ਇਸਦਾ ਨਾਂ ਸ਼ਾਮ ਚੌਰਾਸੀ ਪੈਣ ਬਾਰੇ ਵੀ ਅੱਡ-ਅੱਡ ਦੰਦ-ਕਥਾਵਾਂ ਜਾਂ ਪੀੜ੍ਹੀ-ਦਰ-ਪੀੜ੍ਹੀ ਕਨਸੋਆਂ ਹਨ। ਅਸਲ ਬਾਰੇ ਵੱਖ-ਵੱਖ ਮਿੱਥਾਂ ਅਤੇ ਆਸਥਾ ਕਾਰਨ ਇੱਥੋਂ ਦੇ ਵਾਸੀ ਕਦੇ ਵੀ ਇੱਕ ਸੁਰ ਨਹੀਂ ਹੋਏ। ਸੋ, ਇਸ ਕਾਲਮ ਵਿੱਚ ਸਾਰਿਆਂ ਦੇ ਸੁਰਾਂ ਦੀ ਬਾਤ ਪਾਈ ਜਾਵੇਗੀ, ਨਿਰਣਾ ਪਾਠਕ ਕਰਨਗੇ। ਸ਼ੁਰੂ ‘ਚ ਇੱਥੇ ਹਿੰਦੂਆਂ ਦੀ ਚੜ੍ਹਤ ਸੀ, ਫਿਰ ਸਥਿਤੀਆਂ-ਪ੍ਰਸਥਿਤੀਆਂ ਵੱਸ ਮੁਸਲਿਮਾਂ ਦੀ ਹੋ ਗਈ। ਦੋਵੇਂ ਧਿਰਾਂ ਦਾ ਇਸਦੀ ਵਡਿਆਈ ਵਧਾਉਣ ਵਿੱਚ ਹਿੱਸਾ ਸਾਵਾਂ ਰਿਹਾ। ਇਲਾਕੇ ਦਾ ਕੇਂਦਰੀ ਅਤੇ ਉੱਘਾ ਪਿੰਡ ਹੋਣ ਕਾਰਨ ਇਸਦੀ ਤੂਤੀ ਬੋਲਣ ਦੇ ਕਈ ਕਾਰਨ ਹੋਰ ਵੀ ਸਨ।

ਕਿਹਾ ਜਾਂਦਾ ਹੈ ਕਿ ਸ਼ਿਆਮ, ਜੜਾਮ ਅਤੇ ਬਰਾਮ-ਤਿੰਨ ਨਾਮਵਰ ਭਾਈ ਸਨ। ਸ਼ਿਆਮ ਨੇ ‘ਸ਼ਾਮ ਚੌਰਾਸੀ’ (ਕਠਾਰ, ਹਰਿਆਣਾ) ਵਸਾਇਆ; ਜੜਾਮ ਨੇ ‘ਅਜੜਾਮ’ (ਨਸਰਾਲਾ, ਹੁਸ਼ਿਆਰਪੁਰ) ਅਤੇ ਬਰਾਮ ਨੇ ‘ਬਹਿਰਾਮ’ (ਬੰਗਾ)। ਪਰ ਇਹ ਗੱਲ ਮਨ ਨੂੰ ਨਹੀਂ ਲੱਗਦੀ, ਕਿਉਂਕਿ ‘ਅਜੜਾਮ’ ਅਤੀ ਪ੍ਰਚੀਨ ਨਗਰ ਹੈ, ਜਿਹੜਾ ਸਮਾਂ ਪਾ ਥੇਹ ਹੋ ਗਿਆ ਸੀ, ਉਪਰੰਤ ਫਿਰ ਉਗਮਿਆ। ਇਹ ਥੇਹ ਅਤੀ ਪ੍ਰਚੀਨਤਾ ਦੀ ਜਾਮਨੀ ਦਿੰਦੇ ਹਨ ਅਤੇ ਬਹਿਰਾਮ ਕਿਤੇ ਮਗਰੋਂ ਮੁਸਲਮਾਨੀ ਜਲੌਅ ਸਮੇਂ ਵਸਿਆ ਸੀ। ਹਾਂ! ਜਿਵੇਂ ਇਹ ਕਿਹਾ ਜਾਂਦਾ ਸੀ/ਹੈ ਕਿ, “ਇਥੋਂ ਦਾ ਇੱਕ ‘ਸ਼ਾਮ’ ਨਾਂ ਦਾ ਮੋਹਤਬਰਾਨ ਇਸ ਖਿੱਤੇ ਦੇ ਚੌਰਾਸੀ ਪਿੰਡਾਂ ਦਾ ਮਾਮਲਾ ਦਿੱਲੀ ਦਰਬਾਰ ਪਹੁੰਚਾਉਂਦਾ ਸੀ।” ਕਾਰਨ, ਸਮਾਂ ਪਾ, ਇਸ ਖੇੜੇ ਦਾ ਨਾਂ ਜਰੂਰ, ‘ਸ਼ਾਮ ਚੌਰਾਸੀ’ ਪ੍ਰਚਲਤ ਹੋ ਗਿਆ ਹੋਵੇਗਾ।

‘ਆਇਨੇ-ਅਕਬਰੀ’ ਵਿਚਲੇ ਇੱਕ ਜ਼ਿਕਰ ਨੂੰ ਆਧਾਰ ਬਣਾ ਕੇ ਇਸਦੀ ਤਫਰੀਹ ਇੰਜ ਕੀਤੀ ਜਾ ਸਕਦੀ ਹੈ, “ਸ਼ਾਮ ਚੌਰਾਸੀ ਦੋਆਬਾ ਦਾ ਇੱਕ ਪੁਰਾਣਾ ਕਸਬਾ ਹੈ, ਜਿਸਨੂੰ ਆਇਨੇ-ਅਕਬਰੀ ਵਿੱਚ ‘ਚੌਰਾਸੀ’ ਲਿਖਿਆ ਮਿਲਦਾ ਹੈ, ਜਿਹੜਾ ਬਾਦਸ਼ਾਹ ਅਕਬਰ ਵੇਲੇ ‘ਪਰਗਣਾ’ (ਤਹਿਸੀਲ ਨਿਆਂਈ) ਬਣਿਆ, ਜਿਸ ਨਾਲ 84 ਪਿੰਡ ਨੱਥੀ ਕੀਤੇ ਗਏ। ਅਕਬਰ ਨੇ ਆਪਣੇ ਕਿਸੇ ਖਾਸ ਮੁਸਹਿਬ, ਜਿਹੜਾ ਇੱਥੋਂ ਦਾ ਬਾਸ਼ਿੰਦਾ ਸੀ, ਨੂੰ ਇਸ ਪਰਗਣੇ, 84 ਪਿੰਡਾਂ ਦਾ ਮਾਮਲਾ ‘ਕੱਠਾ ਕਰਨ ਹਿੱਤ ਨਿਯੁਕਤ ਕੀਤਾ ਸੀ, ਜਿਸ ਕਾਰਨ ਇਸਦਾ ਨਾਂ ‘ਚੌਰਾਸੀ’ ਪੈ ਗਿਆ।” ਹੋ ਸਕਦਾ ਉਹ ਮੁਸਹਿਬ ਦਾ ਨਾਂ ‘ਸ਼ਿਆਮ’ ਹੀ ਹੋਵੇ, ਜਿਸਤੋਂ ਇਸਦੀ ਅੱਲ ‘ਸ਼ਿਆਮ ਚੌਰਾਸੀ’ ਪੈ ਗਈ ਅਤੇ ਮਗਰੋਂ ਵਿਗੜਦਾ ਸੰਵਰਦਾ, ਜਿਵੇਂ ਬਹੁਤੇ ਪਿੰਡਾਂ ਦੇ ਨਾਮਕਰਨ ਸੰਦਰਭ ਇਵੇਂ ਹੋਇਆ ਹੀ ਸੀ/ਹੈ, ਇਸਦਾ ਨਾਂ ਅਖੀਰ ‘ਸ਼ਾਮ ਚੌਰਾਸੀ’ ਪੱਕ-ਪਕਾਅ ਗਿਆ ਹੋਵੇ!

ਪਰ ਇੱਕ ਮਹੱਤਵਪੂਰਨ ਉੱਕਤੀ ਹੋਰ ਵੀ ਹੈ ਕਿ, “ਇੱਥੇ ਇੱਕ ਪ੍ਰਚੀਨ ਇਮਾਰਤ ਹੈ, ਜਿਸਨੂੰ ਲੋਕ ਮੁਸਲਮਾਨ ਫਕੀਰ ਹਜ਼ਰਤ ‘ਸ਼ਾਮੀ ਸਾਹਿਬ’ ਦੀ ਖਾਨਗਾਹ ਦੱਸਦੇ ਹਨ, ਬੜੀ ਮਾਨਤਾ ਹੈ ਇਸਦੀ, ਜਿਸਦੀ ਯਾਦ ‘ਚ ਬੜਾ ਭਾਰੀ ਮੇਲਾ ਸਜਦਾ ਹੈ। ਇਸ ਵਿਰਾਸਤੀ ਮੇਲੇ ਦਾ ਜਲੌਅ ਮਸ਼ਹੂਰ ਕਵਾਲਾਂ ਅਤੇ ਸਾਜ਼ਿੰਦਿਆਂ ਕਾਰਨ ਸਿਖਰ ‘ਤੇ ਪਹੁੰਚਦਾ ਹੈ। ਕਿਹਾ ਜਾਂਦਾ ਹੈ ਕਿ ਇਸ ਫਕੀਰ ਦੀਆਂ ‘ਕਰਨੀਆਂ’ ਕਾਰਨ ਇਸ ਖੇੜੇ ਦੀ ਕੀਰਤੀ ਚੁਫੇਰੇ ਅਜਿਹੀ ਫੈਲੀ ਕਿ ‘ਚੌਰਾਸੀ’ ਪਿੰਡਾਂ ਦੇ ਕੇਂਦਰੀ ਸਮੂਹ ਨੂੰ ‘ਸ਼ਾਮ ਚੌਰਾਸੀ’ ਕਿਹਾ ਜਾਣ ਲੱਗ ਪਿਆ।

ਹਾਂ! ’47 ਦੀ ਤ੍ਰਾਸਦੀ ਤੋਂ ਪਹਿਲਾਂ ਤਾਂ ਇਸ ਸੰਗੀਤਕ ਜਲੌਅ, ਜਿਹੜਾ ਹਿੰਦੂ-ਮੁਸਲਿਮ ਫਨਕਾਰਾਂ ਵੱਲੋਂ ਰਚਾਇਆ ਜਾਂਦਾ ਸੀ, ਦੀਆਂ ਬਾਤਾਂ ਹੁਣ ਵੀ ਪੈਂਦੀਆਂ ਹਨ। ਇਸ ਜਲੌਅ ਦੇ ਸਿੱਟੇ ਵਜੋਂ ਇਸ ਨਗਰ ਨੇ ਵੀ ਬੜੇ ਉਮਦਾ ਫਨਕਾਰ ਪੈਦਾ ਕੀਤੇ, ਜਿਹੜੇ ਸਥਿਤੀਆਂ ਵੱਸ ਪਾਕਿਸਤਾਨ ਤੁਰ ਗਏ ਸਨ। ਪਾਕਿਸਤਾਨ ਦੇ ਸੰਸਾਰ ਪ੍ਰਸਿੱਧ ਕੱਵਾਲ ਤੇ ਸੰਗੀਤਕਾਰ ਜਨਾਬ ਨਜਾਕਤ ਅਲੀ-ਸਲਾਮਤ ਅਲੀ ਇਸ ਨਗਰ ਦੇ ਹੀ ਦਾਨੇ ਸਪੂਤ ਸਨ। ਇਨ੍ਹਾਂ ਦੇ ਨਾਨਕੇ ਸ਼ਾਸਤਰੀ ਸੰਗੀਤ ਦੇ ਵਿੱਦਿਆਲੇ ਹਰਿਆਣਾ (ਭੂੰਗਾਂ) ਵਿਖੇ ਸਨ। ਸ਼ਾਸਤਰੀ ਸੰਗੀਤ ‘ਚ ਹਰਿਆਣਾ ਦਾ ਆਪਣਾ ਮੁਕਾਮ ਰਿਹਾ ਹੈ, ਜਿਸਦੇ ਸ਼ਾਗਿਰਦਾਂ ਵਿੱਚ ਅਲੀ ਭਰਾਵਾਂ ਦੇ ਬਾਲਦ ਅਤੇ ਮਾਮਾ ਸਿਰੀ ਦਾ ਨਾਂ ਬੜਾ ਉੱਘਾ ਸੀ। ਪੰਜਾਬ ਦੇ ਚਾਰ ਸੰਗੀਤਕ ਘਰਾਣੇ ਬੜੇ ਸੁ-ਪ੍ਰਸਿੱਧ ਸਨ, ਜਿਨ੍ਹਾਂ ਵਿੱਚੋਂ ਹਰਿਆਣਾ (ਸ਼ਾਮ ਚੌਰਾਸੀ) ਨੂੰ ਸਿਰਮੌਰ ਮੰਨਿਆ ਗਿਆ। ‘ਰਾਗ ਧਰੁੱਪਦ’ ‘ਚ ਭਾਵੇਂ ਮੁੱਖ ਹਿੱਸਾ ‘ਹਰਿਆਣਾ’ ਦੇ ਸੰਗੀਤ ਵੇਤਿਆਂ ਦਾ ਸੀ, ਪਰ ਅਲੀ ਪਰਿਵਾਰ ਦੀ ‘ਸਰਸਵਤੀ ਸਜਦਾ ਤੇ ਘਾਲਣਾ’ ਬਦੌਲਤ ਇਹ ‘ਸ਼ਾਮ ਚੌਰਾਸੀ’ ਦੇ ਹਿੱਸੇ ਵੀ ਆਇਆ। ਅਲੀ ਭਰਾਵਾਂ ਦੇ ਬਾਲਦ ਫਤ੍ਹੇ ਅਲੀ ਖਾਂ ਵਰਗਿਆਂ ਦੀ ਬਦੌਲਤ ਇਹ ਘਰਾਣਾ ‘ਚੌਰਾਸੀਆਂ ਘਰਾਣਾ’ ਵਜੋਂ ਸੁ-ਪ੍ਰਸਿੱਧ ਹੋਇਆ। ’47 ਤੋਂ ਪਹਿਲਾਂ ਜਲੰਧਰ ਦੇ ‘ਹਰੀਬੱਲਭ ਸੰਗੀਤ ਮੇਲੇ’ ਵਿੱਚ ‘ਹਰਿਆਣਾ-ਸ਼ਾਮ ਚੌਰਾਸੀ’ ਦੀ ਤੂਤੀ ਬੋਲਦੀ ਸੀ। ਮੁੱਕਦੀ ਗੱਲ, ‘ਸ਼ਾਮ ਚੌਰਾਸੀ’ ਮੁਸਲਿਮ ਹਮਸਾਇਆਂ ਕਾਰਨ ਅਜਿਹਾ ‘ਸੰਗੀਤ ਸੱਥਲ’ ਬਣਿਆ ਕਿ ਇਸਦਾ ਅਸ਼ੀਰਵਾਦ ਅਜੇ ਵੀ ‘ਸ਼ਾਮ ਚੌਰਾਸੀ’ ਦੀ ਫਿਜ਼ਾ ਵਿੱਚ ਰੁਮਕਦਾ ਹੈ।




ਕਦੇ ਸ਼ਾਮ ਚੌਰਾਸੀ ਪੁਰਾਤਨ, ਸਿੱਖ ਅਹਿਲਕਾਰਾਂ ਅਤੇ ਮੁਖੀਆਂ ਦੀਆਂ ਸਰਗਰਮੀਆਂ ਦਾ ਕੇਂਦਰ ਵੀ ਰਿਹਾ। ਸਿੱਖ ਮਿਸਲਾਂ ਦੇ ਉਗਮਣ ਅਤੇ ਮਗਰੋਂ 12 ਮੁੱਖ ਮਿਸਲਾਂ ਵਿੱਚ ਕੇਂਦਰਤ ਹੋ ਜਾਣ ਉਪਰੰਤ ਜਦ ‘ਕਰੌੜ ਸਿੰਘੀਆਂ ਮਿਸਲ’ ਦੇ ਆਹਲਾ ਸਰਦਾਰ ਬਘੇਲ ਸਿੰਘ ਨੇ ‘ਹਰਿਆਣਾ’ ਨੂੰ ਆਪਣਾ ਸਦਰ ਮੁਕਾਮ ਬਣਾਇਆ ਤਾਂ ਉਸਨੇ ਸ਼ਾਮ ਚੌਰਾਸੀ ਦੀ ਵਿਸ਼ੇਸ਼ ਮਹੱਤਤਾ ਕਾਰਨ ਇੱਥੇ ਬਾਰਾਂਦਰੀ ਉਸਾਰ ਕੇ ਆਪਣਾ ਇੱਕ ਜੰਗੀ ਪ੍ਰਬੰਧਕ ਵੀ ਨਿਯੁਕਤ ਕੀਤਾ। ਹੁਣ ਬਾਰਾਂਦਰੀ ਵਰਗੀ ਇਸ ਇਮਾਰਤ ਦਾ ਵਜੂਦ ਭਾਵੇਂ ਨਹੀਂ ਹੈ, ਪਰ ਖੰਡਰਾਤ ਮੌਜੂਦ ਹਨ। “ਖੰਡਰਾਤ ਹੀ ਬਤਾਤੇ ਹੈ ਕਿ ਇਮਾਰਤ ਖੂਬਸੂਰਤ ਥੀ।” ਸ. ਬਘੇਲ ਸਿੰਘ ਦੇ ਫੌਤ ਹੁੰਦਿਆ ਹੀ ਇੱਥੇ ਮਹਾਰਾਜਾ ਰਣਜੀਤ ਸਿੰਘ ਦਾ ਲਾਮ-ਲਸ਼ਕਰ ਆ ਥਪਕਿਆ ਅਤੇ ਮਿਸਲੀ ਉਥਲ-ਪੁਥਲਾਂ ਨੂੰ ਬਿਰਾਮ ਲੱਗ ਜਾਣ ਉਪਰੰਤ ਇਸ ਖੇੜੇ ਦੇ ਕੇਂਦਰੀ ਵਜੂਦ ਕਾਰਨ ‘ਸ਼ਾਮ ਚੌਰਾਸੀ’ ਇਸ ਖਿੱਤੇ ਦੀ ਉੱਘੀ ਫਸਲੀ ਮੰਡੀ ਵਜੋਂ ਵਿਕਸਤ ਹੋ ਗਿਆ।

ਖਾਸ ਗੱਲ; ਜਿਸ ਮੈਨੂੰ ‘ਜੰਗ-ਏ-ਆਜ਼ਾਦੀ’ ਦਾ ਵਿਦਿਆਰਥੀ ਹੋਣ ਕਾਰਨ ਟੁੰਬਿਆਂ ਅਤੇ ਮੈਂ ਪਹਿਲਾਂ ਕਹਿਣੀ ਚਾਹੁੰਦਾ ਸੀ, ਉਹ ਇਹ ਕਿ “ਬਰਤਾਨਵੀ ਸਾਮਰਾਜ ਨੇ 1846 ‘ਚ ਲਾਹੌਰ ਦਰਬਾਰ ਨੂੰ ਮਲੀਆ-ਮੇਟ ਕਰਨ ਉਪਰੰਤ ਕਰੀਬ ਸਾਰੇ ਪੰਜਾਬ ਵਿੱਚ ਪੀਢਾ ਪੈਰ ਧਰਾਵਾ ਕਰ ਲਿਆ। ਉਦੋਂ, ਜਦ ਕਈ ‘ਆਪਣੇ’ ਵੀ ਗੱਦਾਰੀ ਕਰ ਗਏ ਤਾਂ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਇੱਕ ਹੋਕਾ ਇਸੇ ਸ਼ਾਮ ਚੌਰਾਸੀ ਦੀ ਸਰ-ਜ਼ਿਮੀਂ ਤੋਂ ਵੀ ਦਿੱਤਾ ਗਿਆ ਸੀ। ਅਜਿਹਾ ਕਰਨ ਵਾਲਾ ਮੋਢੀ ਸੰਗਰਾਮੀਆ ਸੀ ਭਾਈ ਮਾਹਰਾਜ ਸਿੰਘ ਨੌਰੰਗਾਬਾਦੀ। ਹੋਇਆ ਇਉਂ ਕਿ ਜਦ ਗੋਰਾ ਸ਼ਾਹੀ ਗੱਦਾਰ ਸਿੱਖ ਅਹਿਲਕਾਰਾਂ ਸਮੇਤ ਇਸ ਬਾਗੀ ਰੁਕਨ ਨੂੰ ਫੜ੍ਹਨ ਲਈ ਬਹੁਤ ਸਰਗਰਮ ਹੋ ਗਈ, ਤਦ ਦੋਆਬੇ ਦੀ ਇਸ ਜਰਖੇਜ਼ ਧਰਤੀ ‘ਤੇ ਵਿਚਰ ਰਹੇ ਭਾਈ ਮਾਹਰਾਜ ਸਿੰਘ ਨੇ ਤਿੰਨ ਤੇ ਚਾਰ ਦਸੰਬਰ 1849 ਦੀ ਦਰਮਿਆਨੀ ਰਾਤ ਨੂੰ ਆਪਣੀ ਆਰਜ਼ੀ ਪਨਾਹ ਸਥਲ ਸ਼ਾਮ ਚੌਰਾਸੀ ਤੋਂ ਅੰਗਰੇਜ਼ਾਂ ਵਿਰੁੱਧ ਖੁੱਲ੍ਹੀ ਬਗਾਵਤ ਦਾ ਸੱਦਾ ਦਿੱਤਾ। ਜਿਸ ਤਹਿਤ ਪਹਿਲੇ ਉੱਦਮ ਵਜੋਂ ਸ਼ਾਮ ਚੌਰਾਸੀ ਦੇ ਗਿਰਦ ਪੈਂਦੀਆਂ ਜਲੰਧਰ ਅਤੇ ਹੁਸ਼ਿਆਰਪੁਰ ਦੀਆਂ ਛਾਉਣੀਆਂ ‘ਤੇ ਕਬਜ਼ਾ ਕਰਨ ਦੀ ਵਿਉਂਤ ਗੁੰਦੀ ਗਈ। ਇਹੀ ਨਹੀਂ, ਪੂਰਵ ਯੋਜਨਾ ਤਹਿਤ ਰਾਜ ਕੁਮਾਰ ਦਲੀਪ ਸਿੰਘ ਅਤੇ ਮਹਾਰਾਣੀ ਜਿੰਦਾਂ ਨੂੰ ਵੀ ਸ਼ਾਹੀ ਕੈਦ ਵਿੱਚੋਂ ਉਡੰਤਰ ਕਰਵਾਇਆ ਜਾਣਾ ਸੀ।” ਪਰ ਕੀ ਹੋਇਆ-ਵਾਪਰਿਆ? ਇਹ ਇੱਕ ਦੁਖਦਾਇਕ ਗਾਥਾ ਹੈ, ਕਿਤੇ ਫੇਰ ਸਹੀ!

# ਆਈ.ਪੀ.ਐਲ. 2026 ਵਿੱਚ ‘ਪੰਜਾਬ ਕਿੰਗਜ਼’ ਦੀ ਜਿੱਤ ਦਾ ਸਿਲਸਿਲਾ

***ਪੰਜਾਬ ਕਿੰਗਜ਼ ਦੇ ਪ੍ਰਿਆਂਸ਼ ਆਰਿਆ ਨੇ ਕੀਤੀ ਛੱਕਿਆਂ-ਚੌਕਿਆਂ ਦੀ ਬਰਸਾਤ**
***ਲਖਨਊ ਸੁਪਰ ਜਾਇੰਟਸ ਨੂੰ ਹਰਾ ਪੰਜਾਬ ਟੀਮ ਨੇ ਬਣਾਇਆ ਜਿੱਤ ਦਾ ਇਹ ਰਿਕਾਰਡ**

ਆਈ.ਪੀ.ਐਲ. 2026 ਵਿੱਚ ਪੰਜਾਬ ਕਿੰਗਜ਼ ਦੀ ਜਿੱਤ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਨਿਊ ਚੰਡੀਗੜ੍ਹ ਵਿਖੇ ਐਤਵਾਰ ਨੂੰ ਖੇਡੇ ਗਏ ਇਸ ਮੁਕਾਬਲੇ ਵਿੱਚ ਪੰਜਾਬ ਕਿੰਗਜ਼ ਨੇ ਲਖਨਊ ਸੁਪਰਜਾਇੰਟਸ ਨੂੰ 54 ਦੌੜਾਂ ਨਾਲ ਹਰਾ ਦਿੱਤਾ ਹੈ। ਇਸਦੇ ਨਾਲ ਹੀ ਪੰਜਾਬ ਕਿੰਗਜ਼ ਨੇ ਆਈ.ਪੀ.ਐਲ. ਦੇ 19 ਸਾਲ ਦੇ ਇਤਿਹਾਸ ਵਿੱਚ ਪਹਿਲੇ 6 ਮੁਕਾਬਲਿਆਂ ਵਿੱਚੋਂ ਇੱਕ ਵੀ ਮੈਚ ਨਾ ਹਾਰਨ ਦਾ ਰਿਕਾਰਡ ਕਾਇਮ ਕੀਤਾ। ਇਸ ਸੀਜ਼ਨ ਵਿੱਚ ਪੰਜਾਬ ਨੇ ਸਭ ਤੋਂ ਵੱਧ ਸਕੋਰ ਬਣਾਉਣ ਦਾ ਵੀ ਰਿਕਾਰਡ ਬਣਾਇਆ ਹੈ। ਇਸ ਤੋਂ ਪਹਿਲਾਂ ਇਹ ਰਿਕਾਰਡ ਆਰ.ਸੀ.ਬੀ. ਦੇ ਨਾਮ ਸੀ, ਜਿਨ੍ਹਾਂ ਨੇ ਚੇਨੱਈ ਖਿਲਾਫ਼ 3 ਵਿਕਟਾਂ ਗਵਾ ਕੇ 250 ਦੌੜਾਂ ਬਣਾਈਆਂ ਸਨ।

ਇਸ ਜਿੱਤ ਦੇ ਨਾਲ ਪੰਜਾਬ ਕਿੰਗਜ਼ 6 ਮੈਚਾਂ ਵਿੱਚ 11 ਅੰਕਾਂ ਨਾਲ ਪੁਆਇੰਟਸ ਟੇਬਲ ਵਿੱਚ ਟਾਪ ‘ਤੇ ਬਣੀ ਹੋਈ ਹੈ। ਦੂਜੇ ਪਾਸੇ, ਲਖਨਊ ਸੁਪਰ ਜਾਇੰਟਸ ਨੇ ਹੁਣ ਤੱਕ ਖੇਡੇ ਗਏ 6 ਮੈਚਾਂ ਵਿੱਚੋਂ 2 ਜਿੱਤੇ ਹਨ ਅਤੇ 4 ਹਾਰੇ ਹਨ, ਪੁਆਇੰਟਸ ਟੇਬਲ ਵਿੱਚ ਟੀਮ 8ਵੇਂ ਸਥਾਨ ‘ਤੇ ਹੈ।

ਮੈਚ ਦੀ ਗੱਲ ਕਰੀਏ ਤਾਂ ਪੰਜਾਬ ਵੱਲੋਂ ਪ੍ਰਿਆਂਸ਼ ਆਰਿਆ ਨੇ 37 ਗੇਂਦਾਂ ‘ਤੇ 93 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਉਸ ਨੇ ਆਪਣੀ ਪਾਰੀ ਵਿੱਚ 9 ਛੱਕੇ ਅਤੇ 4 ਚੌਕੇ ਲਗਾਏ। ਇਸ ਦੌਰਾਨ ਪ੍ਰਿਆਂਸ਼ ਆਰਿਆ ਦਾ ਸਾਥ ਦਿੱਤਾ ਕੂਪਰ ਕੋਨੋਲੀ ਨੇ। ਉਸ ਨੇ ਧਮਾਕੇਦਾਰ ਪਾਰੀ ਖੇਡਦੇ ਹੋਏ 46 ਗੇਂਦਾਂ ‘ਤੇ 8 ਚੌਕਿਆਂ ਅਤੇ 7 ਛੱਕਿਆਂ ਦੀ ਮਦਦ ਨਾਲ 87 ਦੌੜਾਂ ਦੀ ਪਾਰੀ ਖੇਡੀ। ਲਖਨਊ ਲਈ ਸਭ ਤੋਂ ਵੱਧ ਦੌੜਾਂ ਕਪਤਾਨ ਰਿਸ਼ਭ ਪੰਤ ਨੇ ਬਣਾਈਆਂ। ਉਨ੍ਹਾਂ ਨੇ 23 ਗੇਂਦਾਂ ਵਿੱਚ 43 ਦੌੜਾਂ ਜੋੜੀਆਂ। ਉਨ੍ਹਾਂ ਤੋਂ ਇਲਾਵਾਂ ਮਿਚੇਲ ਮਾਰਕਸ਼ ਨੇ 40 ਅਤੇ ਐਡਨ ਮਾਰਕਰਮ ਨੇ 42 ਦੌੜਾਂ ਦਾ ਯੋਗਦਾਨ ਦਿੱਤਾ।

ਪੰਜਾਬ ਲਈ ਗੇਂਦਬਾਜ਼ੀ ਕਰਦੇ ਹੋਏ ਮਾਰਕੋ ਜੈਨਸਨ ਨੇ ਦੋ ਵਿਕਟਾਂ ਲਈਆਂ ਜਦਕਿ ਅਰਸ਼ਦੀਪ ਸਿੰਘ,



### ਇਹ ਰਿਕਾਰਡ ਬਣੇ

***ਪੰਜਾਬ ਨੇ ਆਈ.ਪੀ.ਐਲ. ਦੇ 19 ਸਾਲ ਦੇ ਇਤਿਹਾਸ ਵਿੱਚ ਪਹਿਲੇ 6 ਮੁਕਾਬਲਿਆਂ ਵਿੱਚੋਂ ਇੱਕ ਵੀ ਮੈਚ ਨਾ ਹਾਰਨ ਦਾ ਰਿਕਾਰਡ ਬਣਾਇਆ।**

***ਸੀਜ਼ਨ ਵਿੱਚ ਪੰਜਾਬ ਕਿੰਗਜ਼ ਨੇ ਸਭ ਤੋਂ ਵੱਧ ਸਕੋਰ ਬਣਾਉਣ ਦਾ ਰਿਕਾਰਡ ਬਣਾਇਆ (254/7)**

***ਇਸ ਸੀਜ਼ਨ ਦੇ ਇੱਕ ਮੈਚ ਵਿੱਚ ਸਭ ਤੋਂ ਵੱਧ ਛੱਕੇ ਲੱਗਣ ਦਾ ਰਿਕਾਰਡ ਵੀ ਬਣਿਆ**

***ਸੀਜ਼ਨ ਵਿੱਚ, ਸਾਂਝੇਦਾਰੀ ‘ਚ ਸਭ ਤੋਂ ਵੱਡਾ ਸਕੋਰ ਬਣਾਉਣ ਦਾ ਰਿਕਾਰਡ, 182 ਦੌੜਾਂ (ਪੰਜਾਬ ਲਈ)**

ਵਿਜੇਕੁਮਾਰ ਵੈਸ਼ਾਖ ਅਤੇ ਯੁਜ਼ਵੇਂਦਰ ਚਹਿਲ ਨੇ ਇੱਕ-ਇੱਕ ਵਿਕਟ ਲਈ। ਲਖਨਊ ਲਈ ਐਮ ਸਿਧਾਰਥ ਨੇ 2 ਵਿਕਟਾਂ ਲਈਆਂ, ਜਦਕਿ ਮੋਹਸਿਨ ਖਾਨ ਅਤੇ ਮੁਹੰਮਦ ਸ਼ਮੀ ਦੇ ਖਾਤੇ ਇੱਕ-ਇੱਕ ਵਿਕਟ ਆਇਆ।

ਪ੍ਰਿਆਂਸ਼ ਤੇ ਕੂਪਰ ਦਾ ਕਮਾਲ

ਇਸ ਮੈਚ ਵਿੱਚ ਪੰਜਾਬ ਕਿੰਗਜ਼ ਦੀ ਸ਼ੁਰੂਆਤ ਚੰਗੀ ਨਹੀਂ ਰਹੀ। ਮੈਚ ਦੀ ਤੀਜੀ ਹੀ ਗੇਂਦ ‘ਤੇ ਪ੍ਰਭਸਿਮਰਨ ਸਿੰਘ ਜ਼ੀਰੋ ‘ਤੇ ਆਊਟ ਹੋ ਗਏ। ਅਜਿਹੇ ਵਿੱਚ ਪ੍ਰਿਆਂਸ਼ ਤੇ ਕੂਪਰ ਨੇ ਪਾਰੀ ਨੂੰ ਸਿਰਫ਼ ਸੰਭਾਲਿਆ ਹੀ ਨਹੀਂ ਸਗੋਂ ਟੀਮ ਨੂੰ ਵੱਡੇ ਸਕੋਰ ਤੱਕ ਪਹੁੰਚਣ ਵਿੱਚ ਅਹਿਮ ਰੋਲ ਅਦਾ ਕੀਤਾ। ਦੋਵੇਂ ਬੱਲੇਬਾਜ਼ਾਂ ਨੇ ਦੂਜੇ ਵਿਕਟ ਲਈ 182 ਦੌੜਾਂ ਦੀ ਸਾਂਝੇਦਾਰੀ ਕੀਤੀ। ਇਹ ਆਈ.ਪੀ.ਐਲ. ਵਿੱਚ ਕਿਸੇ ਵੀ ਵਿਕਟ ਲਈ ਪੰਜਾਬ ਦੀ ਵੱਲੋਂ ਸਭ ਤੋਂ ਵੱਡੀ ਸਾਂਝੇਦਾਰੀ ਹੈ।

ਪ੍ਰਿਆਂਸ਼ ਆਰਿਆ ਨੇ 19 ਗੇਂਦਾਂ ਵਿੱਚ ਆਪਣਾ ਅਰਧ ਸੈਂਕੜਾ ਪੂਰਾ ਕੀਤਾ, ਜਦਕਿ ਕੋਨੋਲੀ ਨੇ 35 ਗੇਂਦਾਂ ਵਿੱਚ ਆਪਣਾ ਅਰਧ ਸੈਂਕੜਾ ਬਣਾਇਆ। ਇਸ ਸ਼ਾਨਦਾਰ ਪ੍ਰਦਰਸ਼ਨ ਲਈ ਉਨ੍ਹਾਂ ਨੂੰ ਪਲੇਅਰ ਆਫ਼ ਦਿ ਮੈਚ ਚੁਣਿਆ ਗਿਆ। 46 ਗੇਂਦਾਂ ਵਿੱਚ 87 ਦੌੜਾਂ ਬਣਾਉਣ ਵਾਲੇ ਕੋਨੋਲੀ ਨੂੰ ਪ੍ਰਿੰਸ ਯਾਦਵ ਨੇ ਆਊਟ ਕੀਤਾ। ਠੀਕ ਅਗਲੇ ਹੀ ਓਵਰ ਵਿੱਚ ਐਮ. ਸਿਧਾਰਥ ਨੇ ਪ੍ਰਿਆਂਸ਼ ਆਰਿਆ ਦਾ ਵਿਕਟ ਲਿਆ। ਪ੍ਰਿਆਂਸ਼ ਨੇ 37 ਗੇਂਦਾਂ ਵਿੱਚ 93 ਦੌੜਾਂ ਬਣਾਈਆਂ। ਇਸ ਤੋਂ ਬਾਅਦ ਜੋ ਖਿਡਾਰੀ ਬੱਲੇਬਾਜ਼ੀ ਕਰਨ ਆਏ, ਉਨ੍ਹਾਂ ਨੇ ਕੁਝ ਸਮੇਂ ਲਈ ਚੰਗੀ ਖੇਡ ਦਿਖਾਈ, ਪਰ ਜਲਦੀ ਹੀ ਆਊਟ ਹੋ ਗਏ। ਸਿਰਫ਼ ਸਟੋਇਨਿਸ ਹੀ ਕੁਝ ਸਮੇਂ ਤੱਕ ਟਿਕ ਕੇ ਖੇਡੇ ਅਤੇ ਉਨ੍ਹਾਂ ਨੇ 29 ਦੌੜਾਂ ਬਣਾਈਆਂ।

ਪ੍ਰਿਯਾਂਸ਼ ਆਰੀਆ ਦੀ ਪ੍ਰਸ਼ੰਸਾ ਕਰਦਿਆਂ ਭਾਰਤ ਦੇ ਸਾਬਕਾ ਕ੍ਰਿਕਟਰ ਮੁਹੰਮਦ ਕੈਫ਼ ਨੇ ਐਕਸ ‘ਤੇ ਲਿਖਿਆ, “ਪ੍ਰਿਯਾਂਸ਼ ਆਰਿਆ ਇੱਕ ਬਹੁਤ ਹੀ ਸਾਫ਼ ਦਿਮਾਗ ਵਾਲਾ ਬੱਲੇਬਾਜ਼ ਹੈ। ਸਿਰਫ਼ 24 ਸਾਲ ਦੀ ਉਮਰ ਵਿੱਚ ਉਹ ਗੇਂਦ ਨੂੰ ਬਿਨਾ ਕਿਸੇ ਉਲਝਣ ਦੇ ਆਪਣੇ ਸਟਰੋਕ ਵਿੱਚ ਮੈਰਿਟ ‘ਤੇ ਖੇਡਦਾ ਹੈ। 37 ਗੇਂਦਾਂ ‘ਤੇ 9 ਛੱਕਿਆਂ ਦੀ ਮਦਦ ਨਾਲ ਉਸ ਦੀਆਂ 93 ਦੌੜਾਂ ਨੇ ਲਖਨਊ ਸੁਪਰ ਜਾਇੰਟਸ ਤੋਂ ਬਹੁਤ ਜਲਦੀ ਮੈਚ ਖੋਹ ਲਿਆ। ਆਰਿਆ ਦਾ ਸਟ੍ਰੋਕ ਪਲੇਅ ਉਸਨੂੰ ਇੱਕ ਅਜਿਹਾ ਖਿਡਾਰੀ ਬਣਾਉਂਦਾ ਹੈ, ਜਿਸਦੇ ਅੱਗੇ ਸ਼ਾਨਦਾਰ ਭਵਿੱਖ ਹੈ।’”

ਮੈਚ ਤੋਂ ਬਾਅਦ ਹਾਰ ਦੀ ਵਜ੍ਹਾ ਦੱਸਦੇ ਹੋਏ ਐਲ.ਐਸ.ਜੀ. ਦੇ ਕਪਤਾਨ ਰਿਸ਼ਭ ਪੰਤ ਨੇ ਕਿਹਾ, “ਕੋਈ ਇੱਕ ਖਾਸ ਕਾਰਨ ਦੱਸਣਾ ਮੁਸ਼ਕਲ ਹੈ, ਗੇਂਦਬਾਜ਼ਾਂ ਨੇ ਚੰਗਾ ਪ੍ਰਦਰਸ਼ਨ ਕੀਤਾ। ਹਾਲਾਂਕਿ ਕੁਝ ਗੱਲਾਂ ਚਿੰਤਾ ਦਾ ਵਿਸ਼ਾ ਹਨ, ਪਰ ਬੱਲੇਬਾਜ਼ੀ ਵਿੱਚ ਕੁਝ ਸਕਾਰਾਤਮਕ ਪੱਖ ਵੀ ਸਨ।”

ਵਿਸ਼ੇਸ਼

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008





# ਗਣਿਤਕ ਗਣਨਾਵਾਂ ਵਿੱਚ ਕੰਪਿਊਟਰ ਨੂੰ ਮਾਤ ਦੇਣ ਵਾਲੀ ਹਸਤੀ ਸੀ ਸ਼ਕੁੰਤਲਾ ਦੇਵੀ

ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਭਾਰਤ ਦਾ ਗਣਿਤ ਦੇ ਖੇਤਰ ਵਿੱਚ ਯੋਗਦਾਨ ਲਾਮਿਸਾਲ ਹੈ। ਭਾਰਤ ਨੇ ਦੁਨੀਆਂ ਨੂੰ ਨਾ ਕੇਵਲ 'ਜ਼ੀਰੋ' ਭਾਵ ਸਿਫ਼ਰ ਅਤੇ 'ਦਸ਼ਮਲਵ ਪ੍ਰਣਾਲੀ' ਦੀ ਕਾਢ ਨੂੰ ਜਨਮ ਦੇਣ ਵਾਲੀ 'ਸਥਾਨਕ ਮੁੱਲ ਪ੍ਰਣਾਲੀ' ਦੀਆਂ ਕਾਢਾਂ ਦੇ ਕੇ ਗਣਿਤ ਦੀ ਦਸ਼ਾ ਤੇ ਦਿਸ਼ਾ ਬਦਲ ਦਿੱਤੀ ਸਗੋਂ 'ਅਲਜਬਰਾ', 'ਤਿਕੋਣਮਿਤੀ' ,'ਜੁਮੈਟਰੀ ' ਅਤੇ 'ਬੀਜ ਗਣਿਤ' ਸਬੰਧੀ ਨਵੀਆਂ ਖੋਜਾਂ ਅਰਪਣ ਕਰਕੇ ਗਣਿਤ ਨੂੰ ਹੋਰ ਆਸਾਨ ਅਤੇ ਰੌਚਿਕ ਬਣਾਉਣ ਵਿੱਚ ਵੀ ਵੱਡੀ ਭੂਮਿਕਾ ਨਿਭਾਈ ਹੈ। ਭਾਰਤ ਦਾ ਨਾਂ ਗਣਿਤ ਦੇ ਪੱਖੋਂ ਸੰਸਾਰ ਭਰ ਵਿੱਚ ਰੌਸ਼ਨ ਕਰਨ ਵਾਲੇ ਗਣਿਤ ਦੇ ਮਹਾਨ ਵਿਦਵਾਨਾਂ- ਆਰੀਆ ਭੱਟ, ਬ੍ਰਹਮਗੁਪਤ, ਭਾਸਕਰ-ਦੂਜਾ, ਸ੍ਰੀਨਿਵਾਸ ਰਾਮਾਨੁਜਨ, ਪੀ.ਸੀ. ਮਹਾਂਬੋਲਿਸ, ਸੁਰਿੰਦਰਨਾਥ ਬੋਸ, ਡੀ.ਆਰ. ਕਾਪਰੇਕਰ, ਨਰੇਂਦਰ ਕਰਮਾਕਰ, ਸੀ.ਆਰ. ਰਾਓ, ਹਰੀਸ਼ ਚੰਦਰ, ਗਣੇਸ਼ ਪ੍ਰਸਾਦ ਅਤੇ ਆਸ਼ੁਤੋਸ਼ ਮੁਖਰਜੀ ਆਦਿ ਤੋਂ ਇਲਾਵਾ ਇੱਕ ਨਾਮ ਹੋਰ ਹੈ, ਜਿਸਨੇ ਭਾਰਤ ਦਾ ਨਾਮ ਨਾ ਕੇਵਲ ਗਣਿਤ ਦੇ ਖੇਤਰ ਵਿੱਚ 'ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼' ਵਿੱਚ ਹੀ ਦਰਜ ਕਰਵਾ ਦਿੱਤਾ, ਸਗੋਂ ਗਣਿਤਕ ਗਣਨਾਵਾਂ ਕਰਨ ਵਿੱਚ ਮਨੁੱਖ ਨਾਲੋਂ ਉੱਤਮ ਸਮਝੇ ਜਾਂਦੇ ਕੰਪਿਊਟਰ ਨੂੰ ਵੀ ਮਾਤ ਦੇ ਕੇ ਸੰਸਾਰ ਦੇ ਗਣਿਤਕ ਮਹਾਂਰਥੀਆਂ ਨੂੰ ਦੰਦਾਂ ਹੇਠ ਜੀਭ ਲੈਣ ਲਈ ਮਜਬੂਰ ਕਰ ਦਿੱਤਾ ਸੀ। ਭਾਰਤ ਨੂੰ ਗਣਿਤ ਦੇ ਖੇਤਰ ਵਿੱਚ ਪ੍ਰਸਿੱਧੀ ਦੁਆਉਣ ਵਾਲੀ ਉਸ ਅਮਰ ਹਸਤੀ ਦਾ ਨਾਂ ਸੀ- ਸ਼ਕੁੰਤਲਾ ਦੇਵੀ।

ਇੱਕ 'ਜਿਊਂਦਾ ਜਾਗਦਾ ਮਨੁੱਖੀ ਕੰਪਿਊਟਰ' ਆਖੀ ਜਾਂਦੀ ਸ਼ਕੁੰਤਲਾ ਦੇਵੀ ਦਾ ਜਨਮ 4 ਨਵੰਬਰ 1929 ਨੂੰ ਕਰਨਾਟਕ ਰਾਜ ਦੇ ਸ਼ਹਿਰ ਬੰਗਲੌਰ ਵਿਖੇ ਵੱਸਦੇ ਸ੍ਰੀ ਸੀ.ਵੀ. ਸੁੰਦਰਾਰਾਜ ਰਾਓ ਦੇ ਘਰ ਹੋਇਆ ਸੀ। ਉਸਦੇ ਪਿਤਾ ਇੱਕ ਬੜੇ ਹੀ ਗੁਣੀ ਕਲਾਕਾਰ ਸਨ। ਉਹ ਸਰਕਸ ਵਿੱਚ ਸ਼ੇਰ ਨੂੰ ਕਾਬੂ ਕਰਨ ਤੋਂ ਇਲਾਵਾ ਪਤਲੀ ਪਰੰਤੂ ਉੱਚੀ ਰੱਸੀ 'ਤੇ ਬਿਨਾ ਸਹਾਰੇ ਦੇ ਚੱਲਣ ਅਤੇ ਜਾਦੂ ਦੇ ਵੱਖ-ਵੱਖ ਕਰਤੱਬ ਵਿਖਾਉਣ ਵਿੱਚ ਮਾਹਿਰ ਸਨ। ਕਈ ਕਲਾਵਾਂ ਦੇ ਧਨੀ ਪਿਤਾ ਦੀ ਇਕਲੌਤੀ ਧੀ ਭਲਾ ਕਿਸੇ ਗੱਲੋਂ ਘੱਟ ਕਿਵੇਂ ਹੋ ਸਕਦੀ ਸੀ? ਸ਼ੰਕੁਤਲਾ ਦੇਵੀ ਅਜੇ ਮਸਾਂ ਤਿੰਨ ਕੁ ਵਰ੍ਹਿਆਂ ਦੀ ਸੀ, ਜਦੋਂ ਉਸਦੇ ਪਿਤਾ ਨੇ ਵੇਖ ਲਿਆ ਕਿ ਉਸਦੀ ਧੀ ਤਾਸ਼ ਦੇ ਪੱਤਿਆਂ ਦੇ ਅੰਕਾਂ ਦੇ ਜੋੜ, ਘਟਾਓ ਅਤੇ ਗੁਣਾਂ ਬੜੀ ਤੇਜ਼ੀ ਨਾਲ ਕਰ ਲੈਂਦੀ ਸੀ। ਬਿਨਾ ਕਿਸੇ ਸਕੂਲੀ ਸਿੱਖਿਆ ਹਾਸਿਲ ਕਰਨ ਦੇ ਤੇ ਕੇਵਲ ਕੁਦਰਤ ਵੱਲੋਂ ਮਿਲੇ ਗਣਿਤਕ ਗਣਨਾਵਾਂ ਤੇਜ਼ ਗਤੀ ਨਾਲ ਕਰਨ ਦੇ ਆਪਣੇ ਹੁਨਰ ਸਦਕਾ ਸ਼ਕੁੰਤਲਾ ਦੇਵੀ ਨੇ ਮਹਿਜ ਛੇ ਵਰ੍ਹਿਆਂ ਦੀ ਛੋਟੀ ਉਮਰ ਵਿੱਚ ਮੈਸੂਰ ਯੂਨੀਵਰਸਿਟੀ ਵਿਖੇ ਆਪਣੇ ਇਸ ਹੁਨਰ ਦਾ ਬਾਖ਼ੂਬੀ ਮੁਜ਼ਾਹਰਾ ਕੀਤਾ ਸੀ।

ਜਦੋਂ ਸ਼ਕੁੰਤਲਾ ਦੇਵੀ ਪੰਦਰ੍ਹਾਂ ਸਾਲ ਦੀ ਹੋਈ ਤਾਂ ਉਹ ਲੰਦਨ ਚਲੀ ਗਈ। ਉਸਨੇ ਉੱਥੇ ਜਾ ਕੇ ਵੀ ਆਪਣੇ ਗਣਿਤਕ ਹੁਨਰ ਦਾ ਪ੍ਰਗਟਾਵਾ ਕੀਤਾ ਤੇ ਖ਼ੂਬ ਪ੍ਰਸ਼ੰਸਾ ਹਾਸਿਲ ਕੀਤੀ। ਇਸ ਪਿੱਛੋਂ ਉਹ ਯੂਰਪ ਦੀ ਯਾਤਰਾ 'ਤੇ ਚਲੀ ਗਈ ਤੇ ਸੰਨ 1976 ਵਿੱਚ ਉਹ ਨਿਊ ਯਾਰਕ ਪੁੱਜ ਗਈ ਸੀ। ਉਹ ਜਿਨ੍ਹਾਂ ਵੀ ਮੁਲਕਾਂ ਜਾਂ ਨਗਰਾਂ ਵਿੱਚ ਜਾਂਦੀ ਸੀ ਤਾਂ ਲੋਕ ਉਸ ਵੱਲੋਂ ਔਖੀਆਂ ਤੋਂ ਔਖੀਆਂ ਤੇ ਕੁਝ ਇੱਕ ਤਾਂ ਅਸੰਭਵ ਗਣਨਾਵਾਂ ਚੰਦ ਹੀ ਸਕਿੰਟਾਂ ਵਿੱਚ ਕਰ ਲੈਣ ਦੀ ਕਲਾ ਨੂੰ ਵੇਖ਼ ਕੇ ਹੈਰਾਨ ਰਹਿ ਜਾਂਦੇ ਸਨ ਤੇ ਤੁਰੰਤ ਹੀ ਉਸਦੇ ਪ੍ਰਸ਼ੰਸਕ ਬਣ ਜਾਂਦੇ ਸਨ। ਕਿੰਨੇ ਫ਼ਖ਼ਰ ਅਤੇ ਹੈਰਾਨੀ ਦੀ ਗੱਲ ਹੈ ਕਿ ਉਸਦੀ ਅਸਾਧਾਰਨ ਬੁੱਧੀ ਨੂੰ ਪਰਖਣ ਲਈ ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ ਵਿਖੇ 'ਐਜੂਕੇਸ਼ਨਲ ਸਾਈਕੋਲੋਜੀ' ਵਿਸ਼ੇ ਦੇ ਪ੍ਰੋਫ਼ੈਸਰ ਆਰਥਰ ਜੇਨਸਨ ਨੇ





ਉਸਦਾ ਕਰੜਾ ਇਮਤਿਹਾਨ ਲਿਆ ਸੀ, ਜਿਸ ਵਿੱਚੋਂ ਵੀ ਉਹ ਜੇਤੂ ਹੀ ਹੋ ਕੇ ਨਿਕਲੀ ਸੀ। ਪ੍ਰੋ. ਆਰਥਰ ਉਸ ਵੇਲੇ ਹੈਰਾਨ-ਪ੍ਰੇਸ਼ਾਨ ਰਹਿ ਗਏ ਸਨ, ਜਦੋਂ ਸ਼ੰਕੁਤਲਾ ਦੇਵੀ ਨੇ 61,629,875 ਦਾ ਘਣਮੂਲ ਅਤੇ 170,859,375 ਦਾ ਸਪਤਮ ਮੂਲ ਚੰਦ ਸਕਿੰਟਾਂ 'ਚ ਹੀ ਕੱਢ ਦਿੱਤਾ ਸੀ। ਪ੍ਰੋ. ਆਰਥਰ ਜੇਨਸਨ ਨੇ ਸ਼ਕੁੰਤਲਾ ਦੇਵੀ ਦੀ ਇਸ ਅਦਭੁੱਤ ਪ੍ਰਤਿਭਾ ਬਾਰੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਂਦਾ ਇੱਕ ਲੇਖ ਸੰਨ 1990 ਵਿੱਚ ਉਸ ਵੇਲੇ ਦੇ ਮਸ਼ਹੂਰ ਵਿੱਦਿਅਕ ਰਸਾਲੇ 'ਇੰਟੈਲੀਜੈਂਸ' ਵਿੱਚ ਛਾਪ ਦਿੱਤਾ ਸੀ ਤੇ ਉਸਦੇ ਲਾਮਿਸਾਲ ਗਣਿਤਕ ਹੁਨਰ ਦੀ ਦਿਲ ਖੋਲ੍ਹ ਕੇ ਸਿਫ਼ਤ ਕੀਤੀ ਸੀ।

ਸ਼ਕੁੰਤਲਾ ਦੇਵੀ ਦੇ ਗਣਿਤਕ ਕਾਰਨਾਮਿਆਂ ਦੀ ਸੂਚੀ ਉਂਜ ਤਾਂ ਬਹੁਤ ਲੰਮੀ ਹੈ, ਪਰ ਚੰਦ ਅਤਿਅੰਤ ਜ਼ਿਕਰਯੋਗ ਕਾਰਨਾਮੇ ਇਸ ਪ੍ਰਕਾਰ ਹਨ। ਭਾਰਤ ਦੀ ਇਸ ਮਹਾਨ ਬੇਟੀ ਨੇ ਸੰਨ 1977 ਵਿੱਚ 'ਸਾਊਦਰਨ ਮੈਥੋਡਿਸਟ ਯੂਨੀਵਰਸਿਟੀ' ਵਿਖੇ 201 ਅੰਕਾਂ ਦੀ ਸੰਖਿਆ ਦਾ 23ਵਾਂ ਮੂਲ ਕੇਵਲ 50 ਸਕਿੰਟਾਂ ਦੇ ਸਮੇਂ ਅੰਦਰ ਲੱਭ ਦਿੱਤਾ ਸੀ, ਜਦੋਂ ਕਿ 'ਕੰਪਿਊਟਰ' ਨੂੰ ਇਹੋ ਜਵਾਬ ਲੱਭਣ ਵਿੱਚ 62 ਸਕਿੰਟ ਲੱਗੇ ਸਨ। ਇਸੇ ਤਰ੍ਹਾਂ 18 ਜੂਨ 1980 ਨੂੰ ਲੰਦਨ ਦੇ ਇੰਪੀਰੀਅਲ ਕਾਲਜ ਵਿਖੇ ਵੀ ਸ਼ੰਕੁਤਲਾ ਦੇਵੀ ਨੇ ਕਮਾਲ ਕਰ ਵਿਖਾਇਆ ਸੀ। ਉਸਨੇ 13 ਅੰਕਾਂ ਦੀ ਇੱਕ ਸੰਖਿਆ ਨੂੰ 13 ਹੀ ਅੰਕਾਂ ਦੀ ਦੂਜੀ ਸੰਖਿਆ ਨਾਲ ਗੁਣਾ ਕਰਨ ਲਈ ਕੇਵਲ ਚੰਦ ਸਕਿੰਟ ਲਗਾਏ ਸਨ। ਇਹ ਸੰਖਿਆਵਾਂ 7686369774870 ਅਤੇ 2465099745779 ਆਦਿ ਸਨ। ਇਨ੍ਹਾਂ ਸੰਖਿਆਵਾਂ ਦੀ ਗੁਣਾਂ ਦਾ ਜਵਾਬ ਉਸਨੇ 18947668177995426462773730 ਦੀ ਸੰਖਿਆ ਦੇ ਰੂਪ ਵਿੱਚ ਬਿਲਕੁਲ ਸਹੀ ਦਿੱਤਾ ਸੀ ਤੇ ਇਸ ਕਠਿਨ ਜਵਾਬ ਨੂੰ ਦੇਣ ਲਈ ਉਸਨੇ ਸਿਰਫ ਤੇ ਸਿਰਫ 28 ਸਕਿੰਟ ਦਾ ਹੀ ਸਮਾਂ ਲਿਆ ਸੀ। ਜ਼ਿਕਰਯੋਗ ਹੈ ਕਿ ਸੰਨ 1977 ਵਿੱਚ ਸ਼ਕੁੰਤਲਾ ਦੇਵੀ ਨੇ 'ਦਿ ਜੁਆਏ ਆਫ਼ ਨੰਬਰਜ਼' ਨਾਮਕ ਇੱਕ ਕਿਤਾਬ ਲਿਖੀ ਸੀ, ਜਿਸ ਵਿੱਚ ਉਸਨੇ ਅਜਿਹੇ ਕਈ ਤਰੀਕੇ ਪਾਠਕਾਂ ਨਾਲ ਸਾਂਝੇ ਕੀਤੇ ਸਨ, ਜਿਨ੍ਹਾਂ ਤਰੀਕਿਆਂ ਨਾਲ ਉਹ ਔਖੀਆਂ ਤੋਂ ਔਖੀਆਂ ਗਣਨਾਵਾਂ ਝਟਪਟ ਹੀ ਕਰ ਲੈਂਦੀ ਸੀ।

ਸ਼ਕੁੰਤਲਾ ਦੇਵੀ ਦਾ ਪਰਿਵਾਰਕ ਜੀਵਨ ਜ਼ਿਆਦਾ ਸਫ਼ਲ ਨਹੀਂ ਰਿਹਾ ਸੀ। ਸੰਨ 1964 ਵਿੱਚ ਉਸਦੀ ਸ਼ਾਦੀ ਕਲਕੱਤਾ ਵਾਸੀ ਆਈ.ਏ.ਐਸ. ਅਫ਼ਸਰ ਸ੍ਰੀ ਪਾਰਿਤੋਸ਼ ਬੈਨਰਜੀ ਨਾਲ ਹੋਈ ਸੀ ਤੇ ਉਨ੍ਹਾਂ ਦੇ ਘਰ ਅਨੁਪਮਾ ਬੈਨਰਜੀ ਨਾਂ ਦੀ ਇੱਕ ਬੇਟੀ ਨੇ ਜਨਮ ਲਿਆ ਸੀ। ਫਿਰ ਪਤੀ-ਪਤਨੀ ਦਰਮਿਆਨ ਵਿਚਾਰਧਾਰਕ ਟਕਰਾਓ ਹੋਣ ਲੱਗ ਪਿਆ। ਅਖ਼ੀਰ ਸੰਨ 1979 ਵਿੱਚ ਉਨ੍ਹਾਂ ਦੋਵਾਂ ਨੇ ਤਲਾਕ ਲੈ ਲਿਆ ਤੇ ਇੱਕ-ਦੂਜੇ ਤੋਂ ਵੱਖ ਹੋ ਗਏ।

ਇੱਕ ਬੜਾ ਹੀ ਮਜ਼ੇਦਾਰ ਤੱਥ ਇਹ ਵੀ ਹੈ ਕਿ ਸੰਨ 1980 ਵਿੱਚ ਸ਼ਕੁੰਤਲਾ ਦੇਵੀ ਨੇ ਲੋਕ ਸਭਾ ਲਈ ਮਹਾਂਰਾਸ਼ਟਰ ਅਤੇ ਆਂਧਰਾ ਪ੍ਰਦੇਸ਼ ਰਾਜਾਂ ਤੋਂ ਦੋ ਸੀਟਾਂ ਲਈ ਚੋਣ ਲੜੀ ਸੀ। ਆਂਧਰਾ ਪ੍ਰਦੇਸ਼ ਵਾਲੀ ਸੀਟ ਲਈ ਉਸਦਾ ਮੁਕਾਬਲਾ ਉਸ ਵੇਲੇ ਦੀ ਨਾਮਵਰ ਸਿਆਸਤਦਾਨ ਇੰਦਰਾ ਗਾਂਧੀ ਨਾਲ ਹੋਇਆ ਸੀ। ਇਸ ਮੁਕਾਬਲੇ ਵਿੱਚ ਸ਼ਕੁੰਤਲਾ ਦੇਵੀ ਨੂੰ ਕੇਵਲ 6514 ਵੋਟਾਂ ਮਿਲੀਆਂ ਸਨ, ਜੋ ਕਿ ਉਸ ਹਲਕੇ ਦੀਆਂ ਕੁੱਲ ਵੋਟਾਂ ਦਾ ਕੇਵਲ 1.47 ਫ਼ੀਸਦੀ ਹੀ ਬਣਦੀਆਂ ਸਨ। ਇਹ ਵੀ ਜ਼ਿਕਰਯੋਗ ਹੈ ਕਿ ਸ਼ਕੁੰਤਲਾ ਦੇਵੀ ਇੱਕ ਬਹੁਪੱਖੀ ਲੇਖਿਕਾ ਵੀ ਸੀ। ਉਸਨੇ ਖਾਣਾ ਪਕਾਉਣ ਅਤੇ ਜੋਤਿਸ਼ ਸਬੰਧੀ ਕੁਝ ਕਿਤਾਬਾਂ ਲਿਖਣ ਦੇ ਨਾਲ-ਨਾਲ ਦਿਲਚਸਪ ਬੁਝਾਰਤਾਂ, ਨਾਵਲ, ਮਿੰਨੀ ਕਹਾਣੀਆਂ ਅਤੇ ਰਹੱਸ ਭਰਪੂਰ ਕਥਾਵਾਂ ਵੀ ਲਿਖੀਆਂ ਸਨ। ਅਖ਼ੀਰ 21 ਅਪਰੈਲ 2013 ਨੂੰ ਬੰਗਲੌਰ ਵਿਖੇ ਹੀ ਸ਼ਕੁੰਤਲਾ ਦੇਵੀ ਦਾ 83 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ। ਸ਼ਕੁੰਤਲਾ ਦੇਵੀ ਦੇ ਜੀਵਨ ਸਬੰਧੀ ਸੰਨ 2019 ਵਿੱਚ ਇੱਕ ਹਿੰਦੀ ਫ਼ਿਲਮ ਵੀ ਬਣੀ ਸੀ। ਇਸ ਫ਼ਿਲਮ ਦਾ ਨਾਂ ਸੀ 'ਸ਼ਕੁੰਤਲਾ ਦੇਵੀ' ਅਤੇ ਇਸ ਵਿੱਚ ਸ਼ੰਕੁਤਲਾ ਦੇਵੀ ਦਾ ਕਿਰਦਾਰ ਮਸ਼ਹੂਰ ਅਦਾਕਾਰਾ ਵਿੱਦਿਆ ਬਾਲਨ ਨੇ ਅਦਾ ਕੀਤਾ ਸੀ। ਸ਼ਕੁੰਤਲਾ ਦੇਵੀ ਦੁਆਰਾ ਰਚੀਆਂ ਗਈਆਂ ਪੁਸਤਕਾਂ ਵਿੱਚੋਂ 'ਪਰਫ਼ੈਕਟ ਮਰਡਰ', 'ਮੋਰ ਪਜ਼ਲਸ ਟੂ ਪਜ਼ਲ ਯੂ', 'ਐਸਟ੍ਰੋਲੋਜੀ ਫ਼ਾਰ ਯੂ', 'ਬੁੱਕ ਆਫ਼ ਨੰਬਰਜ਼', 'ਇਨ ਦਿ ਵੰਡਰਲੈਂਡ ਆਫ ਨੰਬਰਜ਼' ਅਤੇ 'ਸੁਪਰ ਮੈਮਰੀ' ਆਦਿ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ।

ਬੜਾ ਹੀ ਦਿਲਚਸਪ ਤੱਥ ਹੈ ਕਿ 'ਮਹਾਂਤੇਜ਼ੀ' ਨਾਲ ਗਣਿਤਕ ਗਣਨਾਵਾਂ ਕਰਨ ਵਾਲੀ ਸ਼ਕੁੰਤਲਾ ਦੇਵੀ ਦੀ ਇਸ ਪ੍ਰਤਿਭਾ ਨੂੰ ਸੰਨ 1982 ਵਿੱਚ ਦੁਨੀਆਂ ਦੀ ਸਭ ਤੋਂ ਪ੍ਰਸਿੱਧ ਰਿਕਾਰਡ ਪੁਸਤਕ 'ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼' ਵਿੱਚ ਦਰਜ ਕਰ ਲਿਆ ਗਿਆ ਸੀ, ਪਰ ਇਸ ਰਿਕਾਰਡ ਦਾ ਅਸਲ ਸਰਟੀਫ਼ਿਕੇਟ 30 ਜੁਲਾਈ 2020 ਨੂੰ ਜਾਰੀ ਕੀਤਾ ਗਿਆ ਸੀ, ਜਦੋਂ ਕਿ ਉਸਦਾ ਦੇਹਾਂਤ ਹੋਏ ਨੂੰ ਸੱਤ ਸਾਲ ਬੀਤ ਚੁੱਕੇ ਸਨ।

# ਜ਼ਿੰਦਗੀ ਰੂਪੀ ਅਸਲ ਰੰਗ-ਮੰਚ ਦੀ 'ਸੁਪਰ ਸਟਾਰ' ਹੈ ਭਾਰਤੀ ਔਰਤ

ਤਰਜ਼-ਏ-ਜ਼ਿੰਦਗੀ

ਅਸ਼ਵਨੀ ਚਤਰਥ
ਫੋਨ:+91-6284220595



ਸਿਆਣੇ ਆਖਦੇ ਹਨ ਕਿ 'ਇੱਕ ਤਾਕਤਵਰ ਔਰਤ ਹੀ ਆਪਣੇ ਸਮੁੱਚੇ ਪਰਿਵਾਰ ਦੀ ਅਸਲ ਸ਼ਕਤੀ ਹੁੰਦੀ ਹੈ।' ਇਸੇ ਕਥਨ ਤੋਂ ਹੀ ਕਿਸੇ ਔਰਤ ਵੱਲੋਂ ਆਪਣੇ ਪਰਿਵਾਰ ਦੀ ਤਰੱਕੀ ਵਿੱਚ ਪਾਏ ਯੋਗਦਾਨ ਦਾ ਪਤਾ ਲੱਗ ਜਾਂਦਾ ਹੈ। ਇਸੇ ਤਰ੍ਹਾਂ ਕਿਸੇ ਵਿਦਵਾਨ ਨੇ ਸਹੀ ਹੀ ਕਿਹਾ ਹੈ ਕਿ 'ਕਿਸੇ ਔਰਤ ਵੱਲੋਂ ਨਿਭਾਏ ਫ਼ਰਜ਼ਾਂ ਨੂੰ ਕਦੇ ਵੀ ਨਿਗੂਣੇ ਕਰਕੇ ਨਹੀਂ ਸਮਝਣਾ ਚਾਹੀਦਾ, ਕਿਉਂਕਿ ਉਹ ਆਪਣੇ ਫ਼ਰਜ਼ਾਂ ਨੂੰ ਨਿਭਾਉਂਦਿਆਂ ਹੋਇਆਂ ਆਪਣੇ ਨਿੱਜੀ ਸੁਫ਼ਨਿਆਂ ਨੂੰ ਅੰਦਰ ਹੀ ਅੰਦਰ ਦਬਾਅ ਕੇ ਆਪਣੀ ਜ਼ਿੰਦਗੀ ਨੂੰ ਆਪਣੇ ਪਿਆਰਿਆਂ ਲਈ ਕੁਰਬਾਨ ਕਰ ਦਿੰਦੀ ਹੈ।' ਇੱਕ ਔਰਤ ਆਪਣੀ ਜ਼ਿੰਦਗੀ ਵਿੱਚ ਬਚਪਨ ਤੋਂ ਲੈ ਕੇ ਅੰਤ ਸਮੇਂ ਤੱਕ ਅਨੇਕਾਂ ਮੁਸ਼ਕਲ ਇਮਤਿਹਾਨਾਂ ਵਿੱਚੋਂ ਲੰਘਦੀ ਹੈ ਅਤੇ ਇਸ ਦੌਰਾਨ ਉਸ ਨੂੰ ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚ ਭਿੰਨ-ਭਿੰਨ ਜ਼ਿੰਮੇਵਾਰੀਆਂ ਨਿਭਾਉਣੀਆਂ ਪੈਂਦੀਆਂ ਹਨ ਤੇ ਹਰੇਕ ਪੜਾਅ ਉੱਤੇ ਅਨੇਕਾਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਫ਼ਿਲਮੀ ਕਲਾਕਾਰ ਦੀ ਤਰ੍ਹਾਂ ਇੱਕ ਔਰਤ ਜੀਵਨ ਭਰ ਅਨੇਕਾਂ ਕਿਰਦਾਰ ਨਿਭਾਉਂਦੀ ਹੈ- ਉਹ ਕਦੇ ਧੀ, ਕਦੇ ਭੈਣ, ਪਤਨੀ, ਨੂੰਹ ਅਤੇ ਕਦੇ ਮਾਂ ਆਦਿ ਅਨੇਕਾਂ ਕਿਰਦਾਰ ਨਿਭਾਉਂਦੀ ਆਪਣਾ ਜੀਵਨ ਬਤੀਤ ਕਰਦੀ ਹੈ। ਪਰ ਇੱਕ ਫ਼ਿਲਮੀ ਕਲਾਕਾਰ ਅਤੇ ਭਾਰਤੀ ਔਰਤ ਵਿੱਚੋਂ ਦੋਵਾਂ ਦੇ ਕਿਰਦਾਰਾਂ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਇੱਕ ਫ਼ਿਲਮੀ ਕਲਾਕਾਰ ਨੂੰ ਤਾਂ ਮਹਿਜ਼ ਤਿੰਨ ਘੰਟਿਆਂ ਲਈ ਆਪਣੀ ਅਦਾਕਾਰੀ ਦਾ ਮੁਜਾਹਰਾ ਕਰਨਾ ਹੁੰਦਾ ਹੈ, ਜਦ ਕਿ ਇੱਕ ਔਰਤ ਨੂੰ ਅਸਲੀ ਜ਼ਿੰਦਗੀ ਵਿੱਚ ਅਨੇਕਾਂ ਤਕਲੀਫਾਂ ਨਾਲ ਦੋ-ਚਾਰ ਹੁੰਦੇ ਹੋਏ ਚੁਣੌਤੀਪੂਰਨ ਜ਼ਿੰਮੇਵਾਰੀਆਂ ਪੂਰੀਆਂ ਕਰਨੀਆਂ ਹੁੰਦੀਆਂ ਹਨ ਅਤੇ ਉਹ ਵੀ ਜੀਵਨ ਭਰ ਬਦਲਦੇ ਹੋਏ ਰੂਪਾਂ ਵਿੱਚ। ਇਸ ਦੌਰਾਨ ਉਸ ਨੂੰ ਅਣਗਿਣਤ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਮੁਸੀਬਤਾਂ ਸਹਿਣੀਆਂ ਪੈਂਦੀਆਂ ਹਨ, ਜਿਸ ਲਈ ਉਸ ਦਾ ਭਾਵਨਾਤਮਕ ਤੌਰ 'ਤੇ ਮਜਬੂਤ ਹੋਣਾ ਬੇਹੱਦ ਲਾਜ਼ਮੀ ਹੈ। ਇਨ੍ਹਾਂ ਸਾਰੇ ਹਕੀਕੀ ਕਿਰਦਾਰਾਂ ਨੂੰ ਸਿਰੇ ਚੜ੍ਹਾਉਣ ਲਈ ਇੱਕ ਭਾਰਤੀ ਮਹਿਲਾ ਨੂੰ ਤਹਿ ਦਿਲੋਂ ਸਲਾਮ ਕਰਨਾ ਬਣਦਾ ਹੈ।

ਅਕਸਰ ਦੇਖਣ ਨੂੰ ਮਿਲਦਾ ਹੈ ਕਿ ਔਰਤ ਨੂੰ ਹਰ ਕਦਮ ਉੱਤੇ ਇੱਕ ਨਵੀਂ ਪਰਖ ਵਿੱਚੋਂ ਲੰਘਣਾ ਪੈਂਦਾ ਹੈ। ਉਸ ਦੇ ਇਮਤਿਹਾਨਾਂ ਦੀ ਸ਼ੁਰੂਆਤ ਜਨਮ ਲੈਣ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ, ਜਦੋਂ ਬੱਚੇ ਦੇ ਜੰਮਣ ਤੋਂ ਪਹਿਲਾਂ ਹੀ ਘਰ ਦੇ ਜੀਅ ਇੱਕ ਮੁੰਡੇ ਦੇ ਜੰਮਣ ਦੀ ਆਸ ਲਗਾਈ ਰੱਖਦੇ ਹਨ ਅਤੇ ਲੜਕੀ ਦੇ ਪੈਦਾ ਹੋਣ ਨੂੰ ਇੱਕ ਪਹਾੜ ਜਿਹਾ ਆ ਡਿੱਗਿਆ ਸਮਝ ਲਿਆ ਜਾਂਦਾ ਹੈ। ਕਈ ਵਾਰ ਤਾਂ ਲੋਕ ਮਾਂ ਦੇ ਪੇਟ ਵਿੱਚ ਪਲ ਰਹੇ ਬੱਚੇ ਦਾ ਟੈਸਟ ਕਰਵਾ ਕੇ ਲੜਕੀ ਨੂੰ ਜਹਾਨ ਵਿੱਚ ਆਉਣ ਤੋਂ ਪਹਿਲਾਂ ਹੀ ਖ਼ਤਮ ਕਰਨ ਦਾ ਗੁਨਾਹ ਵੀ ਕਰਦੇ ਹਨ। ਜੇ ਇਹ ਪੜਾਅ ਪਾਰ ਕਰਕੇ ਇੱਕ ਲੜਕੀ ਦੁਨੀਆਂ ਵਿੱਚ ਆ ਵੀ ਜਾਵੇ ਤਾਂ ਉਸ ਦੀ ਲੜੀਵਾਰ ਪਰਖ ਦੀ ਪ੍ਰਕਿਰਿਆ ਬਚਪਨ ਵਿੱਚ ਹੀ ਸ਼ੁਰੂ ਹੋ ਜਾਂਦੀ ਹੈ, ਜਦੋਂ ਘਰੇਲੂ ਕੰਮਕਾਜ ਕਰਦਿਆਂ, ਭੋਜਨ ਪਰੋਸਦਿਆਂ ਜਾਂ ਪੜ੍ਹਾਈ ਵੱਲ ਕਦਮ ਵਧਾਉਂਦਿਆਂ ਹਰ ਕਦਮ 'ਤੇ ਲੜਕੇ ਤੋਂ ਬਾਅਦ ਹੀ ਉਸ ਨੂੰ ਥਾਂ ਦਿੱਤੀ ਜਾਂਦੀ ਹੈ। ਇਹ ਭਾਰਤੀ ਸਮਾਜ ਦੀ ਪਿਛਾਂਹ-ਖਿੱਚੂ ਸੋਚ ਹੀ ਹੈ, ਜਿਸ ਕਰਕੇ ਮਾਂ-ਪਿਓ ਲੜਕੀ ਨੂੰ ਬੇਗਾਨਾ ਧਨ ਕਹਿੰਦੇ ਹਨ ਅਤੇ ਉਸ ਨੂੰ ਜ਼ਿੰਮੇਵਾਰੀ ਦੀ ਪੰਡ ਸਮਝ ਕੇ ਪਰਿਵਾਰ ਲਈ ਬੋਝ ਮੰਨਦੇ ਹਨ। ਜ਼ਮਾਨੇ ਦੀ ਭੈੜੀ ਨਜ਼ਰ ਅਤੇ ਸਮਾਜ ਵਿੱਚ ਵਾਪਰਦੀਆਂ ਭਿਆਨਕ ਘਟਨਾਵਾਂ ਕਾਰਨ ਬੱਚੀਆਂ ਨੂੰ ਪੜ੍ਹਨ-ਲਿਖਣ ਜਾਂ ਕੰਮਕਾਜ ਲਈ ਬਾਹਰ ਜਾਣ ਸਮੇਂ ਵੀ ਮਾਪਿਆਂ ਦਾ ਧਿਆਨ ਹਰ ਸਮੇਂ ਉਨ੍ਹਾਂ ਵੱਲ ਹੀ ਲੱਗਾ ਰਹਿੰਦਾ ਹੈ।

ਵਿਆਹ ਮਗਰੋਂ ਸਹੁਰੇ ਘਰ ਵਿੱਚ ਤਾਂ ਲੜਕੀ ਲਈ ਹੋਰ ਵੀ ਚੁਣੌਤੀ ਭਰਿਆ ਸਮਾਂ ਹੁੰਦਾ ਹੈ, ਜਦੋਂ ਉੱਥੇ ਉਸ ਨੂੰ ਇੱਕ ਹਰਫ਼ਨ-ਮੌਲਾ ਖਿਡਾਰੀ ਦੀ ਤਰ੍ਹਾਂ ਹਰ ਕੰਮ ਵਿੱਚ ਸੰਪੂਰਨ ਅਤੇ ਨਿਪੁੰਨ ਔਰਤ ਸਮਝ ਲਿਆ ਜਾਂਦਾ ਹੈ ਅਤੇ ਕਿਸੇ ਵੀ ਕੰਮ ਵਿੱਚ ਛੋਟੀ ਜਿਹੀ ਗਲਤੀ ਦੀ ਉਮੀਦ ਵੀ ਉਸ ਕੋਲੋਂ ਨਹੀਂ ਕੀਤੀ ਜਾਂਦੀ। ਲੜਕੀ ਨੂੰ ਉਸ ਦੀਆਂ ਛੋਟੀਆਂ-ਛੋਟੀਆਂ ਗਲਤੀਆਂ ਵਾਸਤੇ ਟੋਕਿਆ ਜਾਂਦਾ ਹੈ ਅਤੇ ਗਲਤੀ ਕਰਨ 'ਤੇ ਉਸ ਦੇ ਮਾਪਿਆਂ ਨੂੰ ਚੰਗਾ-ਮਾੜਾ ਵੀ ਬੋਲਿਆ ਜਾਂਦਾ ਹੈ। ਉਸ ਵੇਲੇ ਲੜਕੀ ਭਾਰੀ ਭਾਵਨਾਤਮਕ ਇਮਤਿਹਾਨ ਵਿੱਚੋਂ ਲੰਘ ਰਹੀ ਹੁੰਦੀ ਹੈ। ਇਸ ਸਮੇਂ ਜੇ ਉਸ ਦਾ ਜੀਵਨ ਸਾਥੀ ਸਹਿਯੋਗੀ ਸੁਭਾਅ ਵਾਲਾ ਹੋਵੇ ਤਾਂ ਇਹ ਪਰਖ ਕੁਝ ਸੁਖਾਲੀ ਹੋ ਜਾਂਦੀ ਹੈ। ਵਿਆਹੁਤਾ ਜੀਵਨ ਵਿੱਚ ਇੱਕ ਵਾਰ ਫਿਰ ਪਹਿਲੇ ਵਾਲੀ ਚੁਣੌਤੀ ਸਾਹਮਣੇ ਆ ਖਲੋਂਦੀ ਹੈ, ਜਦੋਂ ਉਸ ਕੋਲੋਂ ਇੱਕ ਲੜਕੇ ਨੂੰ ਜਨਮ ਦੇਣ ਦੀ ਆਸ ਰੱਖੀ ਜਾਂਦੀ ਹੈ। ਇਸ ਪੜਾਅ ਉੱਤੇ ਇੱਕ ਵਾਰ ਫਿਰ ਲੜਕੀ ਦੀ ਮਾਨਸਿਕ ਪਰਖ ਹੁੰਦੀ ਹੈ ਅਤੇ ਉਸ ਦਾ ਭਾਵਨਾਤਮਕ ਤੌਰ 'ਤੇ ਮਜਬੂਤ ਹੋਣਾ ਬੇਹੱਦ ਲਾਜ਼ਮੀ ਹੁੰਦਾ ਹੈ। ਕੰਮਕਾਜੀ ਔਰਤਾਂ ਨੂੰ ਤਾਂ ਹੋਰ ਵੀ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਮੁਸ਼ਕਿਲਾਂ ਵਿੱਚੋਂ ਲੰਘਣਾ ਪੈਂਦਾ ਹੈ, ਜਦੋਂ ਉਨ੍ਹਾਂ ਨੂੰ ਘਰ ਅਤੇ ਕੰਮਕਾਜ ਵਾਲੀ ਥਾਂ ਉੱਤੇ ਕੰਮ ਕਰਦਿਆਂ ਦੋਹਰੀ ਜ਼ਿੰਮੇਵਾਰੀ ਨਿਭਾਉਣੀ ਪੈਂਦੀ ਹੈ। ਇਸ ਤੋਂ ਅਗਲਾ ਪੜਾਅ ਜਿਸ ਵਿੱਚ ਇੱਕ ਔਰਤ ਨੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ, ਘਰ ਸੰਭਾਲਣਾ ਅਤੇ ਬੱਚਿਆਂ ਦਾ ਭਵਿੱਖ ਸੰਵਾਰਨਾ ਇੱਕ ਭਾਰੀ ਜ਼ਿੰਮੇਵਾਰੀ ਦਾ ਕੰਮ ਹੁੰਦਾ ਹੈ। ਅਕਸਰ ਵੇਖਿਆ ਜਾਂਦਾ ਹੈ ਕਿ ਘਰ ਤੋਂ ਬਾਹਰ ਜਾਂਦੇ ਜੀਅ ਆਪਣੇ-ਆਪਣੇ ਖੇਤਰਾਂ ਵਿੱਚ ਮਿਲਦੀਆਂ ਪ੍ਰੇਸ਼ਾਨੀਆਂ ਦੀ ਭੜਾਸ ਵੀ ਘਰ ਦੀ ਔਰਤ ਉੱਤੇ ਹੀ ਕੱਢਦੇ ਹਨ। ਇੱਥੋਂ ਤੱਕ ਕਿ ਬੱਚਿਆਂ ਅਤੇ ਘਰ ਦੇ ਮਰਦਾਂ ਨੂੰ ਸਹਿਪਾਠੀਆਂ ਤੇ ਸਹਿਕਰਮੀਆਂ ਵੱਲੋਂ ਮਿਲ ਰਹੀਆਂ ਜਜ਼ਬਾਤੀ ਪ੍ਰੇਸ਼ਾਨੀਆਂ ਦੂਰ ਕਰਨ ਲਈ ਗੁੱਸੇ ਦਾ ਸ਼ਿਕਾਰ ਵੀ ਅਕਸਰ ਘਰ ਦੀ ਔਰਤ ਨੂੰ ਹੀ ਹੋਣਾ ਪੈਂਦਾ ਹੈ। ਬੱਚੇ ਤਾਂ ਗੁੱਸੇ ਵਿੱਚ ਆਪਣੀ ਮਾਂ ਨੂੰ ਪੁਰਾਣੇ ਵਿਚਾਰਾਂ ਵਾਲੀ ਅਤੇ ਪੁਰਾਣੇ ਜ਼ਮਾਨੇ ਦੀ ਕਹਿ ਕੇ ਸੰਬੋਧਨ ਕਰਦੇ ਹਨ।

ਇੰਝ ਕਹਿ ਲਓ ਕਿ ਇੱਕ ਔਰਤ ਨੂੰ ਸਾਰੀ ਉਮਰ ਜਜ਼ਬਾਤੀ ਸਦਮਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਰਕੇ ਉਸ ਦਾ ਸਰੀਰਕ ਅਤੇ ਮਾਨਸਿਕ ਤੰਦਰੁਸਤ ਹੋਣ ਦੇ ਨਾਲ-ਨਾਲ ਭਾਵਨਾਤਮਕ ਮਜਬੂਤ ਹੋਣਾ ਬੇਹੱਦ ਲਾਜ਼ਮੀ ਹੈ। ਇਸ ਤਰ੍ਹਾਂ ਇੱਕ ਔਰਤ ਵੱਲੋਂ ਆਪਣੇ ਅਸਲ ਜੀਵਨ ਵਿੱਚ ਨਿਭਾਏ ਗਏ ਹਕੀਕੀ ਅਤੇ ਦਲੇਰ ਕਿਰਦਾਰਾਂ ਦੇ ਆਧਾਰ 'ਤੇ ਉਸ ਨੂੰ ਜ਼ਿੰਦਗੀ ਰੂਪੀ ਰੰਗ ਮੰਚ ਦੀ ਸੁਪਰ ਸਟਾਰ ਕਹਿਣ ਵਿੱਚ ਕੋਈ ਅਤਿ ਕਥਨੀ ਨਹੀਂ ਹੈ!

# ਗੌਰਮਿੰਟ ਕਾਲਜਾਂ ਤੇ ਨਨਕਾਣਾ ਸਾਹਿਬ ਯੂਨੀਵਰਸਿਟੀ ਦਾ ਗੇੜਾ

*ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾਲ਼ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾਲ਼ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਇਤਿਹਾਸਕ ਪਿਛੋਕੜ ਦੇ ਵੇਰਵਿਆਂ ਨਾਲ ਵੀ ਭਰਪੂਰ ਹੈ ਅਤੇ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ 14ਵੀਂ ਕਿਸ਼ਤ, ਜਿਸ ਵਿੱਚ ਗੌਰਮਿੰਟ ਕਾਲਜਾਂ (ਲੜਕੀਆਂ ਤੇ ਲੜਕੇ) ਅਤੇ ਨਨਕਾਣਾ ਸਾਹਿਬ ਯੂਨੀਵਰਸਿਟੀ ਤੋਂ ਇਲਾਵਾ ਗੁਰੂਘਰ ਸੱਚਾ ਸੌਦਾ ਤੇ ਜੰਡਿਆਲਾ ਸ਼ੇਰ ਖ਼ਾਂ ਜਾਣ ਦਾ ਸੰਖੇਪ ਵੇਰਵਾ ਦਰਜ ਹੈ...*



**ਰਵਿੰਦਰ ਸਹਿਰਾਅ**
ਫੋਨ: 219-900-1115

ਚਾਰ ਮਾਰਚ ਦਾ ਦਿਨ ਵੀ ਬੜਾ ਰੁਝੇਵਿਆਂ ਭਰਿਆ ਸੀ। ਮਾਸਟਰ ਧਰਮਪਾਲ ਹੋਰਾਂ ਨੇ ਲਾਇਲਪੁਰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਜਾਣਾ ਸੀ, ਜਿਹੜੇ ਵੰਡ ਵੇਲੇ ਏਧਰ ਰਹਿ ਗਏ ਸਨ। ਅਸੀਂ ਉਨ੍ਹਾਂ ਨੂੰ ਸੁਝਾਅ ਦਿੱਤਾ ਕਿ ਪਹਿਲਾਂ ਭਗਤ ਸਿੰਘ ਦੇ ਪਿੰਡ ਜਾ ਆਇਓ ਤੇ ਫੇਰ ਰਿਸ਼ਤੇਦਾਰਾਂ ਨੂੰ ਮਿਲ ਲੈਣਾ। ਉਨ੍ਹਾਂ ਇਸੇ ਤਰ੍ਹਾਂ ਹੀ ਕੀਤਾ ਅਤੇ ਸਾਰੇ ਰਿਸ਼ਤੇਦਾਰਾਂ ਨੂੰ ਦੁਪਹਿਰ ਦੇ ਖਾਣੇ ਲਈ ਬੁਲਾ ਕੇ ਇਕੱਠਿਆਂ ਹੀ ਮਿਲ ਲਿਆ।

ਗੌਰਮਿੰਟ ਕਾਲਜ (ਲੜਕੀਆਂ) ਦੀ ਡਾ. ਮੁਜਾਹਿਦਾ ਬੱਟ ਨਾਲ਼ ਸਾਡਾ ਲਗਾਤਾਰ ਸੰਪਰਕ ਹੋ ਰਿਹਾ ਸੀ। ਉਹ ਡਾ. ਹਰਭਜਨ ਸਿੰਘ ਭਾਟੀਆ ਦੇ ਜਾਣ-ਪਛਾਣ ਵਾਲੇ ਹਨ। ਉਨ੍ਹਾਂ ਸਾਨੂੰ ਸੱਤ ਮਾਰਚ ਦਾ ਦਿਨ ਰਾਖਵਾਂ ਰੱਖਣ ਲਈ ਆਖਿਆ ਸੀ, ਪਰ ਸਵੇਰੇ ਹੀ ਉਨ੍ਹਾਂ ਦਾ ਫ਼ੋਨ ਆਇਆ ਕਿ ਅੱਜ ਹੀ ਆ ਜਾਉ, ਕਿਉਂਕਿ ਕਾਲਜ ਦੀ ਡੀਨ ਡਾ. ਫਲੀਹਾ ਵੀ ਸਾਨੂੰ ਮਿਲਣਾ ਚਾਹੁੰਦੀ ਸੀ ਤੇ ਉਨ੍ਹਾਂ ਸੱਤ ਤਰੀਕ ਨੂੰ ਕਿਸੇ ਹੋਰ ਪ੍ਰੋਗਰਾਮ 'ਤੇ ਜਾਣਾ ਸੀ। ਅਸੀਂ ਗਏ ਤਾਂ ਬੱਸ ਮਿਲਣ ਹੀ ਸੀ, ਪਰ ਉਨ੍ਹਾਂ ਪੰਜਾਬੀ ਵਿਭਾਗ ਦੀਆਂ ਬੱਚੀਆਂ ਅਤੇ ਅਧਿਆਪਕਾਵਾਂ ਨੂੰ ਵੀ ਬੁਲਾ ਲਿਆ। ਬੱਸ ਫਿਰ ਕੀ ਸੀ ਘੰਟਾ-ਡੇਢ ਘੰਟਾ ਬੀਤ ਗਿਆ। ਮੈਂ ਕਵਿਤਾ 'ਲਾਹੌਰ ਵਸੇਂਦੀਉ ਕੁੜੀਓ' ਸੁਣਾਈ। ਇੱਕ ਅਧਿਆਪਕਾ ਤਾਹਿਰ ਸੰਧੂ ਦੀ ਜਮਾਤਣ ਨਿਕਲੀ। ਸਾਨੂੰ ਫ਼ਾਰਸੀ ਵਿਭਾਗ ਦੀਆਂ ਬੱਚੀਆਂ ਵੱਲੋਂ ਲਗਾਈ ਗਈ ਕੈਲੀਗ੍ਰਾਫ਼ੀ ਦੀ ਨੁਮਾਇਸ਼ ਵੀ ਦਿਖਾਈ ਗਈ। ਕਾਲਜ ਦੀ ਡੀਨ ਵੱਲੋਂ ਸਾਨੂੰ ਤੋਹਫ਼ਾ ਵੀ ਦਿੱਤਾ ਗਿਆ ਅਤੇ ਸੱਤ ਤਰੀਕ ਨੂੰ ਮੁੜ ਆਉਣ ਦੀ ਦਾਅਵਤ ਵੀ।

ਉਨ੍ਹਾਂ ਤੋਂ ਇਜਾਜ਼ਤ ਲੈ ਕੇ ਅਸੀਂ ਸਿੱਧੇ ਓਰੀਐਂਟਲ ਕਾਲਜ (ਪੰਜਾਬ ਯੂਨੀਵਰਸਿਟੀ ਓਲਡ ਕੈਂਪਸ) ਪਹੁੰਚੇ। ਏਥੇ ਮੇਰੀ ਸ਼ਾਹਮੁਖੀ ਵਾਲੀ ਕਿਤਾਬ ਉੱਪਰ ਸੈਮੀਨਾਰ ਸੀ। ਇਸਲਾਮੀਆ ਕਾਲਜ ਦੇ ਪ੍ਰੋ. ਇਜਾਜ ਅਤੇ ਸ਼ਹਿਜਾਦ ਅਹਿਮਦ, ਗੌਰਮਿੰਟ ਕਾਲਜ ਯੂਨੀਵਰਸਿਟੀ ਤੋਂ ਪ੍ਰੋ. ਕਲਿਆਣ ਸਿੰਘ ਅਤੇ ਤਾਹਿਰ ਸੰਧੂ ਨੇ ਪੇਪਰ ਪੜ੍ਹੇ। ਦਿਆਲ ਸਿੰਘ ਕਾਲਜ ਦੇ ਪ੍ਰਿੰਸੀਪਲ ਡਾ. ਅਰਸ਼ਦ ਇਕਬਾਲ ਨੇ ਸਦਾਰਤ ਕੀਤੀ। ਸਟੇਜ ਸਕੱਤਰ ਦੀ ਕਾਰਵਾਈ ਡਾ. ਕਰਾਮਤ ਮੁਗ਼ਲ ਨੇ ਬਹੁਤ ਹੀ ਆਹਲਾ ਤਰੀਕੇ ਨਾਲ਼ ਨਿਭਾਈ। ਡਾ. ਨਵੀਦ ਸ਼ਹਿਜਾਦ ਨੇ ਜਦੀਦ (ਨਵੀਂ) ਸ਼ਾਇਰੀ ਬਾਰੇ ਬੜੀਆਂ ਸਿਆਣੀਆਂ ਗੱਲਾਂ ਕੀਤੀਆਂ ਤੇ ਕਿਤਾਬ ਵਿਚਲੀਆਂ ਨਮਜ਼ਾਂ ਨੂੰ ਬੇਹਤਰੀਨ ਨਜ਼ਮਾਂ ਆਖਿਆ। ਉਨ੍ਹਾਂ ਨੇ ਆਪਣੇ ਵਿਦਿਆਰਥੀ ਰਹੇ ਤਾਹਿਰ ਸੰਧੂ ਅਤੇ ਉਸਦੀ ਬੇਗ਼ਮ ਸਾਇਮਾ ਸੰਧੂ ਨੂੰ ਵੀ ਇਨ੍ਹਾਂ ਨਜ਼ਮਾਂ ਦਾ ਉਲੱਥਾ ਕਰਨ ਦੀ ਵਧਾਈ ਦਿੱਤੀ।

ਮੈਨੂੰ ਕੁਝ ਕਹਿਣ ਅਤੇ ਨਜ਼ਮਾਂ ਸੁਣਾਉਣ ਲਈ ਵੀ ਆਖਿਆ ਗਿਆ। ਇੱਥੇ ਵੀ ਮੈਂ ਲੋਕ-ਪੱਖੀ ਸ਼ਾਇਰੀ ਕਰਨ ਉੱਪਰ ਜ਼ੋਰ ਦਿੱਤਾ। ਜਿਹੜੀ ਨਜ਼ਮ ਮੈਂ (ਫ਼ਲਿਸਤੀਨੀ ਕੁੜੀ ਤੇ ਚੱਪਲ) ਸੁਣਾਉਣੀ ਸੀ, ਉਸਦਾ ਹਵਾਲਾ ਪਹਿਲਾਂ ਹੀ ਤਿੰਨ ਬੁਲਾਰਿਆਂ ਨੇ ਬੋਲਦਿਆਂ ਦੇ ਦਿੱਤਾ ਸੀ, ਪਰ ਉਨ੍ਹਾਂ ਫੇਰ ਵੀ ਮੈਨੂੰ ਸੁਣਾਉਣ ਲਈ ਕਿਹਾ। ਨਜ਼ਮ ਕਾਫ਼ੀ ਸਲਾਹੀ ਗਈ। ਕੁਝ ਵਿਦਿਆਰਥੀਆਂ ਨੇ ਸਵਾਲ ਵੀ ਕੀਤੇ। ਮੈਨੂੰ ਇਸ ਗੱਲ ਦੀ ਹੈਰਾਨੀ ਭਰੀ ਖ਼ੁਸ਼ੀ ਹੋਈ ਕਿ ਸਾਰੇ ਬੁਲਾਰਿਆਂ ਨੇ ਕਿਤਾਬ ਪੜ੍ਹੀ ਹੋਈ ਸੀ। ਬਹੁਤ ਸਾਰੇ ਵਿਦਿਆਰਥੀਆਂ ਨੇ ਕਿਤਾਬ ਉੱਪਰ ਆਟੋਗ੍ਰਾਫ਼ ਵੀ ਲਏ ਅਤੇ ਤਸਵੀਰਾਂ ਵੀ ਕਰਵਾਈਆਂ।

ਡਾ. ਨਬੀਲਾ ਅੱਜਕੱਲ੍ਹ ਓਰੀਐਂਟਲ ਕਾਲਜ ਦੇ ਨਵੇਂ-ਨਵੇਂ ਪ੍ਰਿੰਸੀਪਲ ਬਣੇ ਹਨ, ਪਰ ਉਹ ਕਿਸੇ ਹੋਰ ਪ੍ਰੋਗਰਾਮ 'ਤੇ ਗਏ ਹੋਏ ਸਨ। ਜਦੋਂ ਸਾਡਾ ਪ੍ਰੋਗਰਾਮ ਖ਼ਤਮ ਹੋਇਆ ਤਾਂ ਪ੍ਰੋ. ਕਲਿਆਣ ਸਿੰਘ ਨੇ ਦੱਸਿਆ ਕਿ ਡਾ. ਨਬੀਲਾ ਵੀ ਆ ਗਏ ਹਨ ਤੇ ਸਾਡਾ ਦਫ਼ਤਰ ਵਿੱਚ ਇੰਤਜ਼ਾਰ ਕਰ ਰਹੇ ਹਨ। ਅਸੀਂ ਉਨ੍ਹਾਂ ਨਾਲ਼ ਚਾਹ-ਪਾਣੀ ਪੀਤਾ ਅਤੇ ਵਧਾਈ ਦਿੱਤੀ। ਡਾ. ਨਬੀਲਾ ਨੇ ਘਰ ਆਉਣ ਦਾ ਸੱਦਾ ਵੀ ਦਿੱਤਾ।



ਗੌਰਮਿੰਟ ਕਾਲਜ ਯੂਨੀਵਰਸਿਟੀ ਲਾਹੌਰ ਦੇ ਵਾਈਸ ਚਾਂਸਲਰ ਅਹਿਮਦ ਅਲੀ ਨਾਲ ਉਨ੍ਹਾਂ ਦੇ ਦਫਤਰ ਵਿੱਚ। ਨਾਲ ਹਨ ਪ੍ਰੋ. ਕਲਿਆਣ ਸਿੰਘ

ਹੁਣ ਅਸੀਂ ਰਸਤੇ ਵਿੱਚ ਪਾਕਿ ਟੀ ਹਾਊਸ ਵਿੱਚ ਰੁਕੇ। ਚਾਹ ਤਾਂ ਭਾਵੇਂ ਪਹਿਲਾਂ ਹੀ ਦੋ ਵੇਰ ਪੀ ਚੁੱਕੇ ਸੀ, ਪਰ ਗੱਪ-ਸ਼ੱਪ ਲਈ ਰੁਕ ਗਏ। ਅਸੀਂ ਇਨਕਲਾਬੀ ਅਦੀਬਾਂ ਦੀਆਂ ਤਸਵੀਰਾਂ ਦੇਖ ਕੇ ਬੈਠੇ ਹੀ ਸੀ ਕਿ ਇੱਕ ਨੋਜਵਾਨ ਖ਼ਾਤੂਨ ਨੀਰੂ ਵੱਲ ਬੜੀਆਂ ਉਤਸੁਕ ਨਜ਼ਰਾਂ ਨਾਲ਼ ਦੇਖ ਰਹੀ ਸੀ, ਪਰ ਕੋਈ ਗੱਲਬਾਤ ਨਹੀਂ ਸੀ ਕਰ ਰਹੀ। ਆਖ਼ਿਰ ਉਸਦੇ ਨਾਲ਼ ਆਏ ਦੋ ਹੋਰ ਸ਼ਖ਼ਸਾਂ ਨਾਲ਼ ਗੱਲ ਕਰਕੇ ਉਹ ਸਾਡੇ ਕੋਲ ਆਈ। ਉਸਨੇ ਦੱਸਿਆ ਕਿ ਉਸਦਾ ਨਾਮ ਸਾਦੀਆ ਅਸਲਮ ਰੰਧਾਵਾ ਹੈ ਅਤੇ ਉਹ ਸਾਰੇ ਹਾਈਕੋਰਟ ਦੇ ਵਕੀਲ ਹਨ।

ਉਨ੍ਹਾਂ ਸਾਡੇ ਲਈ ਕੌਫ਼ੀ ਅਤੇ ਸਨੈਕਸ ਆਰਡਰ ਕਰ ਦਿੱਤੇ। ਸਾਡੇ ਨਾਂਹ-ਨਾਂਹ ਕਰਦਿਆਂ ਵੀ ਸਾਨੂੰ ਖਾਣੇ ਪਏ। ਉਹ ਸਾਨੂੰ ਆਪਣੇ ਮਾਪਿਆਂ ਨਾਲ਼ ਵੀ ਮਿਲਵਾਉਣਾ ਚਾਹੁੰਦੀ ਸੀ, ਪਰ ਅਸੀਂ ਆਪਣੀ ਮਜਬੂਰੀ ਦੱਸੀ। ਉਸ ਨੇ ਸਾਡੇ ਫ਼ੋਨ ਨੰਬਰ ਵੀ ਲਏ ਅਤੇ ਕਦੇ ਫਿਰ ਆਉਣ 'ਤੇ ਜ਼ਰੂਰ ਉਸਦੇ ਘਰ ਜਾਣ ਲਈ ਆਖਿਆ। ਪ੍ਰੋ. ਇਜਾਜ਼ ਵੀ ਸਾਡੇ ਨਾਲ਼ ਸਨ। ਉਨ੍ਹਾਂ ਵੀ ਸਾਨੂੰ ਟੀ ਹਾਊਸ ਬਾਰੇ ਹੋਰ ਜਾਣਕਾਰੀ ਦਿੱਤੀ। ਚੜ੍ਹਦੇ ਪੰਜਾਬ ਦੇ ਕਹਾਣੀਕਾਰਾਂ ਬਾਰੇ ਉਸਨੇ ਕਈ ਸਵਾਲ ਵੀ ਕੀਤੇ।

ਚੜ੍ਹਦੇ ਪੰਜਾਬ ਤੋਂ ਇੱਕ ਕਾਨਫ਼ਰੰਸ ਵਿੱਚ ਪੰਜਾਹ ਦੇ ਕਰੀਬ ਲੇਖਕ ਵੀ ਹੋਟਲ ਹੈਰੀਟੇਜ ਵਿੱਚ ਪਹੁੰਚ ਚੁੱਕੇ ਸਨ। ਅਸੀਂ ਕੁਝ ਮਿੰਟਾਂ ਲਈ ਦੁਆ ਸਲਾਮ ਕਰਨ ਲਈ ਉਨ੍ਹਾਂ ਕੋਲ ਵੀ ਰੁਕੇ। ਦਰਸ਼ਨ ਬੁੱਟਰ, ਦਲਜੀਤ ਸ਼ਾਹੀ ਤੇ ਉਸਦੀ ਸਾਥਣ, ਸੁਸ਼ੀਲ ਦੋਸਾਂਝ ਤੇ ਕਮਲ ਦੁਸਾਂਝ, ਡਾ. ਗੁਰਇਕਬਾਲ ਸਿੰਘ, ਡਾ. ਰਤਨ ਸਿੰਘ ਢਿੱਲੋਂ, ਸੁਖਵਿੰਦਰ ਅੰਮ੍ਰਿਤ, ਡਾ. ਜੰਗ ਬਹਾਦਰ ਗੋਇਲ ਅਤੇ ਕੁਝ ਹੋਰ ਦੋਸਤਾਂ ਨੂੰ ਮਿਲ ਕੇ ਅਸੀਂ ਆਪਣੇ ਹੋਟਲ ਵਿੱਚ ਆਣ ਡੇਰਾ ਲਾਇਆ।

## ਨਨਕਾਣਾ ਸਾਹਿਬ ਯੂਨੀਵਰਸਿਟੀ


ਪੰਜ ਮਾਰਚ ਵੀਹ ਸੌ ਚੌਵੀ। ਗੁਰੂਘਰ ਨਨਕਾਣਾ ਸਾਹਿਬ ਅਤੇ ਹੋਰ ਗੁਰੂਘਰ ਤਾਂ ਅਸੀਂ ਭਾਵੇਂ ਪਿਛਲੀ ਫੇਰੀ ਦੌਰਾਨ ਹੀ ਦੇਖ ਆਏ ਸੀ, ਪਰ ਨਨਕਾਣਾ ਸਾਹਿਬ ਯੂਨੀਵਰਸਿਟੀ ਜਾਣ ਦਾ ਸਬੱਬ ਨਹੀਂ ਸੀ ਬਣਿਆ। ਐਤਕੀਂ ਡਾ. ਆਸਮਾ ਕਾਦਰੀ, ਪ੍ਰੋ. ਕਲਿਆਣ ਸਿੰਘ ਅਤੇ ਡਾ. ਨਬੀਲਾ ਨੇ ਉਚੇਚਾ ਕਿਹਾ ਕਿ ਉੱਥੇ ਜ਼ਰੂਰ ਜਾ ਕੇ ਆਇਓ। ਡਾ. ਨਬੀਲਾ ਨੇ ਤਾਂ ਸਾਡੇ ਬੈਠਿਆਂ ਹੀ ਉੱਥੋਂ ਦੇ ਰਜਿਸਟਾਰ ਨੂੰ ਫ਼ੋਨ ਕਰ ਕੇ ਸਾਡੇ ਆਉਣ ਬਾਰੇ ਇਤਲਾਹ ਕਰ ਦਿੱਤੀ। ਤਾਹਿਰ ਸੰਧੂ ਆਪ ਤਾਂ ਭਾਵੇਂ ਹਾਈਕੋਰਟ ਦੇ ਰੁਝੇਵਿਆਂ ਕਾਰਨ ਨਾ ਜਾ ਸਕਿਆ, ਪਰ ਸਾਇਮਾ ਦੇ ਭਾਣਜੇ ਸ਼ਹਿਜੇਬ ਨੂੰ ਸਾਡੇ ਨਾਲ਼ ਭੇਜ ਦਿੱਤਾ। ਉਂਜ ਵੀ ਬਹੁਤੀਆਂ ਥਾਵਾਂ 'ਤੇ ਸ਼ਹਿਜੇਬ ਸਾਡੇ ਨਾਲ਼ ਹੀ ਰਹਿੰਦਾ ਸੀ। ਉਸ ਦੇ ਮਾਪੇ ਤਾਂ ਭਾਵੇਂ ਗੁੱਜਰਾਂਵਾਲੇ ਰਹਿੰਦੇ ਨੇ, ਪਰ ਉਹ ਜ਼ਿਆਦਾ ਸਮਾਂ ਤਾਹਿਰ ਹੋਰਾਂ ਪਾਸ ਲਾਹੌਰ ਹੀ ਰਹਿੰਦਾ ਹੈ। ਦੂਜਾ ਕਾਰਨ ਮਾਸਟਰ ਧਰਮਪਾਲ ਹੋਰਾਂ ਦਾ ਸੀ ਜੋ ਪਹਿਲੀ ਵੇਰ ਨਨਕਾਣਾ ਸਾਹਿਬ ਜਾ ਰਹੇ ਸਨ।

ਜਿਵੇਂ ਪਿਛਲੇ ਭਾਗ ਵਿੱਚ ਮੈਂ ਦੱਸਿਆ ਕਿ ਨਨਕਾਣਾ ਸਾਹਿਬ ਦੇ ਮੁੱਖ ਸੇਵਾਦਾਰ ਪ੍ਰੋ. ਕਲਿਆਣ ਸਿੰਘ ਦੇ ਭਰਾ ਹੀ ਹਨ। ਉਨ੍ਹਾਂ ਸਾਡਾ ਬੜੀ ਮੁਹੱਬਤ ਨਾਲ਼ ਸਵਾਗਤ ਕੀਤਾ। ਅਸੀਂ ਇੱਕ ਵੇਰ ਫੇਰ ਪਹਿਲਾਂ ਗੁਰੂਘਰ ਗਏ। ਮਾਸਟਰ ਹੋਰਾਂ ਨੂੰ ਇੱਕ ਗਾਈਡ ਵਾਂਗ ਸਾਕਾ ਨਨਕਾਣਾ ਸਾਹਿਬ ਦੀਆਂ ਨਿਸ਼ਾਨੀਆਂ ਦਿਖਾਈਆਂ। ਫਿਰ ਸਾਨੂੰ ਪ੍ਰਬੰਧਕੀ ਦਫ਼ਤਰ ਵਿੱਚ ਚਾਹ ਛਕਣ ਵਾਸਤੇ ਲਿਜਾਇਆ ਗਿਆ; ਕਿਉਂਕਿ ਪ੍ਰੋ. ਕਲਿਆਣ ਸਿੰਘ ਦੀ ਵਜ੍ਹਾ ਕਾਰਨ ਉਹ ਸਾਡਾ ਖ਼ਾਸ ਮਹਿਮਾਨਾਂ ਵਾਂਗ ਇਸਤਿਕਬਾਲ ਕਰ ਰਹੇ ਸਨ। ਸਾਡੇ ਲਈ ਇਹ ਦਿਨ ਹੋਰ ਵੀ ਖ਼ਾਸ ਹੋ ਗਿਆ ਜਦੋਂ ਪਤਾ ਲੱਗਾ ਕਿ ਵਿਸ਼ਵ ਪ੍ਰਸਿੱਧ ਖੇਤੀ ਮਾਹਿਰ ਡਾ. ਗੁਰਦੇਵ ਸਿੰਘ ਵੀ ਅਮੈਰਿਕਾ ਤੋਂ ਨਨਕਾਣਾ ਸਾਹਿਬ ਆਏ ਹੋਏ ਨੇ ਅਤੇ ਸਾਡੇ ਬੈਠਿਆਂ ਹੀ ਉਹ ਇੱਕ ਪਾਕਿਸਤਾਨੀ ਵਫ਼ਦ ਦੇ ਮੈਂਬਰਾਂ ਨਾਲ਼ ਸਾਡੇ ਵਿੱਚ ਸ਼ਾਮਲ ਹੋ ਗਏ। ਅਸੀਂ ਥੋੜ੍ਹੀ ਦੇਰ ਹੀ ਰੁਕ ਸਕੇ, ਪਰ ਉਨ੍ਹਾਂ ਦੀਆਂ ਕਾਫ਼ੀ ਗੱਲਾਂ ਸੁਣਨ ਦਾ ਮੌਕਾ ਬਣ ਗਿਆ। ਹਰੇ ਇਨਕਲਾਬ ਬਾਰੇ ਮੈਂ ਪਾਕਿਸਤਾਨੀ ਸੱਜਣਾਂ ਨਾਲ਼ ਸਹਿਮਤ ਨਹੀਂ ਸੀ। ਡਾ. ਸਾਹਿਬ ਨੇ ਵੀ ਅਤੇ ਉਨ੍ਹਾਂ ਦੀ ਪਤਨੀ ਨੇ ਵੀ ਹਾਂ ਵਿੱਚ ਹਾਂ ਮਿਲਾਈ। ਹੁਣ ਸਾਨੂੰ ਜਾਣਾ ਪੈਣਾ ਸੀ, ਕਿਉਂਕਿ ਯੂਨੀਵਰਸਿਟੀ ਦੇ ਸੱਜਣ ਸਾਡੀ ਉਡੀਕ ਕਰ ਰਹੇ ਸਨ। ਅਸੀਂ ਡਾ. ਸਾਹਿਬ, ਭਾਈ ਸਾਹਿਬ ਅਤੇ ਪਾਕਿ ਵਫ਼ਦ ਦਾ ਸ਼ੁਕਰਾਨਾ ਕਰਕੇ ਇਜਾਜ਼ਤ ਲਈ।

ਸਾਡੇ ਡਰਾਈਵਰ ਨੇ ਗੂਗਲ ਰਾਹੀਂ ਯੂਨੀਵਰਸਿਟੀ ਜਾਣ ਦਾ ਰਾਹ ਲੱਭਿਆ, ਪਰ ਉਹ ਨਵੀਂ ਇਮਾਰਤ ਵਿੱਚ ਲੈ ਗਿਆ ਜੋ ਅਜੇ ਕਲਾਸਾਂ ਲਈ ਤਿਆਰ ਨਹੀਂ ਸੀ। ਕਲਾਸਾਂ ਅਜੇ ਹਾਈ ਸਕੂਲ ਵਿੱਚ ਹੀ ਲਾਈਆਂ ਜਾ ਰਹੀਆਂ ਸਨ। ਨੌਜਵਾਨ ਰਜਿਸਟਰਾਰ ਜਨਾਬ ਮੁਬੱਸ਼ਰ, ਪੰਜਾਬੀ ਵਿਭਾਗ ਦੇ ਡਾ. ਤਾਰਿਕ ਅਤੇ ਪੰਜਾਬੀ ਪੜ੍ਹ ਰਹੇ ਬੱਚਿਆਂ ਨੇ ਸਾਨੂੰ ਜੀ ਆਇਆਂ ਆਖਿਆ ਅਤੇ ਸਾਡਾ ਸਨਮਾਨ ਕੀਤਾ। ਸਾਡੇ ਲੇਟ ਹੋ ਜਾਣ ਕਾਰਨ ਡਾ. ਤਾਰਿਕ ਤਾਂ ਛੇਤੀ ਹੀ ਚਲੇ ਗਏ, ਕਿਉਂਕਿ ਉਨ੍ਹਾਂ ਕਿਸੇ ਜ਼ਰੂਰੀ ਕੰਮ ਲਈ ਜਾਣਾ ਸੀ। ਰਜਿਸਟਰਾਰ ਦੇ ਦਫ਼ਤਰ ਵਿੱਚ ਚਾਹ-ਪਾਣੀ ਪੀਂਦਿਆਂ ਮੈਂ ਆਪਣੀਆਂ ਸ਼ਾਹਮੁਖੀ ਵਾਲੀਆਂ ਕਿਤਾਬਾਂ ਵੀ ਉਨ੍ਹਾਂ ਨੂੰ ਦਿੱਤੀਆਂ। ਉਨ੍ਹਾਂ ਸਾਨੂੰ ਅਗਲੇ ਸਾਲ ਹੋਣ ਵਾਲੀ ਕਾਨਫ਼ਰੰਸ ਵਿੱਚ ਆਉਣ ਦਾ ਸੱਦਾ ਵੀ ਦਿੱਤਾ, ਜੋ ਅਸੀਂ ਕਬੂਲਿਆ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ।



ਪਾਕਿ ਟੀ-ਹਾਊਸ ਵਿੱਚ ਕੁਝ ਅਦੀਬਾਂ ਨਾਲ



ਜੰਡਿਆਲਾ ਸ਼ੇਰ ਖਾਂ ਵਿਖੇ ਹੀਰ ਦਾ ਕਲਾਮ ਸੁਣਦਿਆਂ

## ਗੁਰੂਘਰ ਸੱਚਾ ਸੌਦਾ ਅਤੇ ਜੰਡਿਆਲਾ ਸ਼ੇਰ ਖ਼ਾਂ

ਨਨਕਾਣਾ ਸਾਹਿਬ ਯੂਨੀਵਰਸਿਟੀ ਤੋਂ ਸਿੱਧੇ ਅਸੀਂ ਗੁਰੂਘਰ ਸੱਚਾ ਸੌਦਾ ਗਏ। ਨਤਮਸਤਕ ਹੋਣ ਤੋਂ ਬਾਅਦ ਸਾਨੂੰ ਸਿਰੋਪੇ ਅਤੇ ਲੰਗਰ ਵੀ ਛਕਾਇਆ ਗਿਆ। ਅਸੀਂ ਭਾਈ ਸਾਹਿਬ ਅਤੇ ਉਸਦੇ ਪਰਿਵਾਰ ਦਾ ਸ਼ੁਕਰਾਨਾ ਕੀਤਾ ਤੇ ਕਾਰ ਜੰਡਿਆਲਾ ਸ਼ੇਰ ਖ਼ਾਂ ਵੱਲ ਮੋੜ ਲਈ।

ਪਿਛਲੀ ਵੇਰ ਦੀ ਤਰ੍ਹਾਂ ਵਾਰਿਸ ਸ਼ਾਹ ਦੀ ਮਜ਼ਾਰ 'ਤੇ ਅਕੀਦਤ ਪੇਸ਼ ਕਰਕੇ ਹੀਰ ਦਾ ਕਲਾਮ ਵੀ ਸੁਣਿਆ। ਬਾਹਰ ਬਣੀਆਂ ਦੁਕਾਨਾਂ ਤੋਂ ਅਸੀਂ ਯਾਦਗਾਰ ਲਈ ਚਾਦਰ ਵੀ ਖ਼ਰੀਦੀ। ਇੱਕ ਨਵੀਂ ਗੱਲ ਹੋਈ ਕਿ ਸਾਨੂੰ ਵਾਰਿਸ ਸ਼ਾਹ ਦਾ ਪੜਪੋਤਰਾ ਵੀ ਮਜ਼ਾਰ 'ਤੇ ਹੀ ਮਿਲ ਗਿਆ। ਉਸਨੇ ਸਾਨੂੰ ਦੱਸਿਆ ਕਿ ਵਾਰਸ ਸ਼ਾਹ ਦੀ ਹੱਥ ਲਿਖਤ (ਪਤਾ ਨਹੀਂ ਇਸ ਵਿੱਚ ਕਿੰਨੀ ਕੁ ਸੱਚਾਈ ਹੈ) ਵੀ ਉਸਦੇ ਘਰ ਵਿੱਚ ਸਾਂਭ ਕੇ ਰੱਖੀ ਹੋਈ ਹੈ। ਉਸਨੇ ਸਾਨੂੰ ਆਪਣਾ ਫ਼ੋਨ ਨੰਬਰ ਵੀ ਦਿੱਤਾ ਅਤੇ ਕਿਹਾ ਕਿ ਅਗਲੀ ਵੇਰ ਆਉ ਤਾਂ ਮੈਨੂੰ ਫ਼ੋਨ ਕਰ ਦੇਣਾ ਮੈਂ ਉਹ ਲਿਖਤ ਵੀ ਤੁਹਾਨੂੰ ਦਿਖਾਵਾਂਗਾ। ਮਲਿਕਾ ਹਾਂਸ ਵਿੱਚ ਸਾਨੂੰ ਦੱਸਿਆ ਗਿਆ ਸੀ ਕਿ ਉਸਦੀ ਕੋਈ ਹੱਥ ਲਿਖਤ ਨਹੀਂ ਸਾਂਭੀ ਗਈ, ਪਰ ਅਸੀਂ ਬਹਿਸ ਵਿੱਚ ਪੈਣਾ ਮੁਨਾਸਿਬ ਨਾ ਸਮਝਿਆ।

ਸਾਡਾ ਆਖ਼ਰੀ ਪੜਾਅ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇਖਣ ਦਾ ਸੀ। ਹੁਣ ਸ਼ਾਮ ਦਾ ਘੁਸਮੁਸਾ ਵੀ ਸ਼ੁਰੂ ਹੋ ਗਿਆ ਸੀ। ਸੋ ਅਸੀਂ ਕਾਹਲੀ ਨਾਲ਼ ਮਾਸਟਰ ਹੋਰਾਂ ਨੂੰ ਉਨ੍ਹਾਂ ਥਾਵਾਂ ਦੇ ਦਰਸ਼ਨ ਕਰਵਾਏ। ਹੁਣ ਅਸੀਂ ਥੱਕ ਵੀ ਗਏ ਸੀ ਤੇ ਆਪਣੇ ਆਰਜ਼ੀ ਆਲ੍ਹਣੇ ਵੱਲ ਚਾਲੇ ਪਾਏ।

–0–



ਕਾਲੇ ਕੱਪੜਿਆਂ 'ਚ ਵਾਰਿਸ ਸ਼ਾਹ ਦਾ ਪੜਪੋਤਰਾ ਅਤੇ ਨਾਲ ਵਾਲਾ ਨੌਜਵਾਨ ਹੀਰ ਦਾ ਕਲਾਮ ਗਾ ਕੇ ਸੁਣਾਉਂਦਾ ਹੋਇਆ

ਪਤੇ ਦੀ ਗੱਲ


ਡਾ. ਅਰਵਿੰਦਰ ਸਿੰਘ ਭੱਲਾ*
ਫੋਨ: +91-9463062603



# ਮਨੁੱਖੀ ਰਿਸ਼ਤੇ:ਜੀਵਨ ਦਾ ਸਰਮਾਇਆ

ਗੁਰੂਦੇਵ ਨੇ ਆਪਣੇ ਸ਼ਿਸ਼ ਨੂੰ ਫ਼ੁਰਮਾਇਆ ਕਿ ਇਨਸਾਨ ਆਪਣੀ ਹਯਾਤੀ ਦਾ ਸਫ਼ਰ ਤੈਅ ਕਰਦੇ ਹੋਏ ਕਈ ਵਾਰ ਮਹਿਜ਼ ਆਪਣੀ ਜ਼ਿੱਦ ਪੁਗਾਉਣ ਦੀ ਖ਼ਾਤਰ ਅਜਿਹੇ ਅਨੇਕਾਂ ਬੇਸ਼ਕੀਮਤੀ ਰਿਸ਼ਤਿਆਂ ਨੂੰ ਸਦਾ ਲਈ ਗੁਆ ਦਿੰਦਾ ਹੈ, ਜੋ ਦਰਅਸਲ ਉਸ ਦੀ ਜ਼ਿੰਦਗੀ ਦਾ ਸਰਮਾਇਆ ਹੁੰਦੇ ਹਨ। ਰਿਸ਼ਤਿਆਂ ਨੂੰ ਪੁਗਾਉਣ ਲਈ ਝੁਕਣਾ ਬੇਹੱਦ ਜ਼ਰੂਰੀ ਹੁੰਦਾ ਹੈ, ਪਰ ਲੋਕ ਅਕਸਰ ਆਪਣੀ ਝੂਠੀ ਅਨਾ ਯਾਨੀ ਸ਼ਾਨੋ-ਸ਼ੌਕਤ/ਅਹੰਕਾਰ ਦੇ ਓਹਲੇ ਬਹੁਤ ਸਾਰੇ ਮਨੁੱਖੀ ਰਿਸ਼ਤਿਆਂ ਨੂੰ ਸਹਿਕਦੇ ਹੋਏ ਛੱਡ ਕੇ ਨਵੇਂ ਰਿਸ਼ਤਿਆਂ ਨੂੰ ਗੰਢਣ ਦੀ ਕੋਸ਼ਿਸ਼ ਵਿੱਚ ਕਈ ਵਾਰ ਉਮਰ ਭਰ ਦੇ ਹੇਰਵਿਆਂ ਨੂੰ ਆਪਣੀ ਝੋਲੀ ਪਵਾ ਲੈਂਦੇ ਹਨ। ਜੇ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਸਹਿਜੇ ਹੀ ਮਹਿਸੂਸ ਹੁੰਦਾ ਹੈ ਕਿ ਰਿਸ਼ਤੇ ਉਹ ਹੀ ਇਨਸਾਨ ਨਿਭਾਅ ਸਕਦਾ ਹੈ, ਜੋ ਬੁਲੰਦ ਕਿਰਦਾਰ ਰੱਖਦਾ ਹੋਵੇ, ਜਿਹੜਾ ਆਪਣੇ ਧੁਰ ਅੰਦਰੋਂ ਸੰਵੇਦਨਸ਼ੀਲ ਹੋਵੇ ਤੇ ਜਿਸ ਦਾ ਜ਼ਮੀਰ ਜ਼ਿੰਦਾ ਹੋਵੇ। ਕਮਜਰਫ, ਮੌਕਾਪ੍ਰਸਤ ਅਤੇ ਝੂਠੇ ਲੋਕ ਅਕਸਰ ਰਿਸ਼ਤਿਆਂ ਦੀ ਲਾਜ਼ ਨਹੀਂ ਰੱਖ ਪਾਉਂਦੇ ਹਨ। ਅਕਸਰ ਲੋਕ ਆਪਣੀਆਂ ਨਿਗੁਣੀਆਂ ਜਿਹੀਆਂ ਗਰਜ਼ਾਂ ਅਤੇ ਬਹੁਤ ਹੀ ਸਤਹੀ ਪੱਧਰ ਦੇ ਸਰੋਕਾਰਾਂ ਨੂੰ ਮੁੱਖ ਰੱਖਦਿਆਂ ਕਿਸੇ ਨਾਲ ਆਪਣੇ ਰਿਸ਼ਤਿਆਂ-ਨਾਤਿਆਂ ਨੂੰ ਨਿਰਧਾਰਤ ਕਰਦੇ ਹਨ। ਮੋਹ, ਪਿਆਰ ਅਤੇ ਆਪਣੇਪਣ ਦੇ ਅਹਿਸਾਸ ਤੋਂ ਸੱਖਣੇ ਰਿਸ਼ਤੇ ਜਿੱਥੇ ਬਹੁਤ ਜਲਦ ਦਮ ਤੋੜ ਦਿੰਦੇ ਹਨ, ਉਥੇ ਰੂਹਾਂ ਦੇ ਰਿਸ਼ਤੇ ਬੇਸ਼ੁਮਾਰ ਅਗਨੀ ਪ੍ਰੀਖਿਆਵਾਂ ਵਿੱਚੋਂ ਗੁਜ਼ਰ ਕੇ ਵੀ ਜ਼ਿੰਦਗੀ ਨੂੰ ਭਰਪੂਰ ਤਰੀਕੇ ਨਾਲ ਜਿਉਣ ਯੋਗ ਬਣਾਉਣ ਵਿੱਚ ਮਰਕਜ਼ੀ ਕਿਰਦਾਰ ਨਿਭਾਉਂਦੇ ਹਨ।

ਗੁਰੂਦੇਵ ਨੇ ਆਪਣੇ ਸ਼ਿਸ਼ ਨੂੰ ਇਹ ਵੀ ਫ਼ੁਰਮਾਇਆ ਕਿ ਰਿਸ਼ਤਿਆਂ ਨੂੰ ਨਿਭਾਉਣ ਦਾ ਸਫ਼ਰ ਆਪਣੇ ਵੱਲੋਂ ਸ਼ਰਤਾਂ ਨਿਰਧਾਰਤ ਕਰਕੇ ਕਦੇ ਵੀ ਆਪਣੀ ਮੰਜ਼ਿਲ ਵੱਲ ਅੱਗੇ ਨਹੀਂ ਵਧ ਪਾਉਂਦਾ ਹੈ। ਨਫ਼ੇ-ਨੁਕਸਾਨ ਦੇ ਸਮੀਕਰਨਾਂ ਵਿੱਚ ਉਲਝੇ ਰਿਸ਼ਤੇ ਬਹੁਤ ਜਲਦ ਹੀ ਨੀਰਸ ਅਤੇ ਬੋਝਲ ਜਿਹੇ ਮਹਿਸੂਸ ਹੋਣ ਲੱਗਦੇ ਹਨ। ਜਦੋਂ ਅਸੀਂ ਨਫ਼ਾਸਤ, ਸ਼ਰਾਫਤ ਅਤੇ ਆਪਣੇ ਭੋਲੇਪਣ ਨੂੰ ਤਿਆਗ ਕੇ ਇੱਕ-ਦੂਜੇ ਨਾਲ ਵਾਬਸਤਾ ਸੰਬੰਧਾਂ ਵਿੱਚੋਂ ਕੁਝ ਕੱਢਣ-ਪਾਉਣ ਦੀ ਮਨਸ਼ਾ ਨਾਲ ਆਪਣੀ ਪਸੰਦ ਦਾ ਮਨੁੱਖੀ ਰਿਸ਼ਤਿਆਂ ਦਾ ਸੰਸਾਰ ਸਿਰਜਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਤਾਂ ਠੀਕ ਉਸੇ ਸਮੇਂ ਕਿਤੇ ਨਾ ਕਿਤੇ ਅਸੀਂ ਕਿਸੇ ਨਾ ਕਿਸੇ ਨਾਲ ਦਗਾ ਕਮਾ ਰਹੇ ਹੁੰਦੇ ਹਾਂ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਖੁਸ਼ਗਵਾਰ ਅਤੇ ਨਾਗਵਾਰ ਰਿਸ਼ਤੇ ਜ਼ਿੰਦਗੀ ਦਾ ਚਿਹਰਾ-ਮੋਹਰਾ ਜਾਂ ਸਮੁੱਚਾ ਮੁਹਾਂਦਰਾ ਹੀ ਬਦਲ ਦਿੰਦੇ ਹਨ। ਇੱਕ-ਦੂਜੇ ਨਾਲ ਜੁੜੀਆਂ ਖੱਟੀਆਂ-ਮਿੱਠੀਆਂ ਯਾਦਾਂ ਦੇ ਝਰੋਖੇ ਵਿੱਚੋਂ ਜ਼ਿੰਦਗੀ ਦੇ ਅਨੇਕਾਂ ਪਹਿਲੂਆਂ, ਰੰਗਾਂ ਅਤੇ ਨਕਸ਼ਾਂ ਬਾਰੇ ਸਾਡੀ ਸਮਝ ਪਰਪੱਕ ਹੁੰਦੀ ਹੈ। ਜ਼ਿੰਦਗੀ ਦੇ ਸਾਰੇ ਗਿਆਨ ਸ਼ਾਸਤਰ ਜਾਂ ਦਰਸ਼ਨ ਸ਼ਾਸਤਰ ਦੀ ਸਮਝ ਉਸ ਸਮੇਂ ਤੱਕ ਅਧੂਰੀ ਹੁੰਦੀ ਹੈ, ਜਦੋਂ ਤੱਕ ਅਸੀਂ ਅਹਿਸਾਸਾਂ ਦੇ ਕੋਮਲ ਰਿਸ਼ਤਿਆਂ ਨੂੰ ਹਰ ਹੀਲੇ ਸਲਾਮਤ ਰੱਖਣ ਦਾ ਹੁਨਰ ਸਿੱਖਣ ਵਿੱਚ ਮੁਹਾਰਤ ਹਾਸਲ ਨਹੀਂ ਕਰ ਲੈਂਦੇ ਹਾਂ। ਇਨਸਾਨੀ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਮਹਿਫੂਜ਼ ਰੱਖਣ ਅਤੇ ਰਿਸ਼ਤਿਆਂ ਦੀ ਬੇਹੁਰਮਤੀ ਹੋਣ ਤੋਂ ਰੋਕਣ ਲਈ ਇਹ ਵੀ ਬੇਹੱਦ ਜ਼ਰੂਰੀ ਹੈ ਕਿ ਇੱਕ-ਦੂਜੇ ਨਾਲ ਮਿਲਦਿਆਂ-ਵਰਤਦਿਆਂ ਅਸੀਂ ਇੱਕ-ਦੂਜੇ ਦੀਆਂ ਭਾਵਨਾਵਾਂ ਅਤੇ ਵਿਚਾਰਾਂ ਦਾ ਸਤਿਕਾਰ ਕਰਨਾ ਆਪਣੀ ਜੀਵਨ ਸ਼ੈਲੀ ਦਾ ਅਨਿਖੜਵਾਂ ਅੰਗ ਬਣਾਉਣ ਦਾ ਉਪਰਾਲਾ ਕਰੀਏ।



ਗੁਰੂਦੇਵ ਨੇ ਆਪਣੇ ਸ਼ਿਸ਼ ਨੂੰ ਇਹ ਹਦਾਇਤ ਕੀਤੀ ਕਿ ਹਾਲਾਤ ਜਾਂ ਪ੍ਰਸਥਿਤੀਆਂ ਭਾਵੇਂ ਕਿਸੇ ਵੀ ਤਰ੍ਹਾਂ ਦੀਆਂ ਕਿਉਂ ਨਾ ਹੋਣ, ਫਿਰ ਵੀ ਇੱਕ-ਦੂਜੇ ਨਾਲ ਜੁੜੇ ਆਪਣੇ ਰਿਸ਼ਤਿਆਂ ਦੇ ਬੁਨਿਆਦੀ ਤਕਾਜ਼ੇ ਸਾਨੂੰ ਹਮੇਸ਼ਾ ਪੂਰੇ ਕਰਨ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਪੁਰਸਕੂਨ ਜ਼ਿੰਦਗੀ ਬਿਤਾਉਣ ਲਈ ਵੀ ਇਹ ਲਾਜ਼ਮੀ ਹੈ ਕਿ ਮਨੁੱਖ ਰਿਸ਼ਤਿਆਂ ਦੇ ਸੰਸਾਰ ਨੂੰ ਗੰਧਲਾ ਨਾ ਕਰੇ। ਜੋ ਲੋਕ ਆਪਣੇ ਧੁਰ ਅੰਦਰੋਂ ਦੂਸਰਿਆਂ ਦਾ ਸਤਿਕਾਰ ਕਰਨਾ ਜਾਣਦੇ ਹਨ, ਉਨ੍ਹਾਂ ਦੇ ਦੂਜਿਆਂ ਨਾਲ ਹਮੇਸ਼ਾ ਬਹੁਤ ਗੂੜ੍ਹੇ ਅਤੇ ਨਿੱਘੇ ਸੰਬੰਧ ਕਾਇਮ ਰਹਿੰਦੇ ਹਨ। ਬੇਸ਼ੱਕ ਸਵੈਮਾਣ ਦੀ ਕੀਮਤ ਅਦਾ ਕਰਕੇ ਕੋਈ ਵੀ ਰਿਸ਼ਤਾ ਕਦੇ ਕਾਇਮ ਰੱਖਣਾ ਹਰਗਿਜ਼ ਉਚਿਤ ਨਹੀਂ ਹੁੰਦਾ, ਪਰ ਛੋਟੀਆਂ-ਛੋਟੀਆਂ ਗੱਲਾਂ ਨੂੰ ਸਵੈਮਾਣ ਦਾ ਮਸਲਾ ਬਣਾ ਕੇ ਵੀ ਮਨੁੱਖੀ ਰਿਸ਼ਤਿਆਂ ਦੀ ਸੂਖਮ ਤੰਦਾਂ ਨੂੰ ਬੇਸਮਝੀ ਵਿੱਚ ਤੋੜਨਾ ਜਾਇਜ਼ ਨਹੀਂ ਹੁੰਦਾ। ਭੂਗੋਲਿਕ ਦੂਰੀਆਂ ਜਾਂ ਫਿਰ ਸਮੇਂ ਦਾ ਹੇਰ-ਫੇਰ ਦਿਲ ਦੇ ਕਰੀਬੀ ਰਿਸ਼ਤਿਆਂ ਦੀ ਨੁਹਾਰ ਨੂੰ ਨਹੀਂ ਬਦਲਦਾ।

ਜੇ ਦੇਖਿਆ ਜਾਵੇ ਤਾਂ ਮਨੁੱਖੀ ਰਿਸ਼ਤਿਆਂ ਦਾ ਸਰੂਪ ਇਸ ਗੱਲ ਉੱਤੇ ਵੀ ਵਧੇਰੇ ਨਿਰਭਰ ਕਰਦਾ ਹੈ ਕਿ ਵੱਖ-ਵੱਖ ਧਿਰਾਂ ਵੱਲੋਂ ਕਿੰਨੀਂ ਕੁ ਸ਼ਿੱਦਤ ਅਤੇ ਗਰਮਜੋਸ਼ੀ ਨਾਲ ਰਿਸ਼ਤੇ ਨਿਭਾਏ ਜਾ ਰਹੇ ਹਨ। ਜੇ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਵੀ ਸਪਸ਼ੱਟ ਹੋ ਜਾਂਦਾ ਹੈ ਕਿ ਅਸਲ ਵਿੱਚ ਦਿਲਾਂ ਨੂੰ ਦਿਲਾਂ ਨਾਲ ਸਾਂਝ ਹੁੰਦੀ ਹੈ, ਇਸ ਗੱਲ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਕਿ ਕੋਈ ਕਿੱਥੇ ਬੈਠਾ ਤਹਾਨੂੰ ਯਾਦ ਕਰ ਰਿਹਾ ਹੈ ਜਾਂ ਤੁਹਾਡੇ ਬਾਰੇ ਫ਼ਿਕਰਮੰਦ ਹੈ। ਰਿਸ਼ਤਿਆਂ ਦਾ ਸ਼ਬਦਕੋਸ਼ ਜਾਂ ਰਿਸ਼ਤਿਆਂ ਦਾ ਵਿਆਕਰਨ ਅਸਲ ਵਿੱਚ ਬਿਲਕੁਲ ਹੀ ਅਲੱਗ ਤਰ੍ਹਾਂ ਦਾ ਹੁੰਦਾ ਹੈ। ਇੱਥੇ ਅਨੇਕਾਂ ਵਾਰ ਇਨਸਾਨ ਰਿਸ਼ਤਿਆਂ ਦੀ ਬਿਸਾਤ ਉੱਪਰ ਸਭ ਕੁਝ ਹਾਰ ਕੇ ਵੀ ਜਿੱਤ ਜਾਂਦਾ ਹੈ ਅਤੇ ਕਈ ਵਾਰ ਸਭ ਕੁਝ ਜਿੱਤ ਜਾਣ ਦਾ ਜਸ਼ਨ ਮਨਾਉਣ ਮਗਰੋਂ ਵੀ ਖ਼ੁਦ ਨੂੰ ਹਾਰਿਆ ਹੋਇਆ ਮਹਿਸੂਸ ਕਰਦਾ ਹੈ।

ਗੁਰੂਦੇਵ ਨੇ ਅਖ਼ੀਰ ਵਿੱਚ ਫ਼ੁਰਮਾਇਆ ਕਿ ਮਨੁੱਖ ਦਾ ਮਨ ਬਹੁਤ ਚੰਚਲ ਹੁੰਦਾ ਹੈ। ਉਹ ਭਾਵਨਾਵਾਂ ਦੇ ਵਹਿਣ ਵਿੱਚ ਵਹਿ ਕੇ ਕਈ ਵਾਰ ਉਮਰ ਭਰ ਦੇ ਰਿਸ਼ਤਿਆਂ ਨੂੰ ਤਾਰ-ਤਾਰ ਕਰ ਲੈਂਦਾ ਹੈ। ਮਨੁੱਖ ਨੂੰ ਇਹ ਸਮਝਣ ਦੀ ਬੇਹੱਦ ਲੋੜ ਹੈ ਕਿ ਇਹ ਮਨੁੱਖੀ ਰਿਸ਼ਤਿਆਂ ਦਾ ਤਾਣ-ਬਾਣਾ ਹੀ ਦਰਅਸਲ ਜ਼ਿੰਦਗੀ ਵਿੱਚ ਚਾਅ, ਖੇੜਾ, ਉਤਸ਼ਾਹ ਅਤੇ ਉਮਾਹ ਪੈਦਾ ਕਰਦਾ ਹੈ। ਇੱਕਲਿਆਂ ਜ਼ਿੰਦਗੀ ਦਾ ਦੁਸ਼ਵਾਰ ਪੈਂਡਾ ਤੈਅ ਕਰਨਾ ਸੰਭਵ ਨਹੀਂ ਹੁੰਦਾ ਹੈ। ਰਿਸ਼ਤਿਆਂ ਦੇ ਆਪੋ-ਆਪਣੇ ਨਾਮ ਅਤੇ ਆਪੋ-ਆਪਣੀਆਂ ਮਰਿਆਦਾਵਾਂ ਹੁੰਦੀਆਂ ਹਨ। ਉਨ੍ਹਾਂ ਮਰਿਆਦਾਵਾਂ ਦੇ ਭੰਗ ਹੋਣ ਨਾਲ ਰਿਸ਼ਤਿਆਂ ਵਿੱਚ ਤਰੇੜਾਂ ਨਜ਼ਰ ਆਉਣ ਲੱਗ ਪੈਂਦੀਆਂ ਹਨ। ਇਨ੍ਹਾਂ ਮਨੁੱਖੀ ਰਿਸ਼ਤਿਆਂ ਦੇ ਸੰਸਾਰ ਅੰਦਰ ਮਨੁੱਖ ਪਰਸਪਰ ਸਤਿਕਾਰ, ਸਹਿਯੋਗ, ਸਹਿਚਾਰ ਅਤੇ ਸੰਵਾਦ ਦੇ ਰਸਤੇ ਨੂੰ ਅਪਣਾ ਕੇ ਜ਼ਿੰਦਗੀ ਨੂੰ ਬਹੁਤ ਸਰਲ, ਸੁਖ਼ਦ ਅਤੇ ਸਹਿਜ ਸੁਭਾਅ ਗੁਜ਼ਾਰ ਸਕਦਾ ਹੈ। ਜਦੋਂ ਕਦੇ ਮਨੁੱਖ ਈਰਖਾ, ਲਾਲਚ, ਫ਼ਰੇਬ ਅਤੇ ਹੰਕਾਰ ਦੀ ਗ੍ਰਿਫ਼ਤ ਵਿੱਚ ਜਕੜਿਆ ਜਾਂਦਾ ਹੈ ਤਾਂ ਲੋਕਾਂ ਦੀ ਭੀੜ ਵਿੱਚ ਵੀ ਉਹ ਅਲੱਗ-ਥਲੱਗ ਹੋ ਜਾਂਦਾ ਹੈ। ਰਿਸ਼ਤੇ ਸਤਿਕਾਰ ਅਤੇ ਤਵੱਜੋ ਦੀ ਮੰਗ ਕਰਦੇ ਹਨ। ਲਿਹਾਜ਼ਾ ਰੋਜ਼ਮੱਰ੍ਹਾ ਦੀ ਜ਼ਿੰਦਗੀ ਦੀ ਦੌੜ-ਭੱਜ ਵਿੱਚ ਆਪਣਿਆਂ ਤੋਂ ਜਾਣ-ਬੁੱਝ ਕੇ ਮੂੰਹ ਫੇਰਨ ਜਾਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਦੀ ਭੁੱਲ ਕਦੇ ਨਾ ਕਰੋ। ਯਾਦ ਰੱਖੋ! ਇਹ ਮਨੁੱਖੀ ਰਿਸ਼ਤੇ ਹੀ ਦਰਅਸਲ ਤੁਹਾਡੀ ਜ਼ਿੰਦਗੀ ਦੀ ਅਸਲ ਕਮਾਈ ਹਨ।

---

*ਪ੍ਰਿੰਸੀਪਲ ਗੁਰੂ ਨਾਨਕ ਖਾਲਸਾ ਕਾਲਜ,
ਯਮੁਨਾ ਨਗਰ (ਹਰਿਆਣਾ)

ਸੰਸਾਰ ਭਰ ਦੇ ਆਰਥਿਕ ਮਾਡਲਾਂ ‘ਤੇ ਗੰਭੀਰ ਸਵਾਲ

# ਚਮਕਦੇ-ਦਮਕਦੇ ਸੰਸਾਰ ਦੇ ਪਿੱਛੇ ਲੁਕਿਆ .ਗਰੀਬੀ ਦਾ ਹਨੇਰਾ

ਕਮਲ ਦੁਸਾਂਝ

ਦੁਨੀਆ ਦੀ ਆਰਥਿਕਤਾ ਅੱਜ ਅਜਿਹੇ ਮੋੜ ‘ਤੇ ਖੜੀ ਹੈ, ਜਿੱਥੇ ਇੱਕ ਪਾਸੇ ਅਮੀਰੀ ਦੇ ਨਵੇਂ ਰਿਕਾਰਡ ਬਣ ਰਹੇ ਹਨ ਤੇ ਦੂਜੇ ਪਾਸੇ ਗਰੀਬੀ ਦੀ ਖਾਈ ਹੋਰ ਡੂੰਘੀ ਹੁੰਦੀ ਜਾ ਰਹੀ ਹੈ। ਗਰੀਬੀ ਵਿਰੋਧੀ ਸੰਸਥਾ ‘ਔਕਸਫੈ’ ਵੱਲੋਂ ਜਾਰੀ ਕੀਤੀ ਤਾਜ਼ਾ ਰਿਪੋਰਟ ਨੇ ਇਸ ਸੰਸਾਰ ਸੰਕਟ ਨੂੰ ਸਪੱਸ਼ਟ ਰੂਪ ਵਿੱਚ ਸਾਹਮਣੇ ਰੱਖ ਦਿੱਤਾ ਹੈ। ਇਹ ਰਿਪੋਰਟ ‘ਵਰਲਡ ਇਕਨਾਮਿਕ ਫੋਰਮ’ ਦੇ ਦਾਵੋਸ ਵਿੱਚ ਹੋਏ ਉਦਘਾਟਨੀ ਸੈਸ਼ਨ ਮੌਕੇ ਜਾਰੀ ਕੀਤੀ ਗਈ, ਜਿਸ ਨੇ ਸੰਸਾਰ ਭਰ ਦੇ ਆਰਥਿਕ ਮਾਡਲਾਂ ‘ਤੇ ਗੰਭੀਰ ਸਵਾਲ ਖੜੇ ਕੀਤੇ ਹਨ।

**ਅਮੀਰੀ ਦੇ ਨਵੇਂ ਰਿਕਾਰਡ:** ਰਿਪੋਰਟ ਅਨੁਸਾਰ ਦੁਨੀਆ ਦੇ ਅਰਬਪਤੀਆਂ ਦੀ ਦੌਲਤ ਵਿੱਚ ਬੇਮਿਸਾਲ ਵਾਧਾ ਹੋਇਆ ਹੈ। 2025 ਦੇ ਅਖੀਰ ਤੱਕ ਇਹ ਦੌਲਤ ਲਗਭਗ 18.3 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਈ ਹੈ, ਜੋ ਪਿਛਲੇ ਕੁਝ ਸਾਲਾਂ ਵਿੱਚ 81 ਫੀਸਦੀ ਦੇ ਵਾਧੇ ਨੂੰ ਦਰਸਾਉਂਦੀ ਹੈ। ਸਿਰਫ਼ ਇੱਕ ਸਾਲ ਵਿੱਚ ਹੀ 2.5 ਟ੍ਰਿਲੀਅਨ ਡਾਲਰ ਦਾ ਵਾਧਾ ਹੋਣਾ ਇਸ ਗੱਲ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਧਨ ਕਿੰਨੀ ਤੇਜ਼ੀ ਨਾਲ ਕੁਝ ਕੁ ਹੱਥਾਂ ਵਿੱਚ ਹੀ ਕੇਂਦਰਿਤ ਹੋ ਰਿਹਾ ਹੈ। ਇਹ ਅੰਕੜੇ ਹੋਰ ਵੀ ਹੈਰਾਨ ਕਰਦੇ ਹਨ, ਜਦੋਂ ਪਤਾ ਲੱਗਦਾ ਹੈ ਕਿ ਇਹ ਵਾਧਾ ਦੁਨੀਆ ਦੇ ਸਭ ਤੋਂ ਗਰੀਬ 4.1 ਅਰਬ ਲੋਕਾਂ ਦੀ ਕੁੱਲ ਦੌਲਤ ਦੇ ਬਰਾਬਰ ਹੈ। ਇਸ ਤੋਂ ਸਾਫ਼ ਹੈ ਕਿ ਆਰਥਿਕ ਤਰੱਕੀ ਦਾ ਲਾਭ ਇਕਸਾਰ ਤੌਰ ‘ਤੇ ਨਹੀਂ ਵੰਡਿਆ ਜਾ ਰਿਹਾ।

**ਭੁੱਖ ਅਤੇ ਗਰੀਬੀ ਦੀ ਤਲਖ਼ ਹਕੀਕਤ:** ਜਦੋਂ ਅਮੀਰ ਵਰਗ ਨਵੇਂ ਰਿਕਾਰਡ ਬਣਾ ਰਿਹਾ ਹੈ, ਉਸੇ ਸਮੇਂ ਦੁਨੀਆ ਦਾ ਇੱਕ ਵੱਡਾ ਹਿੱਸਾ ਰੋਜ਼ਾਨਾ ਜੀਵਨ ਦੀਆਂ ਬੁਨਿਆਦੀ ਜ਼ਰੂਰਤਾਂ ਲਈ ਸੰਘਰਸ਼ ਕਰ ਰਿਹਾ ਹੈ। ਰਿਪੋਰਟ ਦੱਸਦੀ ਹੈ ਕਿ ਹਰ ਚੌਥਾ ਵਿਅਕਤੀ ਦੋ ਵਕਤ ਦੇ ਖਾਣ-ਪੀਣ ਲਈ ਵੀ ਮੁਸ਼ਕਲਾਂ ਦਾ ਸਾਹਮਣਾ ਕਰਦਾ ਹੈ। ਲਗਭਗ ਅੱਧੀ ਦੁਨੀਆ ਦੀ ਆਬਾਦੀ ਗਰੀਬੀ ਵਿੱਚ ਜੀਵਨ ਬਤੀਤ ਕਰ ਰਹੀ ਹੈ। ਇਹ ਹਾਲਾਤ ਸਿਰਫ਼ ਆਰਥਿਕ ਨਹੀਂ, ਸਗੋਂ ਮਨੁੱਖੀ ਮਰਿਆਦਾ ਨਾਲ ਜੁੜੇ ਮਸਲੇ ਹਨ। ਜਿੱਥੇ ਇੱਕ ਪਾਸੇ ਕੁਝ ਲੋਕਾਂ ਕੋਲ ਬੇਹਿਸਾਬ ਦੌਲਤ ਹੈ, ਉੱਥੇ ਦੂਜੇ ਪਾਸੇ ਕਰੋੜਾਂ ਲੋਕ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਤੋਂ ਵੀ ਵਾਂਝੇ ਹਨ।

**ਧਨ ਨਾ.ਲ ਸੱਤਾ ਦਾ ਕੇਂਦਰੀਕਰਨ:** ਰਿਪੋਰਟ ਦਾ ਇੱਕ ਹੋਰ ਮਹੱਤਵਪੂਰਨ ਪੱਖ ਇਹ ਹੈ ਕਿ ਦੌਲਤ ਦੇ ਨਾ.ਲ ਨਾ.ਲ ਸਿਆਸੀ ਤਾਕਤ ਵੀ ਕੁਝ ਹੀ ਲੋਕਾਂ ਕੋਲ ਕੇਂਦਰਿਤ ਹੋ ਰਹੀ ਹੈ। ਅਰਬਪਤੀਆਂ ਲਈ ਸਿਆਸੀ ਅਤੇ ਸੱਤਾ ਦੇ ਅਹੁਦੇ ਹਾਸਲ ਕਰਨ ਦੀ ਸੰਭਾਵਨਾ ਆਮ ਲੋਕਾਂ ਨਾਲੋਂ ਲਗਭਗ 4000 ਗੁਣਾ ਵੱਧ ਹੈ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਨੀਤੀਆਂ ਆਮ ਜਨਤਾ ਦੀ ਭਲਾਈ ਦੀ ਬਜਾਏ ਅਮੀਰ ਵਰਗ ਦੇ ਹਿਤਾਂ ਅਨੁਸਾਰ ਬਣਨ ਲੱਗਦੀਆਂ ਹਨ। ਲੋਕਤੰਤਰ ਦੀ ਜੜ੍ਹ ਹੀ ਇਸ ਗੱਲ ’ਤੇ ਟਿਕੀ ਹੁੰਦੀ ਹੈ ਕਿ ਹਰ ਆਵਾਜ਼ ਨੂੰ ਬਰਾਬਰ ਮਹੱਤਵ ਮਿਲੇ, ਪਰ ਜਦੋਂ ਸੱਤਾ ਕੁਝ ਹੱਥਾਂ ਵਿੱਚ ਸਿਮਟ ਜਾਵੇ, ਤਾਂ ਇਹ ਸੰਤੁਲਨ ਟੁੱਟ ਜਾਂਦਾ ਹੈ।

**ਨੀਤੀਆਂ ਅਤੇ ਕਾਰਪੋਰੇਟ ਪ੍ਰਭਾਵ:** ‘ਔਕਸਫੈਮ’ ਨੇ ਇਸ ਵਾਧੇ ਦੇ ਪਿੱਛੇ ਕੁਝ ਨੀਤੀਗਤ ਕਾਰਨਾਂ ਨੂੰ ਵੀ ਦਰਸਾਇਆ ਹੈ। ਟੈਕਸ ਵਿੱਚ ਕਟੌਤੀਆਂ, ਬਹੁ-ਕੌਮੀ ਕੰਪਨੀਆਂ ਨੂੰ ਦਿੱਤੀ ਜਾ ਰਹੀ ਛੋਟ ਅਤੇ ਬੇਹਿਸਾਬ ਦੌਲਤ ’ਤੇ ਢਿੱਲੇ ਨਿਯਮ ਇਸ ਦੇ ਮੁੱਖ ਕਾਰਨ ਹਨ। ਰਿਪੋਰਟ ਵਿੱਚ ਖ਼ਾਸ ਤੌਰ ’ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀਆਂ ਨੀਤੀਆਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਨੇ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਹੀ ਲਾਭ ਪਹੁੰਚਾਇਆ।

**ਆਰਟੀਫ਼ਿਸ਼ਲ ਇੰਟੈਲੀਜੈਂਸ ਅਤੇ ਨਵੀਂ ਅਮੀਰੀ:** ਟੈਕਨਾਲੋਜੀ ਦੇ ਖੇਤਰ, ਖ਼ਾਸ ਕਰਕੇ ਆਰਟੀਫ਼ਿਸ਼ਲ ਇੰਟੈਲੀਜੈਂਸ, ਨੇ ਵੀ ਅਮੀਰੀ ਦੇ ਵਾਧੇ ਵਿੱਚ ਵੱਡਾ ਯੋਗਦਾਨ ਪਾਇਆ ਹੈ। ਨਵੀਆਂ ਟੈਕ ਕੰਪਨੀਆਂ ਦੀ ਕੀਮਤ ਵਿੱਚ ਤੇਜ਼ੀ ਨਾਲ ਵਾਧਾ ਹੋਣ ਕਾਰਨ ਪਹਿਲਾਂ ਹੀ ਅਮੀਰ ਨਿਵੇਸ਼ਕਾਂ ਨੂੰ ਹੋਰ ਵੱਡੇ ਮੁਨਾਫ਼ੇ ਮਿਲੇ ਹਨ। ਇਸ ਨਾਲ ਆਰਥਿਕ ਗ਼ੈਰ-ਬਰਾਬਰੀ ਹੋਰ ਵੀ ਵਧੀ ਹੈ।

ਮੀਡੀਆ ’ਤੇ ਵੀ ਅਰਬਪਤੀਆਂ ਦੀ ਪਕੜ: ਰਿਪੋਰਟ ਦਾ ਇੱਕ ਚਿੰਤਾਜਨਕ ਪੱਖ ਇਹ ਵੀ ਹੈ ਕਿ ਦੁਨੀਆ ਦੀਆਂ ਵੱਡੀਆਂ ਮੀਡੀਆ ਕੰਪਨੀਆਂ ‘ਤੇ ਵੀ ਅਰਬਪਤੀਆਂ ਦੀ ਪਕੜ ਵਧ ਰਹੀ ਹੈ। ਉਦਾਹਰਨ ਵਜੋਂ ਜੇਫ਼ ਬੇਜ਼ੋਸ, ਐਲਨ ਮਸਕ, ਪੈਟ੍ਰਿਕ ਸੂਨ-ਸ਼ਿਓਂਗ ਅਤੇ ਵਿੰਸੈਂਟ ਬੋਲੋਰੇ ਵਰਗੇ ਨਾਮ ਸਾਹਮਣੇ ਆਉਂਦੇ ਹਨ। ਮੀਡੀਆ ਲੋਕਤੰਤਰ ਦਾ ਅਹਿਮ ਥੰਮ ਮੰਨਿਆ ਜਾਂਦਾ ਹੈ। ਜੇਕਰ ਇਸ ’ਤੇ ਵੀ ਕੁਝ ਹੀ ਲੋਕਾਂ ਦਾ ਕਬਜ਼ਾ ਹੋਵੇ, ਤਾਂ ਜਾਣਕਾਰੀ ਦੀ ਆਜ਼ਾਦੀ ਅਤੇ ਨਿਰਪੱਖਤਾ ’ਤੇ ਅਸਰ ਪੈ ਸਕਦਾ ਹੈ।

**ਅਰਬਪਤੀਆਂ ਦੀ ਵਧਦੀ ਗਿਣਤੀ:** 2024 ਵਿੱਚ ਪਹਿਲੀ ਵਾਰ ਦੁਨੀਆ ਵਿੱਚ ਅਰਬਪਤੀਆਂ ਦੀ ਗਿਣਤੀ 3000 ਤੋਂ ਪਾਰ ਹੋ ਗਈ ਸੀ। ਇਸ ਵਿੱਚ ਸਭ ਤੋਂ ਅੱਗੇ ਐਲਨ ਮਸਕ ਦਾ ਨਾਮ ਆਉਂਦਾ ਹੈ, ਜੋ 500 ਅਰਬ ਡਾਲਰ ਤੋਂ ਵੱਧ ਦੌਲਤ ਵਾਲੇ ਪਹਿਲੇ ਵਿਅਕਤੀ ਬਣੇ। ਇਹ ਅੰਕੜੇ ਸਿਰਫ਼ ਨੰਬਰ ਨਹੀਂ, ਸਗੋਂ ਇਸ ਗੱਲ ਦਾ ਸੰਕੇਤ ਹਨ ਕਿ ਦੁਨੀਆ ਵਿੱਚ ਧਨ ਦੀ ਵੰਡ ਦੀ ਖਾਈ ਕਿੰਨੀ ਡੂੰਘੀ ਹੋ ਚੁੱਕੀ ਹੈ।




**ਚੇਤਾਵਨੀ ਅਤੇ ਸੰਭਾਵਿਤ ਖ਼ਤਰੇ:** ਔਕਸਫੈਮ ਦੇ ਕਾਰਜਕਾਰੀ ਡਾਇਰੈਕਟਰ ਅਮਿਤਾਭ ਬੇਹਰ ਨੇ ਚੇਤਾਵਨੀ ਦਿੱਤੀ ਹੈ ਕਿ ਅਮੀਰ ਅਤੇ ਗਰੀਬ ਵਿਚਕਾਰ ਵਧਦੀ ਖਾਈ ਲੋਕਤੰਤਰ ਲਈ ਖ਼ਤਰਨਾਕ ਹੈ। ਇਹ ਹਾਲਾਤ ਸਮਾਜਿਕ ਅਤੇ ਸਿਆਸੀ ਅਸਥਿਰਤਾ ਨੂੰ ਜਨਮ ਦੇ ਸਕਦੇ ਹਨ। ਉਨ੍ਹਾਂ ਦੇ ਸ਼ਬਦਾਂ ਵਿੱਚ, ਸਰਕਾਰਾਂ ਕਈ ਵਾਰ ਅਮੀਰ ਵਰਗ ਨੂੰ ਖੁਸ਼ ਕਰਨ ਲਈ ਗ਼ਲਤ ਫੈਸਲੇ ਲੈ ਰਹੀਆਂ ਹਨ, ਜਿਸ ਨਾਲ ਆਮ ਲੋਕਾਂ ਦਾ ਭਰੋਸਾ ਟੁੱਟ ਸਕਦਾ ਹੈ।

ਰਿਪੋਰਟ ਵਿੱਚ ਦਿੱਤੇ ਸੁਝਾਵਾਂ ਅਨੁਸਾਰ ਵੱਡੀ ਦੌਲਤ ‘ਤੇ ਉੱਚ ਅਤੇ ਪ੍ਰਗਤੀਸ਼ੀਲ ਟੈਕਸ ਲਗਾਇਆ ਜਾਵੇ, ਚੋਣ ਫੰਡਿੰਗ ਤੇ ਲੋਬਿੰਗ ਨੂੰ ਸਖ਼ਤੀ ਨਾ.ਲ ਕਾਬੂ ਕੀਤਾ ਜਾਵੇ, ਧਨ ਤੇ ਸਿਆਸਤ ਵਿਚਕਾਰ ਸਪਸ਼ਟ ਦੂਰੀ ਬਣਾਈ ਜਾਵੇ ਅਤੇ ਗਲੋਬਲ ਪੱਧਰ ’ਤੇ ਗ਼ੈਰ-ਬਰਾਬਰੀ ਘਟਾਉਣ ਲਈ ਵਿਗਿਆਨਕ ਢੰਗ ਦੀਆਂ ਯੋਜਨਾਵਾਂ ਲਾਗੂ ਕੀਤੀਆਂ ਜਾਣ। ਕੁਝ ਦੇਸ਼ਾਂ ਜਿਵੇਂ ਨਾਰਵੇ ਵਿੱਚ ਇਸ ਤਰ੍ਹਾਂ ਦੇ ਟੈਕਸ ਪਹਿਲਾਂ ਹੀ ਲਾਗੂ ਹਨ, ਜਦਕਿ ਬਰਤਾਨੀਆ, ਫਰਾਂਸ ਅਤੇ ਇਟਲੀ ਵਰਗੇ ਦੇਸ਼ ਵੀ ਇਸ ਦਿਸ਼ਾ ਵਿੱਚ ਸੋਚ ਰਹੇ ਹਨ।

**ਭਵਿੱਖ ਦੇ ਰਾਹ-ਰਸਤੇ:** ਅੱਜ ਦੀ ਦੁਨੀਆ ਵਿੱਚ ਇਹ ਮਸਲਾ ਸਿਰਫ਼ ਆਰਥਿਕ ਨਹੀਂ ਰਿਹਾ। ਇਹ ਲੋਕਤੰਤਰ, ਸਮਾਜਿਕ ਨਿਆਂ ਅਤੇ ਭਵਿੱਖ ਦੀ ਸਥਿਰਤਾ ਨਾਲ ਜੁੜ ਗਿਆ ਹੈ। ਜੇਕਰ ਗ਼ੈਰ-ਬਰਾਬਰੀ ਨੂੰ ਕਾਬੂ ਕਰਨ ਲਈ ਤੁਰੰਤ ਅਤੇ ਸਖ਼ਤ ਕਦਮ ਨਾ ਚੁੱਕੇ ਗਏ, ਤਾਂ ਇਹ ਖਾਈ ਹੋਰ ਵੀ ਵਧੇਗੀ।

ਔਕਸਫੈਮ ਦੀ ਇਹ ਰਿਪੋਰਟ ਸਾਫ਼ ਦਰਸਾਉਂਦੀ ਹੈ ਕਿ ਅਰਬਪਤੀਆਂ ਦੀ ਵਧਦੀ ਦੌਲਤ ਸਿਰਫ਼ ਇੱਕ ਆਰਥਿਕ ਘਟਨਾ ਨਹੀਂ, ਸਗੋਂ ਇੱਕ ਵੱਡਾ ਸਮਾਜਿਕ ਅਤੇ ਸਿਆਸੀ ਮਸਲਾ ਹੈ। ਜੇਕਰ ਮੌਜੂਦਾ ਰੁਝਾਨ ਜਾਰੀ ਰਹੇ, ਤਾਂ ਦੁਨੀਆ ਵਿੱਚ ਅਸਮਾਨਤਾ ਅਤੇ ਅਸਥਿਰਤਾ ਦੋਵੇਂ ਵਧਣਗੇ। ਇਸ ਲਈ ਲੋੜ ਹੈ ਇੱਕ ਐਸੀ ਵਿਵਸਥਾ ਦੀ, ਜੋ ਸਿਰਫ਼ ਕੁਝ ਲੋਕਾਂ ਲਈ ਨਹੀਂ, ਸਗੋਂ ਹਰ ਇੱਕ ਲਈ ਇਨਸਾਫ਼-ਪੂਰਕ ਅਤੇ ਸੰਤੁਲਿਤ ਹੋਵੇ। ਨਹੀਂ ਤਾਂ ਅਮੀਰੀ ਦੇ ਚਮਕਦੇ ਅੰਕੜਿਆਂ ਦੇ ਪਿੱਛੇ ਲੁਕਿਆ ਗ਼ਰੀਬੀ ਦਾ ਹਨੇਰਾ ਹੋਰ ਵੀ ਗਹਿਰਾ ਹੋ ਜਾਵੇਗਾ।

## ਤਰਜੀਹਾਂ

**ਡਾ. ਪੀ. ਐੱਸ. ਤਿਆਗੀ**
ਫੋਨ: +91-9855446519




# ਵਿਸ਼ਵ ਹੀਮੋਫਿਲੀਆ ਦਿਵਸ-2026 ਨਿਦਾਨ ਦੇਖਭਾਲ ਲਈ ਪਹਿਲਾ ਕਦਮ

ਦੁਨੀਆ ਭਰ ਵਿੱਚ ਸਮੇਂ-ਸਮੇਂ 'ਤੇ ਮਹੱਤਵਪੂਰਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦਿਨ ਮਨਾਏ ਜਾਂਦੇ ਹਨ। ਅਜਿਹੇ ਜਸ਼ਨ ਏਕਤਾ ਨੂੰ ਉਤਸ਼ਾਹਿਤ ਕਰਨ, ਵਿਸ਼ਵਵਿਆਪੀ ਮੁੱਦਿਆਂ 'ਤੇ ਜਨਤਾ ਨੂੰ ਸਿੱਖਿਅਤ ਕਰਨ ਅਤੇ ਸੱਭਿਆਚਾਰਕ ਜਾਂ ਇਤਿਹਾਸਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅੰਤਰਰਾਸ਼ਟਰੀ ਦਿਨ ਸੰਯੁਕਤ ਰਾਸ਼ਟਰ ਵਰਗੇ ਸੰਗਠਨਾਂ ਦੁਆਰਾ ਜਨਤਾ ਨੂੰ ਜ਼ਰੂਰੀ ਵਿਸ਼ਵਵਿਆਪੀ ਮੁੱਦਿਆਂ 'ਤੇ ਸਿੱਖਿਅਤ ਕਰਨ ਲਈ ਮਨੋਨੀਤ ਕੀਤੇ ਜਾਂਦੇ ਹਨ। ਇਹ ਸ਼ਾਂਤੀ, ਸਿਹਤ ਅਤੇ ਵਾਤਾਵਰਣ ਵਰਗੇ ਵਿਸ਼ਿਆਂ ਲਈ ਜਾਗਰੂਕਤਾ ਵਧਾਉਣ ਵਾਲੇ ਸਾਧਨਾਂ ਵਜੋਂ ਕੰਮ ਕਰਦੇ ਹਨ। ਵਿਸ਼ਵ ਹੀਮੋਫਿਲੀਆ ਦਿਵਸ (ਡਬਲਯੂ.ਐਫ.ਐਚ.) ਇੱਕ ਅਜਿਹਾ ਹੀ ਦਿਨ ਹੈ। ਹਰ ਸਾਲ ਦੁਨੀਆ ਭਰ ਵਿੱਚ ਲੱਖਾਂ ਲੋਕ ਖੂਨ ਵਹਿਣ ਦੀ ਇੱਕ ਬਿਮਾਰੀ ਨਾਲ ਜੀਉਂਦੇ ਹਨ, ਜਿਸ ਬਾਰੇ ਬਹੁਤਿਆਂ ਨੇ ਕਦੇ ਨਹੀਂ ਸੁਣਿਆ ਹੁੰਦਾ। ਪ੍ਰਭਾਵਿਤ ਵਿਅਕਤੀ ਇਸ ਗੱਲ ਤੋਂ ਅਣਜਾਣ ਰਹਿੰਦੇ ਹਨ ਕਿ ਉਨ੍ਹਾਂ ਦੇ ਨੀਲ ਪੈਣਾ, ਲੰਬੇ ਸਮੇਂ ਤੱਕ ਖੂਨ ਵਗਣਾ, ਜਾਂ ਜੋੜਾਂ ਵਿੱਚ ਦਰਦ ਇੱਕ ਅਜਿਹੀ ਸਥਿਤੀ ਵੱਲ ਇਸ਼ਾਰਾ ਕਰਦਾ ਹੈ, ਜਿਸਦਾ ਨਾਮ ਹੀਮੋਫਿਲੀਆ ਹੈ।

ਵਿਸ਼ਵ ਹੀਮੋਫਿਲੀਆ ਦਿਵਸ ਲੋਕਾਂ ਨੂੰ ਇਸ ਘੱਟ ਜਾਣੇ ਜਾਂਦੇ ਵਿਕਾਰ ਬਾਰੇ ਜਾਗਰੂਕ ਕਰਨ ਲਈ ਹੈ। ਇਹ ਦਿਵਸ ਹਰ ਸਾਲ 17 ਅਪਰੈਲ ਨੂੰ ਹੀਮੋਫਿਲੀਆ ਅਤੇ ਹੋਰ ਵਿਰਾਸਤੀ ਖੂਨ ਵਹਿਣ ਸੰਬੰਧੀ ਵਿਕਾਰਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਇੱਕ ਵਿਸ਼ਵਵਿਆਪੀ ਦਿਨ ਹੈ। ਇਸਦੀ ਸਥਾਪਨਾ ਵਰਲਡ ਫੈਡਰੇਸ਼ਨ ਆਫ ਹੀਮੋਫਿਲੀਆ ਦੁਆਰਾ ਕੀਤੀ ਗਈ ਸੀ ਅਤੇ ਪ੍ਰਭਾਵਿਤ ਲੋਕਾਂ ਲਈ ਨਿਦਾਨ, ਇਲਾਜ ਅਤੇ ਦੇਖਭਾਲ ਨੂੰ ਬਿਹਤਰ ਬਣਾਉਣ ਲਈ ਸਰਕਾਰਾਂ, ਸਿਹਤ ਸੰਭਾਲ ਪ੍ਰਦਾਤਾਵਾਂ ਅਤੇ ਭਾਈਚਾਰਿਆਂ ਲਈ ਕਾਰਵਾਈ ਕਰਨ ਦੇ ਸੱਦੇ ਵਜੋਂ ਕੰਮ ਕਰਦੀ ਹੈ। ਇਸ ਦਿਨ ਨੂੰ ਮਨਾਉਣ ਦੀ ਮਿਤੀ 17 ਅਪਰੈਲ ਵਰਲਡ ਫੈਡਰੇਸ਼ਨ ਆਫ ਹੀਮੋਫਿਲੀਆ ਦੇ ਸੰਸਥਾਪਕ ਫ੍ਰੈਂਕ ਸ਼ਨੈਬਲ ਦੇ ਜਨਮਦਿਨ ਦੇ ਸਨਮਾਨ ਲਈ ਚੁਣੀ ਗਈ ਸੀ, ਜਿਨ੍ਹਾਂ ਨੇ ਖੂਨ ਵਹਿਣ ਸੰਬੰਧੀ ਵਿਕਾਰਾਂ ਨਾਲ ਜੀਅ ਰਹੇ ਲੋਕਾਂ ਲਈ ਇੱਕ ਵਿਸ਼ਵਵਿਆਪੀ ਲਹਿਰ ਬਣਾਉਣ ਲਈ ਆਪਣਾ ਜੀਵਨ ਸਮਰਪਿਤ ਕੀਤਾ ਸੀ। ਵਿਸ਼ਵ ਹੀਮੋਫਿਲੀਆ ਦਿਵਸ 2026 ਦਾ ਥੀਮ 'ਨਿਦਾਨ: ਦੇਖਭਾਲ ਲਈ ਪਹਿਲਾ ਕਦਮ' ਹੈ। ਡਬਲਯੂ.ਐਫ.ਐਚ. ਦਾ ਅੰਦਾਜ਼ਾ ਹੈ ਕਿ ਦੁਨੀਆ ਭਰ ਵਿੱਚ ਹੀਮੋਫਿਲੀਆ ਨਾਲ ਰਹਿ ਰਹੇ 75% ਤੋਂ ਵੱਧ ਲੋਕਾਂ ਨੂੰ ਕਦੇ ਵੀ ਨਿਦਾਨ ਨਹੀਂ ਮਿਲਿਆ ਹੈ। ਬਿਨਾ ਕਿਸੇ ਨਿਦਾਨ ਦੇ, ਉਹ ਇਲਾਜ, ਸਹਾਇਤਾ ਜਾਂ ਦੇਖਭਾਲ ਤੱਕ ਪਹੁੰਚ ਨਹੀਂ ਕਰ ਸਕਦੇ। ਉਹ ਅਕਸਰ ਆਪਣੇ ਲੱਛਣਾਂ ਨੂੰ ਹੋਰ ਕਾਰਨਾਂ ਕਰਕੇ ਦੱਸ ਕੇ ਕਈ ਸਾਲ ਬਰਬਾਦ ਕਰਦੇ ਹਨ। ਇਹ ਥੀਮ ਸਿਹਤ ਸੰਭਾਲ ਪ੍ਰਣਾਲੀਆਂ, ਭਾਈਚਾਰਿਆਂ ਅਤੇ ਵਿਅਕਤੀਆਂ ਨੂੰ ਖੂਨ ਵਹਿਣ ਦੇ ਵਿਕਾਰ ਦੇ ਲੱਛਣਾਂ ਨੂੰ ਪਹਿਲਾਂ ਪਛਾਣਨ, ਡਾਇਗਨੌਸਟਿਕ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਹਿੰਦਾ ਹੈ ਕਿ ਨਿਦਾਨ ਦੇਖਭਾਲ ਯਾਤਰਾ ਦੀ ਸ਼ੁਰੂਆਤ ਹੈ, ਅੰਤ ਨਹੀਂ। ਇਸ ਦਿਨ ਦੀਆਂ ਪਰੰਪਰਾਵਾਂ ਵਿੱਚੋਂ ਇੱਕ 'ਲਾਈਟ ਇਟ ਅੱਪ ਰੈੱਡ' ਮੁਹਿੰਮ ਹੈ, ਜਿੱਥੇ ਖੂਨ ਵਹਿਣ ਵਾਲੇ ਵਿਕਾਰ ਭਾਈਚਾਰੇ ਨਾਲ ਏਕਤਾ ਦਿਖਾਉਣ ਲਈ ਦੁਨੀਆ ਭਰ ਦੇ ਪ੍ਰਤੀਕ ਸਥਾਨਾਂ ਨੂੰ ਲਾਲ ਰੰਗ ਵਿੱਚ ਰੋਸ਼ਨ ਕੀਤਾ ਜਾਂਦਾ ਹੈ। ਲਾਲ ਰੰਗ ਵਿਸ਼ਵ ਪੱਧਰ 'ਤੇ ਹੀਮੋਫਿਲੀਆ ਜਾਗਰੂਕਤਾ ਮੁਹਿੰਮ ਦੇ ਯਤਨਾਂ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਕ ਬਣ ਜਾਂਦਾ ਹੈ।

ਹੀਮੋਫਿਲੀਆ ਇੱਕ ਜੈਨੇਟਿਕ ਵਿਕਾਰ ਹੈ, ਜੋ ਮਨੁੱਖੀ ਇਤਿਹਾਸ ਵਿੱਚ ਵਿਅਕਤੀਆਂ ਦੇ ਡੀ.ਐਨ.ਏ. ਵਿੱਚ ਸਵੈ-ਇੱਛਾ ਨਾਲ ਜੈਨੇਟਿਕ ਪਰਿਵਰਤਨ ਦੁਆਰਾ ਉਤਪੰਨ ਹੋਇਆ ਹੈ; ਜਦੋਂ ਕਿ ਇਸ ਸਥਿਤੀ ਨੂੰ ਸਦੀਆਂ ਤੋਂ ਮਾਨਤਾ ਪ੍ਰਾਪਤ ਹੈ। ਇਹ 19ਵੀਂ ਅਤੇ 20ਵੀਂ ਸਦੀ ਵਿੱਚ ਮਹਾਰਾਣੀ ਵਿਕਟੋਰੀਆ ਦੇ ਵੰਸ਼ਜਾਂ ਵਿੱਚ ਪ੍ਰਚਲਿਤ ਹੋਣ ਕਾਰਨ 'ਸ਼ਾਹੀ ਬਿਮਾਰੀ' ਵਜੋਂ ਸਭ ਤੋਂ ਮਸ਼ਹੂਰ ਹੈ। ਜੇ ਅਸੀਂ ਹੀਮੋਫਿਲੀਆ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਖੂਨ ਵਹਿਣ ਦੇ ਵਿਕਾਰ ਬਹੁਤ ਪਹਿਲਾਂ ਮਿਸਰ ਦੇ ਸਮੇਂ ਵਿੱਚ ਦਰਜ ਕੀਤੇ ਗਏ ਸਨ। ਪ੍ਰਾਚੀਨ ਸਮੇਂ ਦੇ ਲੋਕਾਂ ਨੇ ਖੂਨ ਅਤੇ ਖੂਨ ਵਹਿਣ ਦੀਆਂ ਸਮੱਸਿਆਵਾਂ ਬਾਰੇ ਲਿਖਿਆ ਸੀ। ਪਹਿਲਾ ਆਧੁਨਿਕ ਵਰਣਨ 1803 ਵਿੱਚ ਡਾ. ਕੋਨਰਾਡ ਓਟੋ ਦੁਆਰਾ ਕੀਤਾ ਗਿਆ ਸੀ, ਜਿਸਨੇ ਮਰਦਾਂ ਨੂੰ ਪ੍ਰਭਾਵਿਤ ਕਰਨ ਵਾਲੀ ਵਿਰਾਸਤੀ ਖੂਨ ਵਹਿਣ ਦੀ ਸਥਿਤੀ ਦਾ ਵਰਣਨ ਕੀਤਾ ਸੀ, ਜਿਸਨੂੰ ਉਸਨੇ 'ਬਲੀਡਰ' ਕਿਹਾ। ਇਸ ਸਥਿਤੀ ਨੂੰ 1828 ਵਿੱਚ ਹੀਮੋਫਿਲੀਆ ਨਾਮ ਮਿਲਿਆ। ਹੀਮੋਫਿਲੀਆ ਨਾਮ ਯੂਨਾਨੀ ਸ਼ਬਦਾਂ 'ਹੈਮਾ' (ਜਿਸਦਾ ਅਰਥ ਹੈ 'ਖੂਨ') ਅਤੇ ਫਿਲੀਆ (ਜਿਸਦਾ ਅਰਥ ਹੈ 'ਪ੍ਰਵਿਰਤੀ') ਤੋਂ ਆਇਆ ਹੈ। ਸ਼ਾਬਦਿਕ ਅਰਥ ਹੈ- 'ਖੂਨ ਵਹਿਣ ਦੀ ਪ੍ਰਵਿਰਤੀ।'

1800 ਦੇ ਦਹਾਕੇ ਦੇ ਸ਼ੁਰੂ ਵਿੱਚ ਡਾਕਟਰੀ ਖੋਜਕਰਤਾਵਾਂ ਵਿੱਚ ਹੀਮੋਫਿਲੀਆ ਨੂੰ ਮਾਨਤਾ ਦਿੱਤੀ ਗਈ ਸੀ। ਹੀਮੋਫਿਲੀਆ ਨੂੰ ਅਕਸਰ 'ਸ਼ਾਹੀ ਬਿਮਾਰੀ' ਕਿਹਾ ਜਾਂਦਾ ਹੈ, ਕਿਉਂਕਿ ਇਹ 19ਵੀਂ ਅਤੇ 20ਵੀਂ ਸਦੀ ਵਿੱਚ ਯੂਰਪ ਦੇ ਸ਼ਾਹੀ ਪਰਿਵਾਰਾਂ ਰਾਹੀਂ ਵਿਰਾਸਤ ਵਿੱਚ ਆਈ ਸੀ। ਇਸਦੀ ਸ਼ੁਰੂਆਤ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਤੋਂ ਹੋਈ ਸੀ। ਉਹ ਖੁਦ ਹੀਮੋਫਿਲੀਆ ਤੋਂ ਪ੍ਰਭਾਵਿਤ ਨਹੀਂ ਸੀ, ਪਰ ਇੱਕ ਵਾਹਕ ਵਜੋਂ ਉਸਨੇ ਹੀਮੋਫਿਲੀਆ ਜੀਨ ਆਪਣੇ ਬੱਚਿਆਂ ਨੂੰ ਦਿੱਤਾ, ਜਿਨ੍ਹਾਂ ਨੇ ਜਰਮਨੀ, ਰੂਸ ਅਤੇ ਸਪੇਨ ਦੇ ਸ਼ਾਹੀ ਘਰਾਂ ਵਿੱਚ ਵਿਆਹ ਕਰਵਾ ਲਿਆ, ਜਿਸ ਨਾਲ ਇਹ ਬਿਮਾਰੀ ਇਨ੍ਹਾਂ ਯੂਰਪੀ ਦੇਸ਼ਾਂ ਵਿੱਚ ਫੈਲ ਗਈ ਸੀ। ਇਸ ਤੋਂ ਬਾਅਦ ਹੀਮੋਫਿਲੀਆ ਦੇ ਕਾਰਨਾਂ, ਇਸਦੇ ਪ੍ਰਭਾਵਾਂ, ਲੱਛਣਾਂ, ਰੋਕਥਾਮ ਅਤੇ




ਸੰਭਾਵਿਤ ਇਲਾਜਾਂ ਵਿੱਚ ਹੌਲੀ-ਹੌਲੀ ਹੋਰ ਤਰੱਕੀ ਕੀਤੀ ਗਈ।

ਹੀਮੋਫਿਲੀਆ ਆਮ ਤੌਰ 'ਤੇ ਵਿਰਾਸਤ ਵਿੱਚ ਮਿਲਿਆ ਖੂਨ ਵਹਿਣ ਦਾ ਇੱਕ ਦੁਰਲੱਭ ਜੈਨੇਟਿਕ ਵਿਕਾਰ ਹੈ, ਜਿੱਥੇ ਖੂਨ ਜੰਮਣ (ਕਲੌਟਿੰਗ) ਦੇ ਕਲੌਟਿੰਗ ਫੈਕਟਰ ਦੀ ਘਾਟ ਕਾਰਨ ਖੂਨ ਜੰਮਣਾ ਸਹੀ ਢੰਗ ਨਾਲ ਨਹੀਂ ਹੁੰਦਾ। ਇਸ ਨਾਲ ਸੱਟਾਂ ਤੋਂ ਬਾਅਦ ਬਹੁਤ ਜ਼ਿਆਦਾ ਲੰਬੇ ਸਮੇਂ ਤੱਕ ਖੂਨ ਵਹਿਣਾ ਅਤੇ ਸੰਭਾਵੀ ਤੌਰ 'ਤੇ ਅੰਦਰੂਨੀ ਖੂਨ ਵਹਿਣਾ ਹੁੰਦਾ ਹੈ, ਖਾਸ ਕਰਕੇ ਜੋੜਾਂ ਜਾਂ ਦਿਮਾਗ ਵਿੱਚ। ਹੀਮੋਫਿਲੀਆ ਦੇ ਪ੍ਰਮੁੱਖ ਲੱਛਣ ਹਨ: ਵਾਰ-ਵਾਰ ਨੱਕ ਵਿੱਚੋਂ ਖੂਨ ਵਗਣਾ, ਵੱਡੇ ਜ਼ਖਮ, ਜੋੜਾਂ ਵਿੱਚ ਦਰਦ/ਸੋਜ (ਖਾਸ ਕਰਕੇ ਗੋਡੇ, ਕੂਹਣੀਆਂ, ਗਿੱਟਿਆਂ), ਅਤੇ ਖੂਨ ਵਗਣਾ ਜਿਸਨੂੰ ਸੱਟ ਜਾਂ ਸਰਜਰੀ ਤੋਂ ਬਾਅਦ ਰੋਕਣਾ ਮੁਸ਼ਕਲ ਹੁੰਦਾ ਹੈ। ਗੰਭੀਰ ਮਾਮਲਿਆਂ ਵਿੱਚ ਸਵੈ-ਇੱਛਾ ਨਾਲ ਖੂਨ ਵਗਣਾ ਸ਼ਾਮਲ ਹੋ ਸਕਦਾ ਹੈ, ਜਦੋਂਕਿ ਹਲਕੇ ਮਾਮਲਿਆਂ ਵਿੱਚ ਸਿਰਫ ਸਦਮੇ ਤੋਂ ਬਾਅਦ ਲੱਛਣ ਦਿਖਾਈ ਦੇ ਸਕਦੇ ਹਨ। ਇਹ ਮੁੱਖ ਤੌਰ 'ਤੇ ਮਰਦਾਂ ਨੂੰ ਪ੍ਰਭਾਵਿਤ ਕਰਦਾ ਹੈ। ਹੀਮੋਫਿਲੀਆ ਦੇ ਸਭ ਤੋਂ ਆਮ ਰੂਪ ਹਨ: 1. ਹੀਮੋਫਿਲੀਆ 'ਏ' (ਕਲੌਟਿੰਗ ਫੈਕਟਰ-8 ਦੀ ਘਾਟ ਕਾਰਨ ਹੁੰਦਾ ਹੈ, ਇਹ ਆਮ ਹੈ); 2. ਹੀਮੋਫਿਲੀਆ 'ਬੀ' (ਕਲੋਟਿੰਗ ਫੈਕਟਰ-9 ਦੀ ਘਾਟ ਕਾਰਨ ਹੁੰਦਾ ਹੈ, ਇਸਨੂੰ ਕ੍ਰਿਸਮਸ ਬਿਮਾਰੀ ਵੀ ਕਿਹਾ ਜਾਂਦਾ ਹੈ, ਇਹ ਨਾਮ ਸਟੀਫਨ ਕ੍ਰਿਸਮਸ ਦੇ ਨਾਮ 'ਤੇ ਰੱਖਿਆ ਗਿਆ ਹੈ, ਜੋ 1952 ਵਿੱਚ ਇਸ ਬਿਮਾਰੀ ਨਾਲ ਪ੍ਰਭਾਵਿਤ ਪਹਿਲਾ ਵਿਅਕਤੀ ਸੀ) ਅਤੇ; 3. ਹੀਮੋਫਿਲੀਆ 'ਸੀ' (ਕਲੌਟਿੰਗ ਫੈਕਟਰ-10 ਦੀ ਘਾਟ ਕਾਰਨ ਹੁੰਦਾ ਹੈ, ਇਹ ਬਹੁਤ ਘੱਟ ਅਤੇ ਹਲਕਾ ਰੂਪ ਹੈ)। 4. ਹੀਮੋਫਿਲੀਆ ਦਾ ਇੱਕ ਹੋਰ ਗੈਰ-ਵਿਰਾਸਤੀ ਰੂਪ ਵੀ ਹੈ, ਜਿਸਨੂੰ ਐਕਵਾਇਰਡ ਹੀਮੋਫਿਲੀਆ ਕਿਹਾ ਜਾਂਦਾ ਹੈ, ਜਿਸ ਵਿੱਚ ਆਟੋਐਂਟੀਬਾਡੀਜ਼ ਕਲੌਟਿੰਗ ਫੈਕਟਰਸ ਨੂੰ ਬੇਅਸਰ ਕਰਦੇ ਹਨ, ਇਹ ਬਹੁਤ ਘੱਟ ਹੁੰਦਾ ਹੈ। ਕਾਰਕ (ਫੈਕਟਰ), ਡੀ.ਐਨ.ਏ. 'ਤੇ ਸਥਿਤ ਜੀਨਾਂ, (Genes, Gene F8 for factor VIII and F9 for factor IX) ਦੁਆਰਾ ਸੰਸ਼ਲੇਸ਼ਿਤ ਪ੍ਰੋਟੀਨ ਜਾਂ ਐਨਜ਼ਾਈਮ ਹੁੰਦੇ ਹਨ। ਇਹ ਕਾਰਕ ਪ੍ਰੋਟੀਨ, ਸੱਟ ਲੱਗਣ ਦੀ ਸਥਿਤੀ ਵਿੱਚ, ਪ੍ਰੋਥ੍ਰੋਮਬਿਨ ਨਾਮਕ ਪ੍ਰੋਟੀਨ ਦੇ ਗਠਨ ਦੁਆਰਾ ਖੂਨ ਦੇ ਜੰਮਣ (ਕਲੌਟਿੰਗ) ਦੀ ਪ੍ਰਕਿਰਿਆ ਸ਼ੁਰੂ ਕਰਦੇ ਹਨ। ਇਹ ਪ੍ਰੋਟੀਨ ਸੱਟ ਵਾਲੀ ਥਾਂ 'ਤੇ ਖੂਨ ਦੇ ਜੰਮਣ ਲਈ ਜ਼ਰੂਰੀ ਹੈ ਤਾਂ ਜੋ ਖੂਨ ਦੇ ਬਹੁਤ ਜ਼ਿਆਦਾ ਪ੍ਰਵਾਹ ਨੂੰ ਰੋਕਿਆ ਜਾ ਸਕੇ। ਹੀਮੋਫਿਲੀਆ ਇੱਕ ਐਕਸ-ਲਿੰਕਡ (X-linked) ਰੀਸੈਸਿਵ ਡਿਸਆਰਡਰ ਹੈ। ਹਰੇਕ ਵਿਅਕਤੀ ਦੇ ਸੈੱਲਾਂ ਵਿੱਚ 46 ਕ੍ਰੋਮੋਸੋਮ ਹੁੰਦੇ ਹਨ, ਜਿਨ੍ਹਾਂ ਵਿੱਚੋਂ 44 ਕ੍ਰੋਮੋਸੋਮ ਨੂੰ ਆਟੋਸੋਮ ਕਿਹਾ ਜਾਂਦਾ ਹੈ ਅਤੇ 2 ਸੈਕਸ ਕ੍ਰੋਮੋਸੋਮ ਹੁੰਦੇ ਹਨ। ਔਰਤਾਂ ਵਿੱਚ ਦੋਵੇਂ ਸੈਕਸ ਕ੍ਰੋਮੋਸੋਮ (XX) ਇੱਕੋ ਜਿਹੇ ਹੁੰਦੇ ਹਨ, ਪਰ ਮਰਦਾਂ ਵਿੱਚ ਇੱਕ ਸੈਕਸ ਕ੍ਰੋਮੋਸੋਮ X ਹੁੰਦਾ ਹੈ ਅਤੇ ਦੂਜਾ Y ਯਾਨੀ (XY) ਹੁੰਦਾ ਹੈ। ਜੀਨ ਜੋ ਕਲੌਟਿੰਗ ਫੈਕਟਰ ਬਣਾਉਂਦੇ ਹਨ, X ਕ੍ਰੋਮੋਸੋਮ 'ਤੇ ਸਥਿਤ ਹੁੰਦੇ ਹਨ। ਜੇ ਕਿਸੇ ਤਰ੍ਹਾਂ ਕਲੌਟਿੰਗ ਫੈਕਟਰ ਦੇ ਜੀਨ ਖਰਾਬ ਹੋ ਜਾਂਦੇ ਹਨ ਤਾਂ ਹੀਮੋਫਿਲੀਆ ਦੇ ਲੱਛਣ ਦਿਖਾਈ ਦਿੰਦੇ ਹਨ। ਇਹ ਵਿਕਾਰ ਔਰਤਾਂ ਦੇ ਮੁਕਾਬਲੇ ਮਰਦਾਂ ਵਿੱਚ ਜ਼ਿਆਦਾ ਵਾਰ ਦਿਖਾਈ ਦਿੰਦਾ ਹੈ। ਇਹ ਇਸ ਤੱਥ ਦੇ ਕਾਰਨ ਹੈ ਕਿ ਮਰਦਾਂ ਵਿੱਚ ਇੱਕ X ਕ੍ਰੋਮੋਸੋਮ ਹੁੰਦਾ ਹੈ ਅਤੇ ਜੇ ਇਸ 'ਤੇ ਕਲੌਟਿੰਗ ਫੈਕਟਰ ਦੇ ਜੀਨ ਖਰਾਬ ਹੋ ਜਾਂਦੇ ਹਨ ਤਾਂ ਖੂਨ ਜੰਮ ਨਹੀਂ ਸਕੇਗਾ। ਇਸ ਦੇ ਉਲਟ, ਜੇ ਔਰਤਾਂ ਵਿੱਚ ਇੱਕ X ਕ੍ਰੋਮੋਸੋਮ ਪ੍ਰਭਾਵਿਤ ਹੁੰਦਾ ਹੈ ਤਾਂ ਔਰਤਾਂ ਹੀਮੋਫਿਲਿਕ ਨਹੀਂ ਹੁੰਦੀਆਂ, ਕਿਉਂਕਿ ਦੂਜੇ X ਕ੍ਰੋਮੋਸੋਮ 'ਤੇ ਜੀਨ ਇਸਦੀ ਭਰਪਾਈ ਕਰਦਾ ਹੈ। ਔਰਤਾਂ ਖੁਦ ਪ੍ਰਭਾਵਿਤ ਨਹੀਂ ਹੁੰਦੀਆਂ, ਪਰ ਉਹ ਪੀੜ੍ਹੀ ਦਰ ਪੀੜ੍ਹੀ ਬਿਮਾਰੀ ਦੀਆਂ ਵਾਹਕਾਂ ਵਜੋਂ ਕੰਮ ਕਰਦੀਆਂ ਹਨ। ਉਹ ਸਿਰਫ਼ ਉਦੋਂ ਪ੍ਰਭਾਵਿਤ ਹੁੰਦੀਆਂ ਹਨ, ਜਦੋਂ ਦੋਵੇਂ X ਕ੍ਰੋਮੋਸੋਮ 'ਤੇ ਹੀਮੋਫਿਲੀਆ ਨਾਲ ਸਬੰਧਤ ਜੀਨ ਖਰਾਬ ਹੋ ਜਾਂਦੇ ਹਨ।

ਦੁਨੀਆ ਭਰ ਵਿੱਚ 1.1 ਮਿਲੀਅਨ ਤੋਂ ਵੱਧ ਲੋਕ ਹੀਮੋਫਿਲੀਆ ਤੋਂ ਪੀੜਤ ਹੋਣ ਦਾ ਅਨੁਮਾਨ ਹੈ। ਖੋਜ ਅਨੁਸਾਰ 418,000 ਤੋਂ ਵੱਧ ਵਿਅਕਤੀ ਇਸ ਬਿਮਾਰੀ ਦੇ ਗੰਭੀਰ ਰੂਪ ਤੋਂ ਪੀੜਤ ਹਨ। ਹੀਮੋਫਿਲੀਆ ਐਂਡ ਹੈਲਥ ਕਲੈਕਟਿਵ ਆਫ਼ ਨੌਰਥ (HHCN) ਦੇ ਅਨੁਸਾਰ, ਭਾਰਤ ਵਿੱਚ ਹੀਮੋਫਿਲੀਆ ਦੇ ਕੇਸਾਂ ਦੀ ਗਿਣਤੀ ਦੁਨੀਆ ਵਿੱਚ ਦੂਜੇ ਨੰਬਰ 'ਤੇ ਹੈ- ਅੰਦਾਜ਼ਨ 1,36,000 ਕੇਸ ਹੀਮੋਫਿਲੀਆ ਤੋਂ ਪ੍ਰਭਾਵਿਤ ਹਨ। ਭਾਰਤ ਵਿੱਚ ਹੀਮੋਫਿਲੀਆ ਦੀ ਉੱਚ ਦਰ, ਪ੍ਰਭਾਵਿਤ ਮਰੀਜ਼ਾਂ ਦੀਆਂ ਖਾਸ ਜ਼ਰੂਰਤਾਂ ਨੂੰ ਪੂਰਾ ਕਰਨਾ ਮਹੱਤਵਪੂਰਨ ਬਣਾਉਂਦੀ ਹੈ। ਦੁਨੀਆ ਭਰ ਵਿੱਚ ਹੀਮੋਫਿਲੀਆ ਵਾਲੇ 75% ਤੋਂ ਵੱਧ ਲੋਕਾਂ ਦਾ ਅਜੇ ਤੱਕ ਪਤਾ ਨਹੀਂ ਲੱਗਿਆ ਹੈ, ਜਿਸ ਕਾਰਨ ਵਿਸ਼ਵਵਿਆਪੀ ਹੀਮੋਫਿਲੀਆ ਦੇਖਭਾਲ ਵਿੱਚ ਸ਼ੁਰੂਆਤੀ ਪਛਾਣ ਨੂੰ ਸਭ ਤੋਂ ਜ਼ਰੂਰੀ ਤਰਜੀਹ ਦਿੱਤੀ ਗਈ ਹੈ। ਘੱਟ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਵਿੱਚ, ਸੀਮਤ ਡਾਇਗਨੌਸਟਿਕ ਸਰੋਤ ਅਤੇ ਉੱਚ ਇਲਾਜ ਲਾਗਤਾਂ ਰੋਕਥਾਮਯੋਗ ਪੇਚੀਦਗੀਆਂ ਅਤੇ ਮੌਤ ਦਰ ਦਾ ਕਾਰਨ ਬਣਦੀਆਂ ਹਨ। ਔਰਤਾਂ ਅਤੇ ਕੁੜੀਆਂ ਵਿੱਚ ਖੂਨ ਵਹਿਣ ਦੀਆਂ ਬਿਮਾਰੀਆਂ ਨੂੰ ਅਕਸਰ ਖਾਰਜ ਕਰ ਦਿੱਤਾ ਜਾਂਦਾ ਹੈ ਜਾਂ ਗਲਤ ਢੰਗ ਨਾਲ ਦੱਸਿਆ ਜਾਂਦਾ ਹੈ, ਜਿਸ ਕਾਰਨ ਬਹੁਤ ਸਾਰੇ ਲੋਕਾਂ ਨੂੰ ਸਾਲਾਂ ਤੱਕ ਢੁਕਵੀਂ ਦੇਖਭਾਲ ਤੋਂ ਬਿਨਾ ਛੱਡ ਦਿੱਤਾ ਜਾਂਦਾ ਹੈ। ਹੀਮੋਫਿਲੀਆ ਨਾਲ ਪੀੜਤ ਪਰਿਵਾਰਾਂ ਨੂੰ ਮਹੱਤਵਪੂਰਨ ਭਾਵਨਾਤਮਕ, ਸਰੀਰਕ ਅਤੇ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਨ੍ਹਾਂ ਲਈ ਸਮਰਪਿਤ ਸਹਾਇਤਾ ਢਾਂਚੇ ਦੀ ਲੋੜ ਹੁੰਦੀ ਹੈ। ਜੇ ਕਿਸੇ ਵਿਅਕਤੀ ਨੂੰ ਹੇਠ ਲਿਖਿਆਂ ਵਿੱਚੋਂ ਕੋਈ ਵੀ ਅਨੁਭਵ ਹੁੰਦਾ ਹੈ ਤਾਂ ਉਸਨੂੰ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ: (1) ਜੇ ਮਾਮੂਲੀ ਕੱਟ ਜਾਂ ਸੱਟ ਲੱਗਣ ਤੋਂ ਬਾਅਦ ਖੂਨ ਵਗਣਾ ਜਲਦੀ ਬੰਦ ਨਹੀਂ ਹੁੰਦਾ। (2) ਜੇ ਬਿਨਾ ਸੱਟ ਦੇ ਜੋੜਾਂ ਵਿੱਚ ਸੋਜ ਅਤੇ ਦਰਦ ਹੁੰਦਾ ਹੈ। (3) ਜੇ ਅਸਧਾਰਨ ਥਾਵਾਂ 'ਤੇ ਅਣਜਾਣ ਸੱਟਾਂ ਅਕਸਰ ਦਿਖਾਈ ਦਿੰਦੀਆਂ ਹਨ। (4) ਜੇ ਹੀਮੋਫਿਲੀਆ ਦਾ ਪਰਿਵਾਰਕ ਇਤਿਹਾਸ ਹੈ।

ਹੀਮੋਫਿਲੀਆ ਦਾ ਨਿਦਾਨ ਕਰਨ ਵਿੱਚ ਕਲਿਨਿਕਲ ਮੁਲੰਕਣ, ਖੂਨ ਦੀਆਂ ਜਾਂਚਾਂ ਅਤੇ ਕੁਝ ਮਾਮਲਿਆਂ ਵਿੱਚ ਜੈਨੇਟਿਕ ਜਾਂਚ ਦਾ ਸੁਮੇਲ ਸ਼ਾਮਲ ਹੁੰਦਾ ਹੈ। ਡਾਕਟਰ ਆਮ ਤੌਰ 'ਤੇ ਖਾਸ ਜਾਂਚਾਂ ਦੀ ਸਿਫ਼ਾਰਸ਼ ਕਰਨ ਤੋਂ ਪਹਿਲਾਂ ਇੱਕ ਵਿਸਤ੍ਰਿਤ ਡਾਕਟਰੀ ਅਤੇ ਪਰਿਵਾਰਕ ਇਤਿਹਾਸ ਨਾਲ ਸ਼ੁਰੂਆਤ ਕਰੇਗਾ। ਮੁੱਖ ਡਾਇਗਨੌਸਟਿਕ ਟੈਸਟਾਂ ਵਿੱਚ ਸ਼ਾਮਲ ਹਨ:

(1) ਸੰਪੂਰਨ ਬਲੱਡ ਸੈੱਲ ਕਾਊਂਟ (ਸੀ.ਬੀ.ਸੀ. ਟੈਸਟ) - ਇਹ ਖੂਨ ਦੇ ਸੈੱਲਾਂ ਦੀ ਗਿਣਤੀ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰਦਾ ਹੈ।

(2) ਏ.ਪੀ.ਟੀ.ਟੀ. - ਇਹ ਟੈਸਟ ਮਾਪਦਾ ਹੈ ਕਿ ਅੰਦਰੂਨੀ ਮਾਰਗ ਰਾਹੀਂ ਖੂਨ ਦੇ ਜੰਮਣ (ਕਲੌਟਿੰਗ) ਵਿੱਚ ਕਿੰਨਾ ਸਮਾਂ ਲੱਗਦਾ ਹੈ।

(3) ਪ੍ਰੋਥਰੋਮਬਿਨ ਸਮਾਂ (ਪੀ.ਟੀ.) - ਪੀ.ਟੀ. ਬਾਹਰੀ ਮਾਰਗ ਰਾਹੀਂ ਜੰਮਣ (ਕਲੌਟਿੰਗ )ਨੂੰ ਮਾਪਦਾ ਹੈ।

(4) ਕਲੌਟਿੰਗ ਫੈਕਟਰ ਅਸੈਸ - ਇਹ ਖੂਨ ਦੇ ਟੈਸਟ ਵਿਅਕਤੀਗਤ ਕਲੌਟਿੰਗ ਫੈਕਟਰਸ ਜਿਵੇਂ ਕਿ ਫੈਕਟਰ-8 ਜਾਂ ਫੈਕਟਰ-9 ਦੇ ਪੱਧਰ ਨੂੰ ਮਾਪਦੇ ਹਨ, ਹੀਮੋਫਿਲੀਆ ਦੀ ਕਿਸਮ ਅਤੇ ਗੰਭੀਰਤਾ ਦੀ ਪੁਸ਼ਟੀ ਕਰਦੇ ਹਨ।

(5) ਜੈਨੇਟਿਕ ਟੈਸਟਿੰਗ - ਡੀ.ਐਨ.ਏ. ਟੈਸਟਿੰਗ ਹੀਮੋਫਿਲੀਆ ਲਈ ਜ਼ਿੰਮੇਵਾਰ ਖਾਸ ਜੀਨ ਪਰਿਵਰਤਨ ਦੀ ਪੁਸ਼ਟੀ ਕਰ ਸਕਦੀ ਹੈ, ਪਰਿਵਾਰ ਦੇ ਅੰਦਰ ਕੈਰੀਅਰਾਂ ਦੀ ਪਛਾਣ ਕਰ ਸਕਦੀ ਹੈ ਅਤੇ ਪਰਿਵਾਰ ਨਿਯੋਜਨ ਫੈਸਲਿਆਂ ਦਾ ਸਮਰਥਨ ਕਰ ਸਕਦੀ ਹੈ।

ਕਿਉਂਕਿ ਹੀਮੋਫਿਲੀਆ ਇੱਕ ਜੈਨੇਟਿਕ ਵਿਕਾਰ ਹੈ, ਜਿਸ ਵਿੱਚ ਖੂਨ ਦੇ ਜੰਮਣ ਵਾਲੇ ਕਾਰਕਾਂ (ਕਲੌਟਿੰਗ ਫੈਕਟਰਸ) ਨਾਲ ਜੁੜੇ ਜੀਨ ਖਰਾਬ ਹੋ ਜਾਂਦੇ ਹਨ, ਇਸ ਲਈ ਇਸਨੂੰ ਪੂਰੀ ਤਰ੍ਹਾਂ ਠੀਕ ਨਹੀਂ ਕੀਤਾ ਜਾ ਸਕਦਾ। ਪਰ ਇਸ ਨੂੰ ਡਾਕਟਰੀ ਇਲਾਜ, ਨਿਯਮਤ ਨਿਗਰਾਨੀ ਅਤੇ ਸੋਚ-ਸਮਝ ਕੇ ਜੀਵਨ ਸ਼ੈਲੀ ਦੇ ਵਿਕਲਪਾਂ ਦੇ ਸਹੀ ਸੁਮੇਲ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਿਤ ਕੀਤਾ ਜਾ ਸਕਦਾ ਹੈ। ਹੀਮੋਫਿਲੀਆ ਦਾ ਮੁੱਖ ਇਲਾਜ ਕਲੌਟਿੰਗ ਫੈਕਟਰਸ ਨੂੰ ਬਦਲਣਾ ਹੈ। ਲੋੜੀਂਦੇ ਕਾਰਕਾਂ ਨੂੰ ਨਾੜੀ ਵਿੱਚ ਟੀਕੇ ਰਾਹੀਂ ਦਿੱਤਾ ਜਾਂਦਾ ਹੈ।

ਹਾਲ ਹੀ ਦੇ ਦਹਾਕਿਆਂ ਵਿੱਚ ਇਹ ਇਲਾਜ ਬਹੁਤ ਪ੍ਰਭਾਵਸ਼ਾਲੀ ਸਾਬਤ ਹੋਇਆ ਹੈ। ਜੀਨ ਥੈਰੇਪੀ ਹੀਮੋਫਿਲੀਆ ਲਈ ਇਲਾਜ ਦਾ ਇੱਕ ਉੱਭਰਦਾ ਖੇਤਰ ਹੈ, ਜਿਸਦਾ ਉਦੇਸ਼ ਪ੍ਰਭਾਵਿਤ ਜੀਨ ਦੀ ਇੱਕ ਕਾਰਜਸ਼ੀਲ ਕਾਪੀ ਸਰੀਰ ਦੇ ਜੈਨੇਟਿਕ ਪਦਾਰਥ ਵਿੱਚ ਜੋੜਨਾ ਹੈ। ਇਹ ਸਰੀਰ ਨੂੰ ਗੁਆਚੇ ਜੰਮਣ ਵਾਲੇ ਕਾਰਕ ਨੂੰ ਸੁਤੰਤਰ ਤੌਰ 'ਤੇ ਪੈਦਾ ਕਰਨ ਦੇ ਯੋਗ ਬਣਾਉਂਦਾ ਹੈ। ਇਹ ਇਲਾਜ ਨਵਾਂ ਹੈ, ਪਰ ਇਹ ਲੰਬੇ ਸਮੇਂ ਦੇ ਪ੍ਰਬੰਧਨ ਵਿੱਚ ਇੱਕ ਮਹੱਤਵਪੂਰਨ ਕਦਮ ਦਰਸਾਉਂਦਾ ਹੈ। ਹੀਮੋਫਿਲੀਆ ਦੇ ਕਾਰਨ ਵਾਰ-ਵਾਰ ਜੋੜਾਂ ਵਿੱਚੋਂ ਖੂਨ ਵਹਿਣ ਨਾਲ ਗੋਡਿਆਂ, ਕੂਹਣੀਆਂ ਅਤੇ ਗਿੱਟਿਆਂ ਨੂੰ ਲੰਬੇ ਸਮੇਂ ਲਈ ਨੁਕਸਾਨ ਹੋ ਸਕਦਾ ਹੈ। ਖੂਨ ਵਹਿਣ ਦੀਆਂ ਬਿਮਾਰੀਆਂ ਵਿੱਚ ਤਜਰਬੇਕਾਰ ਫਿਜ਼ੀਓਥੈਰੇਪਿਸਟ ਕਮਜ਼ੋਰ ਜੋੜਾਂ ਦੇ ਆਲੇ-ਦੁਆਲੇ ਮਾਸਪੇਸ਼ੀਆਂ ਨੂੰ ਮਜਬੂਤ ਕਰਨ ਲਈ ਇੱਕ ਅਨੁਕੂਲਿਤ ਕਸਰਤ ਪ੍ਰੋਗਰਾਮ ਤਿਆਰ ਕਰ ਸਕਦਾ ਹੈ।

ਲੋਕਾਂ ਦੇ ਮਨਾਂ ਵਿੱਚ ਹੀਮੋਫਿਲੀਆ ਬਾਰੇ ਬਹੁਤ ਸਾਰੀਆਂ ਗਲਤ ਧਾਰਨਾਵਾਂ ਹਨ ਜਿਵੇਂ ਕਿ:

*ਜੇਕਰ ਹੀਮੋਫਿਲੀਆ ਵਾਲੇ ਵਿਅਕਤੀ ਨੂੰ ਕੱਟ ਜਾਂ ਸੱਟ ਲੱਗ ਜਾਂਦੀ ਹੈ, ਤਾਂ ਉਸਦੀ ਮੌਤ ਹੋ ਜਾਵੇਗੀ। ਇਹ ਗਲਤ ਹੈ, ਹਰ ਖੂਨ ਵਹਿਣਾ ਜਾਨਲੇਵਾ ਨਹੀਂ ਹੁੰਦਾ।

*ਹੀਮੋਫਿਲੀਆ ਵਾਲੇ ਲੋਕਾਂ ਦੀ ਉਮਰ ਘੱਟ ਹੁੰਦੀ ਹੈ। ਇਹ ਵੀ ਗਲਤ ਹੈ, ਸਹੀ ਪ੍ਰਬੰਧਨ ਨਾਲ ਅੱਜ ਹੀਮੋਫਿਲੀਆ ਵਾਲੇ ਲੋਕ ਲਗਭਗ ਆਮ ਜੀਵਨ ਦੀ ਉਮੀਦ ਕਰ ਸਕਦੇ ਹਨ।


*ਹੀਮੋਫਿਲੀਆ ਵਾਲੇ ਬੱਚਿਆਂ ਵਿੱਚ ਹਮੇਸ਼ਾ

⇒ ਬਾਕੀ ਸਫਾ 19 ਉਤੇ ਪੜ੍ਹੋ

# ਜ਼ਿੰਦਗੀ ਵਿੱਚ ਮਾਨਸਿਕ ਤਣਾਅ ਅਤੇ ਆਰਾਮ

**ਸਿਹਤ ਬਾਰੇ ਗੱਲਾਂ**

**ਡਾ. ਰਛਪਾਲ ਸਿੰਘ ਬਾਜਵਾ**
**ਫੋਨ: 630-303-8330**



## ਜਾਣ-ਪਛਾਣ

**ਮਨ ਸਾਡੀ ਜ਼ਿੰਦਗੀ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਸਾਡੇ ਵਿਚਾਰਾਂ, ਭਾਵਨਾਵਾਂ ਅਤੇ ਕੰਮਾਂ ਨੂੰ ਨਿਯੰਤ੍ਰਿਤ ਕਰਦਾ ਹੈ। ਤਣਾਅ ਉਦੋਂ ਹੁੰਦਾ ਹੈ ਜਦੋਂ ਮਨ ਦਬਾਅ, ਚਿੰਤਾ ਜਾਂ ਡਰ ਮਹਿਸੂਸ ਕਰਦਾ ਹੈ। ਇਹ ਜ਼ਿੰਦਗੀ ਦਾ ਇੱਕ ਆਮ ਹਿੱਸਾ ਹੈ, ਪਰ ਬਹੁਤ ਜ਼ਿਆਦਾ ਤਣਾਅ ਸਾਡੀ ਸਿਹਤ ਅਤੇ ਖੁਸ਼ੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਤਣਾਅ ਪੜ੍ਹਾਈ, ਕੰਮ, ਪਰਿਵਾਰਕ ਸਮੱਸਿਆਵਾਂ ਜਾਂ ਭਵਿੱਖ ਦੀਆਂ ਚਿੰਤਾਵਾਂ ਤੋਂ ਆ ਸਕਦਾ ਹੈ। ਜਦੋਂ ਮਨ ਹਮੇਸ਼ਾ ਵਿਅਸਤ ਅਤੇ ਤਣਾਅਪੂਰਨ ਰਹਿੰਦਾ ਹੈ, ਤਾਂ ਸ਼ਾਂਤ ਮਹਿਸੂਸ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਸ ਲਈ ਆਰਾਮ ਜ਼ਰੂਰੀ ਹੈ। ਸ਼ਾਂਤ ਅਤੇ ਸੰਤੁਲਿਤ ਮਨ ਸਰੀਰ ਨੂੰ ਆਰਾਮ ਲਈ ਅਹਿਮ ਹੈ।**

**ਆਰਾਮ ਕਰਨ ਦੇ ਸਾਧਾਰਨ ਤਰੀਕਿਆਂ ਵਿੱਚ ਡੂੰਘੇ ਸਾਹ ਲੈਣਾ, ਕੁਦਰਤ ਵਿੱਚ ਸੈਰ ਕਰਨਾ, ਸੰਗੀਤ ਸੁਣਨਾ ਜਾਂ ਆਪਣੇ ਅਜ਼ੀਜ਼ਾਂ ਨਾਲ ਸਮਾਂ ਬਿਤਾਉਣਾ ਸ਼ਾਮਲ ਹੈ। ਲੋੜੀਂਦੀ ਨੀਂਦ ਲੈਣਾ ਅਤੇ ਇੱਕ ਸਿਹਤਮੰਦ ਰੁਟੀਨ ਬਣਾਈ ਰੱਖਣਾ ਵੀ ਤਣਾਅ ਘਟਾਉਣ ਵਿੱਚ ਮਦਦ ਕਰਦਾ ਹੈ। ਇਹ ਸਮਝਣਾ ਅਹਿਮ ਹੈ ਕਿ ਅਸੀਂ ਸਾਰੇ ਤਣਾਅ ਨੂੰ ਦੂਰ ਨਹੀਂ ਕਰ ਸਕਦੇ, ਪਰ ਅਸੀਂ ਇਸਨੂੰ ਪ੍ਰਬੰਧਿਤ ਕਰ ਸਕਦੇ ਹਾਂ। ਇੱਕ ਸ਼ਾਂਤ ਅਤੇ ਸੰਤੁਲਿਤ ਮਨ ਇੱਕ ਸਿਹਤਮੰਦ ਤੇ ਖੁਸ਼ਹਾਲ ਜੀਵਨ ਵੱਲ ਲੈ ਜਾਂਦਾ ਹੈ।**

## ਤਣਾਅ-ਮੁਕਤ ਜ਼ਿੰਦਗੀ ਜਿਊਣ ਲਈ ਮਨ ਨੂੰ ਆਰਾਮ ਦੇਣਾ

ਆਰਾਮ ਅਜਿਹੀ ਚੀਜ਼ ਨਹੀਂ ਹੈ, ਜਿਸਨੂੰ ਕਿਸੇ ਕੰਮ ਵਾਂਗ ਸਿੱਧੇ ਤੌਰ 'ਤੇ ਜ਼ਬਰਦਸਤੀ ਜਾਂ ਕੰਟਰੋਲ ਕੀਤਾ ਜਾ ਸਕਦਾ ਹੈ। 'ਮਨ ਨੂੰ ਆਰਾਮ ਦੇਣ' ਨੂੰ ਇੱਕ ਏਜੰਡਾ ਬਣਾਉਣਾ ਇੱਕ ਚੰਗਾ ਵਿਚਾਰ ਲੱਗ ਸਕਦਾ ਹੈ, ਪਰ ਬਹੁਤ ਸਾਰੀਆਂ ਸਥਿਤੀਆਂ ਵਿੱਚ ਇਹ ਉਲਟ ਹੋ ਸਕਦਾ ਹੈ। ਜਦੋਂ ਲੋਕ ਆਰਾਮ ਕਰਨ ਦੀ ਬਹੁਤ ਕੋਸ਼ਿਸ਼ ਕਰਦੇ ਹਨ, ਤਾਂ ਉਹ ਅਕਸਰ ਉਹੀ ਤਣਾਅ ਪੈਦਾ ਕਰਦੇ ਹਨ, ਜੋ ਉਹ ਹਟਾਉਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ। ਮਾਨਸਿਕ ਤੰਦਰੁਸਤੀ ਨੂੰ ਬਣਾਈ ਰੱਖਣ ਲਈ ਇਸ ਵਿਰੋਧਾਭਾਸ ਨੂੰ ਸਮਝਣਾ ਮਹੱਤਵਪੂਰਨ ਹੈ।

ਪਹਿਲਾ, ਜਦੋਂ ਆਰਾਮ ਇੱਕ ਏਜੰਡਾ ਬਣ ਜਾਂਦਾ ਹੈ, ਤਾਂ ਇਹ ਉਮੀਦਾਂ ਦੇ ਨਾਲ ਇੱਕ ਟੀਚੇ ਵਿੱਚ ਬਦਲ ਜਾਂਦਾ ਹੈ। ਇੱਕ ਵਿਅਕਤੀ ਸੋਚ ਸਕਦਾ ਹੈ, "ਮੈਨੂੰ ਹੁਣ ਆਰਾਮ ਕਰਨਾ ਚਾਹੀਦਾ ਹੈ," ਜਾਂ "ਮੈਨੂੰ 10 ਮਿੰਟਾਂ ਦੇ ਅੰਦਰ ਸ਼ਾਂਤ ਮਹਿਸੂਸ ਕਰਨਾ ਚਾਹੀਦਾ ਹੈ।" ਇਹ ਉਮੀਦਾਂ ਦਬਾਅ ਪੈਦਾ ਕਰਦੀਆਂ ਹਨ। ਜੇ ਮਨ ਜਲਦੀ ਸ਼ਾਂਤ ਨਹੀਂ ਹੁੰਦਾ, ਤਾਂ ਵਿਅਕਤੀ ਨਿਰਾਸ਼ ਜਾਂ ਚਿੰਤਤ ਵੀ ਮਹਿਸੂਸ ਕਰ ਸਕਦਾ ਹੈ। ਆਰਾਮ ਕਰਨ ਦੀ ਬਜਾਏ, ਉਹ ਇਸ ਬਾਰੇ ਚਿੰਤਾ ਕਰਨ ਲੱਗ ਪੈਂਦੇ ਹਨ ਕਿ ਉਹ ਆਰਾਮ ਕਿਉਂ ਨਹੀਂ ਕਰ ਰਹੇ ਹਨ। ਇਹ ਇੱਕ ਚੱਕਰ ਬਣਾਉਂਦਾ ਹੈ, ਜਿੱਥੇ ਆਰਾਮ ਕਰਨ ਦੀ ਕੋਸ਼ਿਸ਼ ਵਧੇਰੇ ਤਣਾਅ ਪੈਦਾ ਕਰਦੀ ਹੈ।

ਦੂਜਾ, ਆਰਾਮ 'ਤੇ ਬਹੁਤ ਜ਼ਿਆਦਾ ਧਿਆਨ ਕੇਂਦਰਿਤ ਕਰਨ ਨਾਲ ਸਵੈ-ਜਾਗਰੂਕਤਾ ਇੱਕ ਗੈਰ-ਸਿਹਤਮੰਦ ਤਰੀਕੇ ਨਾਲ ਵਧਦੀ ਹੈ। ਆਮ ਤੌਰ 'ਤੇ ਆਰਾਮ ਕੁਦਰਤੀ ਤੌਰ 'ਤੇ ਹੁੰਦਾ ਹੈ, ਜਦੋਂ ਮਨ ਦਬਾਅ ਵਿੱਚ ਨਹੀਂ ਹੁੰਦਾ; ਪਰ ਜਦੋਂ ਕੋਈ ਲਗਾਤਾਰ ਆਪਣੀ ਮਾਨਸਿਕ ਸਥਿਤੀ ਦੀ ਜਾਂਚ ਕਰਦਾ ਹੈ- "ਕੀ ਮੈਂ ਅਜੇ ਵੀ ਸ਼ਾਂਤ ਹਾਂ?" ਜਾਂ "ਮੈਂ ਅਜੇ ਵੀ ਤਣਾਅ ਵਿੱਚ ਕਿਉਂ ਹਾਂ?" ਤਾਂ ਉਹ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਪ੍ਰਤੀ ਵਧੇਰੇ ਜਾਣੂ ਹੋ ਜਾਂਦੇ ਹਨ। ਇਹ ਜ਼ਿਆਦਾ ਜਾਗਰੂਕਤਾ ਬਹੁਤ ਜ਼ਿਆਦਾ ਸੋਚਣ ਵੱਲ ਲੈ ਜਾ ਸਕਦੀ ਹੈ। ਮਨ ਸ਼ਾਂਤ ਹੋਣ ਦੀ ਬਜਾਏ ਆਪਣੇ ਆਪ ਦਾ ਵਿਸ਼ਲੇਸ਼ਣ ਕਰਨ ਵਿੱਚ ਰੁੱਝ ਜਾਂਦਾ ਹੈ। ਨਤੀਜੇ ਵਜੋਂ, ਆਰਾਮ ਪ੍ਰਾਪਤ ਕਰਨਾ ਔਖਾ ਹੋ ਜਾਂਦਾ ਹੈ।

ਇੱਕ ਹੋਰ ਸਮੱਸਿਆ ਇਹ ਹੈ ਕਿ ਆਰਾਮ ਨੂੰ ਇੱਕ ਏਜੰਡਾ ਬਣਾਉਣਾ, ਇਸਨੂੰ ਇੱਕ ਕਿਸਮ ਦੇ ਪ੍ਰਦਰਸ਼ਨ ਵਿੱਚ ਬਦਲ ਸਕਦਾ ਹੈ। ਲੋਕ ਮਹਿਸੂਸ ਕਰ ਸਕਦੇ ਹਨ ਕਿ ਉਹ 'ਅਸਫਲ' ਹਨ, ਜੇ ਉਹ ਸਹੀ ਢੰਗ ਨਾਲ ਆਰਾਮ ਨਹੀਂ ਕਰ ਸਕਦੇ। ਮਿਸਾਲ ਵਜੋਂ, ਧਿਆਨ ਦਾ ਅਭਿਆਸ ਕਰਨ ਵਾਲਾ ਕੋਈ ਵਿਅਕਤੀ ਸੋਚ ਸਕਦਾ ਹੈ ਕਿ ਉਹ ਇਹ ਗਲਤ ਕਰ ਰਿਹਾ ਹੈ, ਜੇ ਉਨ੍ਹਾਂ ਦਾ ਮਨ ਭਟਕਦਾ ਰਹਿੰਦਾ ਹੈ। ਅਸਫਲਤਾ ਦੀ ਇਹ ਭਾਵਨਾ ਨਿਰਾਸ਼ਾ ਨੂੰ ਵਧਾਉਂਦੀ ਹੈ ਅਤੇ ਵਿਸ਼ਵਾਸ ਨੂੰ ਘਟਾਉਂਦੀ ਹੈ। ਸਮੇਂ ਦੇ ਨਾਲ ਵਿਅਕਤੀ ਉਨ੍ਹਾਂ ਗਤੀਵਿਧੀਆਂ ਤੋਂ ਵੀ ਬਚ ਸਕਦਾ ਹੈ, ਜੋ ਉਨ੍ਹਾਂ ਨੂੰ ਆਰਾਮ ਕਰਨ ਵਿੱਚ ਮਦਦ ਕਰਨ ਲਈ ਬਣਾਈਆਂ ਜਾਂਦੀਆਂ ਹਨ, ਕਿਉਂਕਿ ਉਹ ਉਨ੍ਹਾਂ ਨੂੰ ਤਣਾਅ ਅਤੇ ਨਿਰਾਸ਼ਾ ਨਾਲ ਜੋੜਦੀਆਂ ਹਨ।

ਆਧੁਨਿਕ ਜੀਵਨ ਵਿੱਚ ਬਹੁਤ ਸਾਰੇ ਲੋਕਾਂ ਕੋਲ ਪਹਿਲਾਂ ਹੀ ਕੰਮਾਂ ਅਤੇ ਜ਼ਿੰਮੇਵਾਰੀਆਂ ਦੀ ਸਮਾਂ-ਸਾਰਣੀ ਹੁੰਦੀ ਹੈ। ਕਰਨ ਵਾਲੀਆਂ ਚੀਜ਼ਾਂ ਦੀ ਸੂਚੀ ਵਿੱਚ "ਆਰਾਮ" ਨੂੰ ਇੱਕ ਹੋਰ ਵਸਤੂ ਵਜੋਂ ਜੋੜਨ ਨਾਲ ਮਾਨਸਿਕ ਬੋਝ ਵਧ ਸਕਦਾ ਹੈ। ਆਜ਼ਾਦ ਮਹਿਸੂਸ ਕਰਨ ਦੀ ਬਜਾਏ, ਵਿਅਕਤੀ ਮਹਿਸੂਸ ਕਰਦਾ ਹੈ ਕਿ ਉਸਨੂੰ ਇੱਕ ਹੋਰ ਕੰਮ ਪੂਰਾ ਕਰਨਾ ਚਾਹੀਦਾ ਹੈ। ਇਹ ਆਰਾਮ ਨੂੰ ਆਰਾਮ ਦੀ ਬਜਾਏ ਕੰਮ ਵਾਂਗ ਮਹਿਸੂਸ ਕਰਵਾ ਸਕਦਾ ਹੈ। ਜਦੋਂ ਆਰਾਮ ਇੱਕ ਫਰਜ਼ ਬਣ ਜਾਂਦਾ ਹੈ, ਤਾਂ ਇਹ ਆਪਣੀ ਕੁਦਰਤੀ ਅਤੇ ਸਹਿਜ ਗੁਣਵੱਤਾ ਗੁਆ ਦਿੰਦਾ ਹੈ।

ਇੱਕ ਮਨੋਵਿਗਿਆਨਕ ਸੰਕਲਪ ਵੀ ਹੈ, ਜਿਸਨੂੰ ਅਕਸਰ ਇੱਕ ਵਿਰੋਧਾਭਾਸ ਵਜੋਂ ਦਰਸਾਇਆ ਜਾਂਦਾ ਹੈ: ਜਿੰਨਾ ਜ਼ਿਆਦਾ ਤੁਸੀਂ ਕੁਝ ਮਾਨਸਿਕ ਸਥਿਤੀਆਂ ਨੂੰ ਨਿਯੰਤ੍ਰਿਤ ਕਰਨ ਦੀ ਕੋਸ਼ਿਸ਼ ਕਰਦੇ ਹੋ, ਅਸਲ ਵਿੱਚ ਤੁਹਾਡੇ ਕੋਲ ਓਨਾ ਹੀ ਘੱਟ ਨਿਯੰਤਰਣ ਹੁੰਦਾ ਹੈ। ਖੁਸ਼ੀ, ਸ਼ਾਂਤੀ ਅਤੇ ਆਰਾਮ ਵਰਗੀਆਂ ਭਾਵਨਾਵਾਂ ਅਸਿੱਧੇ ਅਨੁਭਵ ਹਨ। ਇਹ ਉਦੋਂ ਆਉਂਦੇ ਹਨ, ਜਦੋਂ ਮਨ ਨੂੰ ਸੁਤੰਤਰ ਰੂਪ ਵਿੱਚ ਵਹਿਣ ਦਿੱਤਾ ਜਾਂਦਾ ਹੈ; ਨਾ ਕਿ ਜਦੋਂ ਇਸਨੂੰ ਸਖ਼ਤੀ ਨਾਲ ਨਿਯੰਤ੍ਰਿਤ ਕੀਤਾ ਜਾਂਦਾ ਹੈ। ਇਨ੍ਹਾਂ ਸਥਿਤੀਆਂ ਨੂੰ ਮਜਬੂਰ ਕਰਨ ਦੀ ਕੋਸ਼ਿਸ਼ ਕਰਨਾ ਆਪਣੇ ਆਪ ਨੂੰ ਸੌਣ ਦਾ ਹੁਕਮ ਦੇ ਕੇ ਸੌਣ ਦੀ ਕੋਸ਼ਿਸ਼ ਕਰਨ ਵਰਗਾ ਹੈ- ਇਸਦਾ ਅਕਸਰ ਉਲਟ ਪ੍ਰਭਾਵ ਹੁੰਦਾ ਹੈ।

ਇਸ ਤੋਂ ਇਲਾਵਾ ਆਰਾਮ ਨੂੰ ਇੱਕ ਏਜੰਡਾ ਬਣਾਉਣ ਨਾਲ ਸਾਧਾਰਨ ਗਤੀਵਿਧੀਆਂ ਦਾ ਆਨੰਦ ਘਟ ਸਕਦਾ ਹੈ। ਮਿਸਾਲ ਵਜੋਂ ਸੈਰ ਦਾ ਆਨੰਦ ਲੈਣ ਦੀ ਬਜਾਏ, ਇੱਕ ਵਿਅਕਤੀ ਸੋਚ ਸਕਦਾ ਹੈ, "ਮੈਂ ਆਪਣੇ ਮਨ ਨੂੰ ਆਰਾਮ ਦੇਣ ਲਈ ਤੁਰ ਰਿਹਾ ਹਾਂ।" ਇਹ ਅਨੁਭਵ ਤੋਂ ਨਤੀਜੇ ਵੱਲ ਧਿਆਨ ਕੇਂਦਰਿਤ ਕਰਦਾ ਹੈ। ਜੇ ਆਰਾਮ ਦੀ ਉਮੀਦ ਕੀਤੀ ਭਾਵਨਾ ਨਹੀਂ ਆਉਂਦੀ, ਤਾਂ ਗਤੀਵਿਧੀ ਬੇਕਾਰ ਜਾਪ ਸਕਦੀ ਹੈ। ਇਸ ਦੇ ਉਲਟ ਜਦੋਂ ਲੋਕ ਬਿਨਾ ਦਬਾਅ ਦੇ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ- ਜਿਵੇਂ ਕਿ ਪੜ੍ਹਨਾ, ਬਾਗਬਾਨੀ ਕਰਨਾ ਜਾਂ ਕਿਸੇ ਦੋਸਤ ਨਾਲ ਗੱਲ ਕਰਨਾ, ਉਹ ਅਕਸਰ ਬਿਨਾ ਧਿਆਨ ਦਿੱਤੇ ਕੁਦਰਤੀ ਤੌਰ 'ਤੇ ਆਰਾਮ ਕਰਦੇ ਹਨ।


ਇੱਕ ਹੋਰ ਮਹੱਤਵਪੂਰਨ ਨੁਕਤਾ ਇਹ ਹੈ ਕਿ ਸਾਰਾ ਤਣਾਅ ਨੁਕਸਾਨਦੇਹ ਨਹੀਂ ਹੁੰਦਾ। ਮਾਨਸਿਕ ਗਤੀਵਿਧੀ ਅਤੇ ਤਣਾਅ ਦਾ ਕੁਝ ਪੱਧਰ ਆਮ ਤੇ ਲਾਭਦਾਇਕ ਵੀ ਹੁੰਦਾ ਹੈ। ਇਹ ਲੋਕਾਂ ਨੂੰ ਸੁਚੇਤ ਰਹਿਣ, ਸਮੱਸਿਆਵਾਂ ਨੂੰ ਹੱਲ ਕਰਨ ਅਤੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਜਦੋਂ ਲੋਕ ਵਿਸ਼ਵਾਸ ਕਰਦੇ ਹਨ ਕਿ ਉਨ੍ਹਾਂ ਨੂੰ ਹਮੇਸ਼ਾ ਆਰਾਮਦਾਇਕ ਰਹਿਣਾ ਚਾਹੀਦਾ ਹੈ, ਤਾਂ ਉਹ ਤਣਾਅ ਦੇ ਆਮ ਪੱਧਰ ਨੂੰ ਇੱਕ ਸਮੱਸਿਆ ਵਜੋਂ ਦੇਖਣਾ ਸ਼ੁਰੂ ਕਰ ਸਕਦੇ ਹਨ। ਇਹ ਉਨ੍ਹਾਂ ਨੂੰ ਵਧੇਰੇ ਸੰਵੇਦਨਸ਼ੀਲ ਅਤੇ ਘੱਟ ਲਚਕੀਲਾ ਬਣਾ ਸਕਦਾ ਹੈ। ਇਹ ਸਵੀਕਾਰ ਕਰਨਾ ਕਿ ਮਨ ਕਈ ਵਾਰ ਵਿਅਸਤ ਜਾਂ ਬੇਚੈਨ ਰਹੇਗਾ, ਅਸਲ ਵਿੱਚ ਲੰਬੇ ਸਮੇਂ ਵਿੱਚ ਤਣਾਅ ਨੂੰ ਘਟਾ ਸਕਦਾ ਹੈ।

ਇਸ ਤੋਂ ਇਲਾਵਾ ਜ਼ਬਰਦਸਤੀ ਆਰਾਮ ਕਰਨ ਨਾਲ ਲੋਕਾਂ ਨੂੰ ਉਨ੍ਹਾਂ ਦੀਆਂ ਅਸਲ ਭਾਵਨਾਵਾਂ ਤੋਂ ਦੂਰ ਕੀਤਾ ਜਾ ਸਕਦਾ ਹੈ। ਜੇ ਕੋਈ ਚਿੰਤਿਤ, ਉਦਾਸ ਜਾਂ ਗੁੱਸੇ ਵਿੱਚ ਹੈ, ਤਾਂ "ਮਨ ਨੂੰ ਤੁਰੰਤ ਆਰਾਮ" ਦੇਣ ਦੀ ਕੋਸ਼ਿਸ਼ ਕਰਨ ਨਾਲ ਇਨ੍ਹਾਂ ਭਾਵਨਾਵਾਂ ਨੂੰ ਸੰਬੋਧਿਤ ਕਰਨ ਦੀ ਬਜਾਏ ਦਬਾਇਆ ਜਾ ਸਕਦਾ ਹੈ। ਦੱਬੀਆਂ ਭਾਵਨਾਵਾਂ ਅਲੋਪ ਨਹੀਂ ਹੁੰਦੀਆਂ; ਉਹ ਅਕਸਰ ਬਾਅਦ ਵਿੱਚ ਵਧੇਰੇ ਤੀਬਰਤਾ ਨਾਲ ਵਾਪਸ ਆਉਂਦੀਆਂ ਹਨ। ਇੱਕ ਸਿਹਤਮੰਦ ਪਹੁੰਚ ਭਾਵਨਾਵਾਂ ਨੂੰ ਸਵੀਕਾਰ ਕਰਨਾ, ਉਨ੍ਹਾਂ ਦੇ ਕਾਰਨਾਂ ਨੂੰ ਸਮਝਣਾ ਅਤੇ ਫਿਰ ਉਨ੍ਹਾਂ ਨੂੰ ਕੁਦਰਤੀ ਤੌਰ 'ਤੇ ਸੈਟਲ ਹੋਣ ਦੇਣਾ ਹੈ।

ਇਹ ਵਿਚਾਰ ਕਰਨਾ ਵੀ ਮਹੱਤਵਪੂਰਨ ਹੈ ਕਿ ਆਰਾਮ ਵੱਖ-ਵੱਖ ਲੋਕਾਂ ਲਈ ਵੱਖਰਾ ਹੁੰਦਾ ਹੈ। ਕੁਝ ਲੋਕ ਚੁੱਪਚਾਪ ਬੈਠ ਕੇ ਆਰਾਮ ਕਰਦੇ ਹਨ, ਜਦੋਂ ਕਿ ਦੂਸਰੇ ਸਰੀਰਕ ਗਤੀਵਿਧੀ, ਰਚਨਾਤਮਕ ਕੰਮ ਜਾਂ ਸਮਾਜਿਕ ਪਰਸਪਰ ਪ੍ਰਭਾਵ ਰਾਹੀਂ ਆਰਾਮ ਕਰਦੇ ਹਨ। ਜਦੋਂ ਆਰਾਮ ਇੱਕ ਏਜੰਡਾ ਬਣ ਜਾਂਦਾ ਹੈ, ਤਾਂ ਲੋਕ ਨਿਸ਼ਚਿਤ ਤਰੀਕਿਆਂ ਦੀ ਪਾਲਣਾ ਕਰ ਸਕਦੇ ਹਨ ਜੋ ਉਨ੍ਹਾਂ ਲਈ ਨਿੱਜੀ ਤੌਰ 'ਤੇ ਅਨੁਕੂਲ ਨਹੀਂ ਹਨ। ਇਹ ਬੇਮੇਲ ਨਿਰਾਸ਼ਾ ਅਤੇ ਗਲਤ ਵਿਸ਼ਵਾਸ ਵੱਲ ਲੈ ਜਾ ਸਕਦਾ ਹੈ ਕਿ ਉਹ ਆਰਾਮ ਕਰਨ ਵਿੱਚ ਮਾੜੇ ਹਨ।

ਇੱਕ ਬਿਹਤਰ ਤਰੀਕਾ ਇਹ ਹੈ ਕਿ ਅਜਿਹੀਆਂ ਸਥਿਤੀਆਂ ਪੈਦਾ ਕੀਤੀਆਂ ਜਾਣ, ਜੋ ਕੁਦਰਤੀ ਆਰਾਮ ਦਾ ਸਮਰਥਨ ਕਰਨ, ਨਾ ਕਿ ਇਸਨੂੰ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕਰਨ। ਇਸ ਵਿੱਚ ਇੱਕ ਸੰਤੁਲਿਤ ਜੀਵਨ ਸ਼ੈਲੀ ਬਣਾਈ ਰੱਖਣਾ, ਕਾਫ਼ੀ ਨੀਂਦ ਲੈਣਾ, ਆਨੰਦਦਾਇਕ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਅਤੇ ਲੋੜ ਪੈਣ 'ਤੇ ਬ੍ਰੇਕ ਲੈਣਾ ਸ਼ਾਮਲ ਹੈ। ਜਦੋਂ ਸਰੀਰ ਅਤੇ ਮਨ ਨੂੰ ਸਹੀ ਵਾਤਾਵਰਣ ਦਿੱਤਾ ਜਾਂਦਾ ਹੈ, ਤਾਂ ਆਰਾਮ ਅਕਸਰ ਆਪਣੇ ਆਪ ਹੀ ਹੁੰਦਾ ਹੈ।

'ਮੌਨਫੁੱਲਨੈੱਸ ਅਤੇ ਧਿਆਨ' ਅਜੇ ਵੀ ਮਦਦਗਾਰ ਹੋ ਸਕਦੇ ਹਨ, ਪਰ ਉਨ੍ਹਾਂ ਦਾ ਅਭਿਆਸ ਸਹੀ ਰਵੱਈਏ ਨਾਲ ਕੀਤਾ ਜਾਣਾ ਚਾਹੀਦਾ ਹੈ। ਸ਼ਾਂਤ ਰਹਿਣ ਦੀ ਇੱਕ ਖਾਸ ਸਥਿਤੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਦੀ ਬਜਾਏ, ਧਿਆਨ ਬਿਨਾ ਕਿਸੇ ਨਿਰਣੇ ਦੇ ਵਿਚਾਰਾਂ ਨੂੰ ਦੇਖਣ 'ਤੇ ਹੋਣਾ ਚਾਹੀਦਾ ਹੈ। ਜਦੋਂ ਲੋਕ ਇਹ ਸਵੀਕਾਰ ਕਰਦੇ ਹਨ ਕਿ ਮਨ ਭਟਕੇਗਾ, ਇਹ ਆਮ ਹੈ, ਤਾਂ ਉਹ ਆਪਣੇ ਆਪ 'ਤੇ ਦਬਾਅ ਘਟਾਉਂਦੇ ਹਨ। ਸਮੇਂ ਦੇ ਨਾਲ ਇਹ ਕੋਮਲ ਪਹੁੰਚ ਡੂੰਘੀ ਅਤੇ ਵਧੇਰੇ ਅਸਲੀ ਆਰਾਮ ਵੱਲ ਲੈ ਜਾ ਸਕਦੀ ਹੈ।



ਇਹ ਵੀ ਲਾਭਦਾਇਕ ਹੈ ਕਿ ਧਿਆਨ 'ਮਨ ਨੂੰ ਆਰਾਮ ਦੇਣ' ਤੋਂ 'ਮਨ ਦੀ ਦੇਖਭਾਲ' ਵੱਲ ਬਦਲਿਆ ਜਾਵੇ। ਦੇਖਭਾਲ ਵਿੱਚ ਕਿਸੇ ਦੀਆਂ ਜ਼ਰੂਰਤਾਂ ਨੂੰ ਸੁਣਨਾ, ਥੱਕ ਜਾਣ 'ਤੇ ਆਰਾਮ ਕਰਨਾ ਅਤੇ ਅਰਥਪੂਰਨ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਸ਼ਾਮਲ ਹੈ। ਇਹ ਵਿਆਪਕ ਦ੍ਰਿਸ਼ਟੀਕੋਣ ਆਰਾਮ ਦੇ ਤੰਗ ਟੀਚੇ ਨੂੰ ਦੂਰ ਕਰਦਾ ਹੈ ਅਤੇ ਇਸਨੂੰ ਸਮੁੱਚੀ ਤੰਦਰੁਸਤੀ ਨਾਲ ਬਦਲ ਦਿੰਦਾ ਹੈ।

ਸਿੱਟੇ ਵਜੋਂ 'ਮਨ ਨੂੰ ਆਰਾਮ ਦੇਣ' ਨੂੰ ਇੱਕ ਏਜੰਡਾ ਬਣਾਉਣਾ ਉਲਟ ਹੋ ਸਕਦਾ ਹੈ, ਕਿਉਂਕਿ ਇਹ ਦਬਾਅ ਪੈਦਾ ਕਰਦਾ ਹੈ, ਸਵੈ-ਜਾਗਰੂਕਤਾ ਵਧਾਉਂਦਾ ਹੈ ਅਤੇ ਇੱਕ ਕੁਦਰਤੀ ਪ੍ਰਕਿਰਿਆ ਨੂੰ ਇੱਕ ਜ਼ਬਰਦਸਤੀ ਕੰਮ ਵਿੱਚ ਬਦਲ ਦਿੰਦਾ ਹੈ। ਜਿੰਨਾ ਜ਼ਿਆਦਾ ਕੋਈ ਵਿਅਕਤੀ ਆਪਣੀ ਮਾਨਸਿਕ ਸਥਿਤੀ ਨੂੰ ਨਿਯੰਤ੍ਰਿਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਸ਼ਾਂਤੀ ਪ੍ਰਾਪਤ ਕਰਨਾ ਓਨਾ ਹੀ ਮੁਸ਼ਕਲ ਹੁੰਦਾ ਜਾਂਦਾ ਹੈ। ਸੰਤੁਲਿਤ ਜੀਵਨ ਅਤੇ ਕਿਸੇ ਦੇ ਵਿਚਾਰਾਂ ਤੇ ਭਾਵਨਾਵਾਂ ਨੂੰ ਸਵੀਕਾਰ ਕਰਨ ਦੇ ਨਤੀਜੇ ਵਜੋਂ ਆਰਾਮ ਅਸਿੱਧੇ ਤੌਰ 'ਤੇ ਸਭ ਤੋਂ ਵਧੀਆ ਅਨੁਭਵ ਕੀਤਾ ਜਾਂਦਾ ਹੈ। ਆਰਾਮ ਕਰਨ ਦੀ ਜ਼ਰੂਰਤ ਨੂੰ ਛੱਡ ਕੇ ਅਤੇ ਕੁਦਰਤੀ ਤੇ ਅਰਥਪੂਰਨ ਢੰਗ ਨਾਲ ਜੀਣ 'ਤੇ ਧਿਆਨ ਕੇਂਦਰਿਤ ਕਰਕੇ, ਮਨ ਸ਼ਾਂਤ ਹੋਣ ਦਾ ਆਪਣਾ ਰਸਤਾ ਲੱਭ ਲੈਂਦਾ ਹੈ।

## ਖੁਸ਼ਹਾਲ, ਸਿਹਤਮੰਦ ਅਤੇ ਤਣਾਅ ਮੁਕਤ ਜੀਵਨ ਕਿਵੇਂ ਜੀਣੀ ਹੈ

ਇਹ ਬਹੁਤ ਸਾਰੇ ਲੋਕਾਂ ਲਈ ਇੱਕ ਟੀਚਾ ਹੈ, ਹਾਲਾਂਕਿ ਤਣਾਅ ਨੂੰ ਕਦੇ ਵੀ ਪੂਰੀ ਤਰ੍ਹਾਂ ਦੂਰ ਨਹੀਂ ਕੀਤਾ ਜਾ ਸਕਦਾ, ਪਰ ਇਸਨੂੰ ਜੀਵਨ ਦੇ ਹਰ ਪੜਾਅ 'ਤੇ ਸਮਝਦਾਰੀ ਨਾਲ ਪ੍ਰਬੰਧਿਤ ਕੀਤਾ ਜਾ ਸਕਦਾ ਹੈ। ਹਰ ਪੜਾਅ- ਜਵਾਨੀ, ਬਾਲਗਤਾ, ਅਧਰੇੜ ਉਮਰ ਅਤੇ ਬੁਢਾਪੇ ਦੀਆਂ ਆਪਣੀਆਂ ਚੁਣੌਤੀਆਂ ਤੇ ਮੌਕੇ ਹੁੰਦੇ ਹਨ। ਇਨ੍ਹਾਂ ਪੜਾਵਾਂ ਨੂੰ ਸਮਝ ਕੇ ਅਤੇ ਸਾਧਾਰਨ ਆਦਤਾਂ ਅਪਣਾ ਕੇ, ਕੋਈ ਵੀ ਇੱਕ ਸੰਤੁਲਿਤ ਅਤੇ ਅਰਥਪੂਰਨ ਜੀਵਨ ਜੀ ਸਕਦਾ ਹੈ।

### ਜਵਾਨੀ
### (ਕਿਸ਼ੋਰ ਤੋਂ 20 ਸਾਲ ਦੀ ਉਮਰ ਤੱਕ)

ਜਵਾਨੀ ਊਰਜਾ, ਸਿੱਖਣ ਅਤੇ ਖੋਜ ਦਾ ਸਮਾਂ ਹੈ। ਇਸ ਪੜਾਅ 'ਤੇ ਭਵਿੱਖੀ ਜੀਵਨ ਦੀ ਨੀਂਹ ਬਣਾਈ ਜਾਂਦੀ ਹੈ। ਖੁਸ਼ ਅਤੇ ਸਿਹਤਮੰਦ ਰਹਿਣ ਲਈ ਨੌਜਵਾਨਾਂ ਨੂੰ ਚੰਗੀਆਂ ਆਦਤਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਨਿਯਮਤ ਕਸਰਤ, ਸੰਤੁਲਿਤ ਖੁਰਾਕ ਅਤੇ ਸਹੀ ਨੀਂਦ ਬਹੁਤ ਮਹੱਤਵਪੂਰਨ ਹਨ। ਇਹ ਆਦਤਾਂ ਸਰੀਰਕ ਅਤੇ ਮਾਨਸਿਕ ਸਿਹਤ- ਦੋਵਾਂ ਨੂੰ ਬਿਹਤਰ ਬਣਾਉਂਦੀਆਂ ਹਨ।

ਨੌਜਵਾਨ ਅਕਸਰ ਪੜ੍ਹਾਈ, ਸਾਥੀਆਂ ਦੇ ਦਬਾਅ ਅਤੇ ਸਮਾਜਿਕ ਉਮੀਦਾਂ ਤੋਂ ਤਣਾਅ ਦਾ ਸਾਹਮਣਾ ਕਰਦੇ ਹਨ। ਇਸ ਨੂੰ ਸੰਭਾਲਣ ਲਈ ਉਨ੍ਹਾਂ ਨੂੰ ਸਮਾਂ ਪ੍ਰਬੰਧਨ ਸਿੱਖਣਾ ਚਾਹੀਦਾ ਹੈ ਅਤੇ ਦੂਜਿਆਂ ਨਾਲ ਆਪਣੀ ਤੁਲਨਾ ਕਰਨ ਤੋਂ ਬਚਣਾ ਚਾਹੀਦਾ ਹੈ। ਹਰ ਕੋਈ ਆਪਣੀ ਰਫ਼ਤਾਰ ਨਾਲ ਵਧਦਾ ਹੈ। ਮਜਬੂਤ ਦੋਸਤੀ ਬਣਾਉਣਾ ਅਤੇ ਪਰਿਵਾਰਕ ਮੈਂਬਰਾਂ ਨਾਲ ਖੁੱਲ੍ਹਾ ਸੰਚਾਰ ਬਣਾਈ ਰੱਖਣਾ ਵੀ ਤਣਾਅ ਘਟਾਉਣ ਵਿੱਚ ਮਦਦ ਕਰਦਾ ਹੈ।

ਨੌਜਵਾਨਾਂ ਲਈ ਹੁਨਰ ਵਿਕਸਤ ਕਰਨਾ ਅਤੇ ਆਪਣੀਆਂ ਰੁਚੀਆਂ ਦੀ ਪੜਚੋਲ ਕਰਨਾ ਵੀ ਮਹੱਤਵਪੂਰਨ ਹੈ। ਭਵਿੱਖ ਬਾਰੇ ਬਹੁਤ ਜ਼ਿਆਦਾ ਚਿੰਤਾ ਕਰਨ ਦੀ ਬਜਾਏ, ਉਨ੍ਹਾਂ ਨੂੰ ਸਿੱਖਣ ਅਤੇ ਸੁਧਾਰ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਸਾਧਾਰਨ ਆਰਾਮ ਦੇ ਤਰੀਕਿਆਂ ਦਾ ਅਭਿਆਸ ਕਰਨਾ, ਜਿਵੇਂ ਕਿ ਡੂੰਘਾ ਸਾਹ ਲੈਣਾ ਜਾਂ ਕੁਦਰਤ ਵਿੱਚ ਸਮਾਂ ਬਿਤਾਉਣਾ ਆਦਿ ਮਨ ਨੂੰ ਸ਼ਾਂਤ ਕਰਨ ਵਿੱਚ ਮਦਦ ਕਰ ਸਕਦਾ ਹੈ। ਸਭ ਤੋਂ ਮਹੱਤਵਪੂਰਨ ਅਸਫਲਤਾਵਾਂ ਨੂੰ ਵਿਕਾਸ ਦੇ ਹਿੱਸੇ ਵਜੋਂ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਆਪਣੇ ਆਪ 'ਤੇ ਬਹੁਤ ਜ਼ਿਆਦਾ ਸਖ਼ਤ ਨਹੀਂ ਹੋਣਾ ਚਾਹੀਦਾ।

### ਬਾਲਗ ਹੋਣਾ
### (20 ਤੋਂ 30 ਦੇ ਦਹਾਕੇ ਦੇ ਅਖੀਰ ਤੱਕ)

ਬਾਲਗ ਹੋਣਾ ਕਰੀਅਰ ਬਣਾਉਣ, ਰਿਸ਼ਤੇ ਬਣਾਉਣ ਅਤੇ ਕਈ ਵਾਰ ਪਰਿਵਾਰ ਸ਼ੁਰੂ ਕਰਨ ਵਰਗੀਆਂ ਜ਼ਿੰਮੇਵਾਰੀਆਂ ਲਿਆਉਂਦਾ ਹੈ। ਇਸ ਪੜਾਅ ਦੌਰਾਨ ਕੰਮ ਦੇ ਦਬਾਅ ਅਤੇ ਵਿੱਤੀ ਚਿੰਤਾਵਾਂ ਕਾਰਨ ਅਕਸਰ ਤਣਾਅ ਵਧਦਾ ਹੈ। ਤਣਾਅ ਮੁਕਤ ਰਹਿਣ ਲਈ ਕੰਮ-ਜੀਵਨ ਸੰਤੁਲਨ ਬਣਾਈ ਰੱਖਣਾ ਅਹਿਮ ਹੈ। ਬਾਲਗਾਂ ਨੂੰ ਜ਼ਿਆਦਾ ਕੰਮ ਕਰਨ ਤੋਂ ਬਚਣਾ ਚਾਹੀਦਾ ਹੈ ਅਤੇ ਸੀਮਾਵਾਂ ਨਿਰਧਾਰਤ ਕਰਨਾ ਸਿੱਖਣਾ ਚਾਹੀਦਾ ਹੈ। ਮਾਨਸਿਕ ਸਿਹਤ ਲਈ ਬ੍ਰੇਕ ਲੈਣਾ, ਪਰਿਵਾਰ ਨਾਲ ਸਮਾਂ ਬਿਤਾਉਣਾ ਅਤੇ ਸ਼ੌਕ ਦਾ ਆਨੰਦ ਲੈਣਾ ਜ਼ਰੂਰੀ ਹੈ। ਸਰੀਰਕ ਸਿਹਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ; ਨਿਯਮਤ ਕਸਰਤ ਅਤੇ ਸਿਹਤਮੰਦ ਖਾਣਾ ਜਾਰੀ ਰੱਖਣਾ ਚਾਹੀਦਾ ਹੈ।

ਇਸ ਪੜਾਅ 'ਤੇ ਵਿੱਤੀ ਯੋਜਨਾਬੰਦੀ ਵੀ ਮਹੱਤਵਪੂਰਨ ਹੈ। ਪੈਸੇ ਬਚਾਉਣਾ ਅਤੇ ਬੇਲੋੜੇ ਕਰਜ਼ੇ ਤੋਂ ਬਚਣਾ ਭਵਿੱਖ ਦੇ ਤਣਾਅ ਨੂੰ ਘਟਾ ਸਕਦਾ ਹੈ। ਸਾਥੀਆਂ, ਦੋਸਤਾਂ ਅਤੇ ਸਹਿਕਰਮੀਆਂ ਨਾਲ ਮਜਬੂਤ ਅਤੇ ਸਤਿਕਾਰਯੋਗ ਰਿਸ਼ਤੇ ਬਣਾਉਣਾ ਭਾਵਨਾਤਮਕ ਸਮਰਥਨ ਪੈਦਾ ਕਰਦਾ ਹੈ।

ਇੱਕ ਹੋਰ ਮੁੱਖ ਨੁਕਤਾ ਇਹ ਸਵੀਕਾਰ ਕਰਨਾ ਸਿੱਖਣਾ ਹੈ ਕਿ ਹਰ ਚੀਜ਼ ਨੂੰ ਨਿਯੰਤ੍ਰਿਤ ਨਹੀਂ ਕੀਤਾ ਜਾ ਸਕਦਾ। ਜ਼ਿੰਦਗੀ ਹਮੇਸ਼ਾ ਯੋਜਨਾ ਅਨੁਸਾਰ ਨਹੀਂ ਚੱਲ ਸਕਦੀ। ਲਚਕਦਾਰ ਅਤੇ ਧੀਰਜਵਾਨ ਹੋਣਾ ਚਿੰਤਾ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਸ਼ੁਕਰਗੁਜ਼ਾਰੀ ਦਾ ਅਭਿਆਸ ਕਰਨਾ, ਜੋ ਕਿਸੇ ਕੋਲ ਹੈ ਉਸ ਲਈ ਸ਼ੁਕਰਗੁਜ਼ਾਰ ਹੋਣਾ, ਸ਼ਾਂਤੀ ਅਤੇ ਸੰਤੁਸ਼ਟੀ ਦੀ ਭਾਵਨਾ ਲਿਆ ਸਕਦਾ ਹੈ।

### ਅਧਰੇੜ/ਮੱਧ ਉਮਰ
### (40 ਤੋਂ 60 ਦੇ ਦਹਾਕੇ)

ਅਧਰੇੜ ਉਮਰ ਨੂੰ ਅਕਸਰ ਪ੍ਰਤੀਬਿੰਬ ਅਤੇ ਤਬਦੀਲੀ ਦੇ ਸਮੇਂ ਵਜੋਂ ਦੇਖਿਆ ਜਾਂਦਾ ਹੈ। ਲੋਕਾਂ ਨੂੰ ਕਰੀਅਰ ਦੇ ਦਬਾਅ, ਸਿਹਤ ਸੰਬੰਧੀ ਚਿੰਤਾਵਾਂ, ਅਤੇ

⇒ ***ਬਾਕੀ ਅਗਲੇ ਸਫੇ ਉਤੇ ਪੜ੍ਹੋ***

# ਪੱਛਮੀ ਏਸ਼ੀਆ ਯੁੱਧ ਦਾ ਅਸਰ

## ਦਵਾਈਆਂ ਦੀਆਂ ਕੀਮਤਾਂ ਅਸਮਾਨੀਂ ਲੱਗਣਗੀਆਂ

ਪੰਜਾਬੀ ਪਰਵਾਜ਼ ਬਿਊਰੋ

ਪੱਛਮੀ ਏਸ਼ੀਆ ਵਿੱਚ ਚੱਲ ਰਹੇ ਯੁੱਧ ਨੇ ਸਿਰਫ਼ ਰਾਜਨੀਤਿਕ ਹੀ ਨਹੀਂ, ਸਗੋਂ ਆਰਥਿਕ ਅਤੇ ਸਿਹਤ ਖੇਤਰ ’ਤੇ ਵੀ ਗੰਭੀਰ ਅਸਰ ਪਾਇਆ ਹੈ। ਖ਼ਾਸ ਕਰਕੇ ਦਵਾਈ ਉਦਯੋਗ ਇਸ ਸਮੇਂ ਵੱਡੇ ਸੰਕਟ ਵਿੱਚ ਹੈ। ਇਰਾਨ ’ਤੇ ਅਮਰੀਕਾ ਅਤੇ ਇਜ਼ਰਾਇਲ ਦੇ ਹਮਲਿਆਂ ਤੋਂ ਬਾਅਦ ਪੂਰੀ ਫਾਰਮਾਸਿਊਟਿਕਲ ਸਪਲਾਈ ਚੇਨ ਹਿਲ ਗਈ ਹੈ, ਜਿਸ ਕਾਰਨ ਕੱਚੇ ਮਾਲ ਦੀਆਂ ਕੀਮਤਾਂ ਵਿੱਚ ਸਿਰਫ਼ 15 ਦਿਨਾਂ ਵਿੱਚ 200 ਤੋਂ 300 ਫ਼ੀਸਦੀ ਤੱਕ ਦਾ ਵੱਡਾ ਉਛਾਲ ਆਇਆ ਹੈ।

ਇਸ ਅਚਾਨਕ ਵਾਧੇ ਨੇ ਦਵਾਈ ਬਣਾਉਣ ਵਾਲੀਆਂ ਕੰਪਨੀਆਂ ਨੂੰ ਚਿੰਤਤ ਕਰ ਦਿੱਤਾ ਹੈ। ਉਦਯੋਗ ਨਾਲ ਜੁੜੇ ਲੋਕ ਚੇਤਾਵਨੀ ਦੇ ਰਹੇ ਹਨ ਕਿ ਜੇ ਇਹ ਹਾਲਾਤ ਜਾਰੀ ਰਹੇ ਤਾਂ ਨਾ ਸਿਰਫ਼ ਦਵਾਈਆਂ ਮਹਿੰਗੀਆਂ ਹੋਣਗੀਆਂ, ਸਗੋਂ ਉਨ੍ਹਾਂ ਦੀ ਕਮੀ ਵੀ ਆ ਸਕਦੀ ਹੈ। ਇਹ ਸਥਿਤੀ ਸਿੱਧਾ ਆਮ ਲੋਕਾਂ ਦੀ ਸਿਹਤ ’ਤੇ ਅਸਰ ਪਾਏਗੀ।

ਰਿਪੋਰਟਾਂ ਮੁਤਾਬਕ ਦਵਾਈਆਂ ਵਿੱਚ ਵਰਤੇ ਜਾਣ ਵਾਲੇ ਮੁੱਖ ਤੱਤ-ਜਿਵੇਂ ਕਿ ਐਕਟਿਵ ਫਾਰਮਾਸਿਊਟਿਕਲ ਇੰਗਰੀਡੀਅੰਟ (ਏ.ਪੀ.ਆਈ.), ਸਾਲਵੈਂਟਸ, ਐਕਸਿਪੀਐਂਟਸ ਅਤੇ ਪੈਕੇਜਿੰਗ ਸਮਗਰੀ ਦੀ ਕੀਮਤ ਵਿੱਚ 200 ਤੋਂ 300 ਫ਼ੀਸਦੀ ਤੱਕ ਦਾ ਵਾਧਾ ਹੋਇਆ ਹੈ। ਇਹ ਵਾਧਾ ਆਮ ਨਹੀਂ, ਸਗੋਂ ਇਤਿਹਾਸਕ ਮੰਨਿਆ ਜਾ ਰਿਹਾ ਹੈ। ਮਿਸਾਲ ਵਜੋਂ, ਪਿਛਲੇ ਦੋ ਹਫ਼ਤਿਆਂ ਵਿੱਚ ਪੈਰਾਸੀਟਾਮੋਲ ਦੀ ਕੀਮਤ 250 ਰੁਪਏ ਪ੍ਰਤੀ ਕਿਲੋਗ੍ਰਾਮ ਤੋਂ ਵਧ ਕੇ 450 ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਈ ਹੈ। ਇਹ ਲਗਭਗ 80 ਫ਼ੀਸਦੀ ਵਾਧਾ ਹੈ, ਜੋ ਸਿੱਧਾ ਆਮ ਦਵਾਈਆਂ ਦੀ ਲਾਗਤ ਨੂੰ ਪ੍ਰਭਾਵਿਤ ਕਰਦਾ ਹੈ।

ਹਿਮਾਚਲ ਪ੍ਰਦੇਸ਼, ਜੋ ਭਾਰਤ ਵਿੱਚ ਦਵਾਈ ਉਤਪਾਦਨ ਦਾ ਇੱਕ ਵੱਡਾ ਕੇਂਦਰ ਹੈ, ਇਸ ਸੰਕਟ ਦਾ ਸਭ ਤੋਂ ਵੱਧ ਅਸਰ ਝੱਲ ਰਿਹਾ ਹੈ। ਇੱਥੇ ਲਗਭਗ 650 ਫਾਰਮਾਸਿਊਟਿਕਲ ਯੂਨਿਟ ਹਨ, ਜੋ ਦੇਸ਼ ਵਿੱਚ ਵਰਤੀ ਜਾਣ ਵਾਲੀਆਂ ਕੁੱਲ ਦਵਾਈਆਂ ਦਾ ਲਗਭਗ 25 ਫ਼ੀਸਦੀ ਉਤਪਾਦਨ ਕਰਦੇ ਹਨ। ਪਰ ਹੁਣ ਕੱਚੇ ਮਾਲ ਦੀ ਕਮੀ ਅਤੇ ਕੀਮਤਾਂ ਦੇ ਵਾਧੇ ਕਾਰਨ ਇਹ ਯੂਨਿਟ ਪੂਰੀ ਸਮਰੱਥਾ ਨਾਲ ਕੰਮ ਨਹੀਂ ਕਰ ਰਹੇ। ਪਹਿਲਾਂ ਜਿੱਥੇ ਫੈਕਟਰੀਆਂ 24 ਘੰਟੇ ਚੱਲਦੀਆਂ ਸਨ, ਹੁਣ ਉਹ ਸਿਰਫ਼ 8 ਘੰਟਿਆਂ ਦੀ ਇੱਕ ਹੀ ਸ਼ਿਫਟ ਵਿੱਚ ਕੰਮ ਕਰ ਰਹੀਆਂ ਹਨ। ਇਸ ਨਾਲ ਉਤਪਾਦਨ ਵਿੱਚ ਵੱਡੀ ਕਮੀ ਆਈ ਹੈ।

ਉਦਯੋਗ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਇਸ ਸਮੇਂ ਦਵਾਈਆਂ ਦੀ ਸਪਲਾਈ ਵਿੱਚ ਲਗਭਗ 40 ਫ਼ੀਸਦੀ ਦੀ ਕਟੌਤੀ ਹੋ ਚੁੱਕੀ ਹੈ। ਜੇ ਹਾਲਾਤ ਜਲਦੀ ਨਹੀਂ ਸੁਧਰੇ, ਤਾਂ ਇਹ ਘਾਟ ਹੋਰ ਵਧ ਸਕਦੀ ਹੈ।

ਉਤਪਾਦਨ ਘਟਣ ਦਾ ਸਿੱਧਾ ਅਸਰ ਰੁਜ਼ਗਾਰ ’ਤੇ ਵੀ ਪੈ ਰਿਹਾ ਹੈ। ਜਦੋਂ ਫੈਕਟਰੀਆਂ ਘੱਟ ਸਮੇਂ ਲਈ ਚੱਲਦੀਆਂ ਹਨ ਤਾਂ ਮਜ਼ਦੂਰਾਂ ਦੀ ਲੋੜ ਵੀ ਘੱਟ ਹੋ ਜਾਂਦੀ ਹੈ। ਇਸ ਕਾਰਨ ਆਉਣ ਵਾਲੇ ਸਮੇਂ ਵਿੱਚ ਨੌਕਰੀਆਂ ਵਿੱਚ ਕਟੌਤੀ ਹੋਣ ਦਾ ਡਰ ਹੈ। ਇਸ ਤੋਂ ਇਲਾਵਾ, ਘਰੇਲੂ ਐਲ.ਪੀ.ਜੀ. ਦੀ ਕਮੀ ਵੀ ਇੱਕ ਹੋਰ ਵੱਡੀ ਸਮੱਸਿਆ ਬਣ ਰਹੀ ਹੈ। ਇਸ ਕਾਰਨ ਮਜ਼ਦੂਰਾਂ ਦੇ ਹੋਰ ਇਲਾਕਿਆਂ ਵੱਲ ਜਾਣ ਦੀ ਸੰਭਾਵਨਾ ਵਧ ਰਹੀ ਹੈ, ਜੋ ਉਤਪਾਦਨ ਨੂੰ ਹੋਰ ਪ੍ਰਭਾਵਿਤ ਕਰ ਸਕਦੀ ਹੈ।




ਹਿਮਾਚਲ ਡਰੱਗ ਮੈਨੂਫੈਕਚਰਰਜ਼ ਐਸੋਸੀਏਸ਼ਨ ਨੇ ਭਾਰਤ ਸਰਕਾਰ ਨੂੰ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਐਸੋਸੀਏਸ਼ਨ ਨੇ ਇੱਕ ਐਮਰਜੈਂਸੀ ਟਾਸਕ ਫੋਰਸ ਬਣਾਉਣ ਅਤੇ ਜ਼ਰੂਰੀ ਵਸਤੂ ਐਕਟ-1956 ਨੂੰ ਲਾਗੂ ਕਰਨ ਦੀ ਮੰਗ ਕੀਤੀ ਹੈ, ਤਾਂ ਜੋ ਕੀਮਤਾਂ ’ਤੇ ਕਾਬੂ ਪਾਇਆ ਜਾ ਸਕੇ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਕੀਮਤਾਂ ਇਸੇ ਤਰ੍ਹਾਂ ਵਧਦੀਆਂ ਰਹੀਆਂ, ਤਾਂ ਉਤਪਾਦਨ ਜਾਰੀ ਰੱਖਣਾ ਮੁਸ਼ਕਲ ਹੋ ਜਾਵੇਗਾ ਅਤੇ ਕਈ ਯੂਨਿਟ ਬੰਦ ਹੋਣ ਦੇ ਕਿਨਾਰੇ ਪਹੁੰਚ ਸਕਦੇ ਹਨ।

ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਅਧਿਕਾਰੀਆਂ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਕੱਚੇ ਮਾਲ, ਐਲੂਮੀਨੀਅਮ ਫੋਇਲ ਅਤੇ ਹੋਰ ਸਮੱਗਰੀ ਦੀਆਂ ਕੀਮਤਾਂ ਵਧਣ ਕਾਰਨ ਦਵਾਈਆਂ ਦੇ ਭਾਅ ਵਿੱਚ ਵਾਧਾ ਲਗਭਗ ਪੱਕਾ ਹੈ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਦਵਾਈਆਂ ਦੀਆਂ ਕੀਮਤਾਂ 20 ਤੋਂ 25 ਫ਼ੀਸਦੀ ਤੱਕ ਵੱਧ ਸਕਦੀਆਂ ਹਨ। ਖ਼ਾਸ ਕਰਕੇ ਉਹ ਦਵਾਈਆਂ ਜੋ ਲੋਕ ਰੋਜ਼ਾਨਾ ਵਰਤਦੇ ਹਨ-ਜਿਵੇਂ ਦਰਦ ਨਿਵਾਰਕ, ਬੁਖ਼ਾਰ ਦੀਆਂ ਦਵਾਈਆਂ ਅਤੇ ਸ਼ੂਗਰ ਦੀਆਂ ਦਵਾਈਆਂ ਸਭ ਤੋਂ ਵੱਧ ਪ੍ਰਭਾਵਿਤ ਹੋਣਗੀਆਂ। ਇਸਦੇ ਨਾਲ ਹੀ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਲਈ ਅਮਰੀਕਾ ਅਤੇ ਯੂਰਪ ਤੋਂ ਆਉਣ ਵਾਲੀਆਂ ਦਵਾਈਆਂ ਦੇ ਭਾਅ ਵਿੱਚ ਵੀ ਵਾਧਾ ਹੋਣ ਦੀ ਸੰਭਾਵਨਾ ਹੈ।

**ਸਪਲਾਈ ਚੇਨ ਦਾ ਟੁੱਟਣਾ ਵੱਡੀ ਚੁਣੌਤੀ:** ਪੱਛਮੀ ਏਸ਼ੀਆ ਦੁਨੀਆ ਭਰ ਲਈ ਕੱਚੇ ਮਾਲ ਅਤੇ ਰਸਾਇਣਾਂ ਦਾ ਇੱਕ ਮਹੱਤਵਪੂਰਨ ਸਰੋਤ ਹੈ। ਜੰਗ ਕਾਰਨ ਜਹਾਜ਼ਰਾਨੀ ਅਤੇ ਆਵਾਜਾਈ ਪ੍ਰਣਾਲੀ ਪ੍ਰਭਾਵਿਤ ਹੋ ਰਹੀ ਹੈ, ਜਿਸ ਨਾਲ ਸਪਲਾਈ ਵਿੱਚ ਰੁਕਾਵਟ ਆ ਰਹੀ ਹੈ। ਜਦੋਂ ਸਪਲਾਈ ਚੇਨ ਟੁੱਟਦੀ ਹੈ ਤਾਂ ਸਿਰਫ਼ ਕੀਮਤਾਂ ਹੀ ਨਹੀਂ ਵਧਦੀਆਂ, ਸਗੋਂ ਸਮੇਂ ’ਤੇ ਸਮਾਨ ਵੀ ਨਹੀਂ ਮਿਲਦਾ। ਇਹ ਦਵਾਈ ਉਦਯੋਗ ਲਈ ਸਭ ਤੋਂ ਵੱਡੀ ਚੁਣੌਤੀ ਹੈ।

ਇਸ ਸਾਰੇ ਸੰਕਟ ਦਾ ਸਭ ਤੋਂ ਵੱਡਾ ਅਸਰ ਆਮ ਲੋਕਾਂ ’ਤੇ ਪੈਣਾ ਹੈ। ਜੇ ਦਵਾਈਆਂ ਮਹਿੰਗੀਆਂ ਹੋ ਜਾਂਦੀਆਂ ਹਨ ਤਾਂ ਗਰੀਬ ਅਤੇ ਮੱਧਵਰਗ ਦੇ ਲੋਕਾਂ ਲਈ ਇਲਾਜ ਕਰਵਾਉਣਾ ਔਖਾ ਹੋ ਜਾਵੇਗਾ। ਜੇ ਦਵਾਈਆਂ ਦੀ ਕਮੀ ਆਉਂਦੀ ਹੈ ਤਾਂ ਹਸਪਤਾਲਾਂ ਅਤੇ ਕਲਿਨਿਕਾਂ ਵਿੱਚ ਵੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਨਾਲ ਸਿਹਤ ਪ੍ਰਣਾਲੀ ’ਤੇ ਦਬਾਅ ਵਧੇਗਾ।

ਭਾਰਤ ਨੂੰ ‘ਦੁਨੀਆ ਦੀ ਫਾਰਮੇਸੀ’ ਕਿਹਾ ਜਾਂਦਾ ਹੈ, ਪਰ ਹਕੀਕਤ ਇਹ ਹੈ ਕਿ ਦਵਾਈ ਬਣਾਉਣ ਲਈ ਕਈ ਕੱਚੇ ਤੱਤ ਵਿਦੇਸ਼ਾਂ ਤੋਂ ਆਉਂਦੇ ਹਨ। ਖ਼ਾਸ ਕਰਕੇ ਐਕਟਿਵ ਫਾਰਮਾਸਿਊਟਿਕਲ ਇੰਗਰੀਡੀਅੰਟ ਲਈ ਭਾਰਤ, ਚੀਨ ਅਤੇ ਹੋਰ ਦੇਸ਼ਾਂ ’ਤੇ ਨਿਰਭਰ ਹੈ। ਇਸ ਕਰਕੇ ਜਦੋਂ ਵੀ ਅੰਤਰਰਾਸ਼ਟਰੀ ਪੱਧਰ ’ਤੇ ਕੋਈ ਸੰਕਟ ਹੁੰਦਾ ਹੈ ਤਾਂ ਉਸਦਾ ਸਿੱਧਾ ਅਸਰ ਭਾਰਤੀ ਦਵਾਈ ਉਦਯੋਗ ’ਤੇ ਪੈਂਦਾ ਹੈ।


ਇਸ ਸਥਿਤੀ ਨਾਲ ਨਿਪਟਣ ਲਈ ਸਰਕਾਰ ਅਤੇ ਉਦਯੋਗ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਕੁਝ ਜ਼ਰੂਰੀ ਕਦਮ ਇਹ ਹੋ ਸਕਦੇ ਹਨ: ਦੇਸ਼ ਵਿੱਚ ਕੱਚੇ ਮਾਲ ਦੀ ਉਤਪਾਦਨ ਸਮਰੱਥਾ ਵਧਾਉਣਾ; ਦਰਾਮਦ ’ਤੇ ਨਿਰਭਰਤਾ ਘਟਾਉਣਾ; ਕੀਮਤਾਂ ’ਤੇ ਕੰਟਰੋਲ ਲਈ ਸਖ਼ਤ ਕਾਨੂੰਨ ਲਾਗੂ ਕਰਨਾ ਅਤੇ ਜ਼ਰੂਰੀ ਦਵਾਈਆਂ ਦਾ ਸਟਾਕ ਬਣਾ ਕੇ ਰੱਖਣਾ।

ਸੋ, ਪੱਛਮੀ ਏਸ਼ੀਆ ਵਿੱਚ ਚੱਲ ਰਿਹਾ ਯੁੱਧ ਸਿਰਫ਼ ਇੱਕ ਖੇਤਰੀ ਸੰਘਰਸ਼ ਨਹੀਂ ਰਿਹਾ। ਇਸਦਾ ਅਸਰ ਦੁਨੀਆ ਭਰ ਵਿੱਚ ਮਹਿਸੂਸ ਕੀਤਾ ਜਾ ਰਿਹਾ ਹੈ। ਦਵਾਈਆਂ ਦੀਆਂ ਕੀਮਤਾਂ ਵਿੱਚ ਵਾਧਾ ਅਤੇ ਕਮੀ ਦਾ ਖ਼ਤਰਾ ਇਸ ਗੱਲ ਦਾ ਸਪਸ਼ਟ ਸੰਕੇਤ ਹੈ। ਜੇ ਸਮੇਂ ਸਿਰ ਕਦਮ ਨਾ ਚੁੱਕੇ ਗਏ ਤਾਂ ਇਹ ਸੰਕਟ ਹੋਰ ਗੰਭੀਰ ਹੋ ਸਕਦਾ ਹੈ। ਇਸ ਲਈ ਲੋੜ ਹੈ ਕਿ ਸਰਕਾਰ, ਉਦਯੋਗ ਅਤੇ ਸਮਾਜ ਸਾਰੇ ਮਿਲ ਕੇ ਇਸ ਚੁਣੌਤੀ ਦਾ ਸਾਹਮਣਾ ਕਰਨ ਤਾਂ ਜੋ ਆਮ ਲੋਕਾਂ ਦੀ ਸਿਹਤ ਸੁਰੱਖਿਅਤ ਰਹੇ।

*-0-*

# ਜ਼ਿੰਦਗੀ ਵਿੱਚ ਮਾਨਸਿਕ ਤਣਾਅ ਅਤੇ ਆਰਾਮ

ਪਰਿਵਾਰਕ ਜ਼ਿੰਮੇਵਾਰੀਆਂ ਜਿਵੇਂ ਕਿ ਬੱਚਿਆਂ ਅਤੇ ਬੁੱਢੇ ਮਾਪਿਆਂ ਦੀ ਦੇਖਭਾਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨਾਲ ‘ਮੱਧ ਉਮਰ ਸੰਕਟ’ ਹੋ ਸਕਦਾ ਹੈ। ਖੁਸ਼ ਅਤੇ ਸਿਹਤਮੰਦ ਰਹਿਣ ਲਈ ਤਬਦੀਲੀਆਂ ਨੂੰ ਸ਼ਾਂਤੀ ਨਾਲ ਸਵੀਕਾਰ ਕਰਨਾ ਮਹੱਤਵਪੂਰਨ ਹੈ। ਸਰੀਰਕ ਸਿਹਤ ਵਧੇਰੇ ਮਹੱਤਵਪੂਰਨ ਹੋ ਜਾਂਦੀ ਹੈ, ਇਸ ਲਈ ਨਿਯਮਤ ਜਾਂਚ, ਕਸਰਤ ਅਤੇ ਸੰਤੁਲਿਤ ਖੁਰਾਕ ਜ਼ਰੂਰੀ ਹੈ। ਜੀਵਨ ਨੂੰ ਸਰਲ ਬਣਾ ਕੇ ਅਤੇ ਅਸਲ ਵਿੱਚ ਮਾਇਨੇ ਰੱਖਣ ਵਾਲੀਆਂ ਚੀਜ਼ਾਂ ’ਤੇ ਧਿਆਨ ਕੇਂਦਰਿਤ ਕਰਕੇ ਤਣਾਅ ਨੂੰ ਘਟਾਇਆ ਜਾ ਸਕਦਾ ਹੈ। ਇਸ ਪੜਾਅ ‘ਤੇ ਲੋਕਾਂ ਨੂੰ ਆਪਣੇ ਲਈ ਵੀ ਸਮਾਂ ਕੱਢਣਾ ਚਾਹੀਦਾ ਹੈ। ਸ਼ੌਕਾਂ ਵਿੱਚ ਸ਼ਾਮਲ ਹੋਣਾ, ਨਵੇਂ ਹੁਨਰ ਸਿੱਖਣਾ ਜਾਂ ਸਮਾਜਿਕ ਤੇ ਭਾਈਚਾਰਕ ਕੰਮ ਕਰਨਾ ਖੁਸ਼ੀ ਅਤੇ ਉਦੇਸ਼ ਲਿਆ ਸਕਦਾ ਹੈ। ਪਿਛਲੇ ਪਛਤਾਵੇ ਨੂੰ ਛੱਡਣਾ ਅਤੇ ਵਰਤਮਾਨ ‘ਤੇ ਧਿਆਨ ਕੇਂਦਰਿਤ ਕਰਨਾ ਵੀ ਮਦਦਗਾਰ ਹੈ।




ਮਜਬੂਤ ਸਬੰਧਾਂ ਨੂੰ ਬਣਾਈ ਰੱਖਣਾ ਬਹੁਤ ਮਹੱਤਵਪੂਰਨ ਹੈ। ਪਰਿਵਾਰ ਅਤੇ ਦੋਸਤਾਂ ਨਾਲ ਸਮਾਂ ਬਿਤਾਉਣਾ ਭਾਵਨਾਤਮਕ ਸਹਾਇਤਾ ਪ੍ਰਦਾਨ ਕਰਦਾ ਹੈ। ਖੁੱਲ੍ਹਾ ਸੰਚਾਰ ਗਲਤਫਹਿਮੀਆਂ ਨੂੰ ਦੂਰ ਕਰਨ ਵਿੱਚ ਮਦਦ ਕਰਦਾ ਹੈ ਅਤੇ ਮਜਬੂਤ ਬੰਧਨ ਬਣਾਉਂਦਾ ਹੈ। ਮੱਧ ਜੀਵਨ ਭਵਿੱਖ ਲਈ ਯੋਜਨਾ ਬਣਾਉਣ ਲਈ ਵੀ ਇੱਕ ਚੰਗਾ ਸਮਾਂ ਹੈ, ਜਿਸ ਵਿੱਚ ਰਿਟਾਇਰਮੈਂਟ ਵੀ ਸ਼ਾਮਲ ਹੈ। ਸਹੀ ਯੋਜਨਾਬੰਦੀ ਅਨਿਸ਼ਚਿਤਤਾ ਨੂੰ ਘਟਾ ਸਕਦੀ ਹੈ ਅਤੇ ਮਨ ਦੀ ਸ਼ਾਂਤੀ ਦੇ ਸਕਦੀ ਹੈ। ਇਹ ਸਵੀਕਾਰ ਕਰਨਾ ਕਿ ਬੁਢਾਪਾ ਕੁਦਰਤੀ ਹੈ ਅਤੇ ਅੰਦਰੂਨੀ ਵਿਕਾਸ ‘ਤੇ ਧਿਆਨ ਕੇਂਦਰਿਤ ਕਰਨਾ ਇਸ ਪੜਾਅ ਨੂੰ ਹੋਰ ਸੰਪੂਰਨ ਬਣਾ ਸਕਦਾ ਹੈ।

### ਬੁਢਾਪਾ (60 ਅਤੇ ਉਸ ਤੋਂ ਬਾਅਦ)

ਬੁਢਾਪਾ ਆਰਾਮ, ਚਿੰਤਨ ਅਤੇ ਬੁੱਧੀ ਦਾ ਪੜਾਅ ਹੈ। ਹਾਲਾਂਕਿ ਇਹ ਸਿਹਤ ਸਮੱਸਿਆਵਾਂ, ਇਕੱਲਤਾ ਅਤੇ ਘੱਟ ਆਜ਼ਾਦੀ ਵਰਗੀਆਂ ਚੁਣੌਤੀਆਂ ਵੀ ਲਿਆ ਸਕਦਾ ਹੈ। ਇਸ ਪੜਾਅ ਦੌਰਾਨ ਖੁਸ਼ੀ ਨਾਲ ਰਹਿਣ ਲਈ ਵਿਅਕਤੀ ਨੂੰ ਸਰੀਰਕ ਅਤੇ ਮਾਨਸਿਕ ਤੌਰ ‘ਤੇ ਸਰਗਰਮ ਰਹਿਣਾ ਚਾਹੀਦਾ ਹੈ। ਸੈਰ, ਯੋਗਾ ਜਾਂ ਖਿੱਚਣ ਵਰਗੀਆਂ ਸਾਧਾਰਨ ਕਸਰਤਾਂ ਸਰੀਰਕ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੀਆਂ ਹਨ। ਇੱਕ ਸਿਹਤਮੰਦ ਖੁਰਾਕ ਅਤੇ ਨਿਯਮਤ ਡਾਕਟਰੀ ਦੇਖਭਾਲ ਵੀ ਮਹੱਤਵਪੂਰਨ ਹਨ। ਮਾਨਸਿਕ ਗਤੀਵਿਧੀ, ਜਿਵੇਂ ਕਿ ਪੜ੍ਹਨਾ, ਨਵੀਆਂ ਚੀਜ਼ਾਂ ਸਿੱਖਣਾ ਆਦਿ ਮਨ ਨੂੰ ਤੇਜ਼-ਤਰਾਰ ਰੱਖਦਾ ਹੈ।

ਬੁਢਾਪੇ ਵਿੱਚ ਸਮਾਜਿਕ ਸੰਪਰਕ ਬਹੁਤ ਮਹੱਤਵਪੂਰਨ ਹਨ। ਪਰਿਵਾਰ, ਦੋਸਤਾਂ ਅਤੇ ਭਾਈਚਾਰੇ ਨਾਲ ਜੁੜੇ ਰਹਿਣ ਨਾਲ ਇਕੱਲਤਾ ਦੀਆਂ ਭਾਵਨਾਵਾਂ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ। ਸਮਾਜਿਕ ਜਾਂ ਧਾਰਮਿਕ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਖੁਸ਼ੀ ਅਤੇ ਆਪਣੇਪਣ ਦੀ ਭਾਵਨਾ ਲਿਆ ਸਕਦਾ ਹੈ। ਜੀਵਨ ਦੇ ਬਦਲਾਵਾਂ ਨੂੰ ਸਵੀਕਾਰ ਕਰਨਾ ਵੀ ਮਹੱਤਵਪੂਰਨ ਹੈ, ਜਿਸ ਵਿੱਚ ਰਿਟਾਇਰਮੈਂਟ ਅਤੇ ਸਰੀਰਕ ਸੀਮਾਵਾਂ ਸ਼ਾਮਲ ਹਨ। ਜੋ ਗੁਆਚ ਗਿਆ ਹੈ, ਉਸ ‘ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਉਸ ‘ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਜਿਸ ਦਾ ਅਜੇ ਵੀ ਆਨੰਦ ਲਿਆ ਜਾ ਸਕਦਾ ਹੈ। ਨੌਜਵਾਨ ਪੀੜ੍ਹੀਆਂ ਨਾਲ ਅਨੁਭਵ ਅਤੇ ਬੁੱਧੀ ਸਾਂਝੀ ਕਰਨ ਨਾਲ ਉਦੇਸ਼ ਦੀ ਭਾਵਨਾ ਮਿਲ ਸਕਦੀ ਹੈ। ਸ਼ੁਕਰਗੁਜ਼ਾਰੀ ਦਾ ਅਭਿਆਸ ਕਰਨਾ ਅਤੇ ਸਕਾਰਾਤਮਕ ਰਵੱਈਆ ਬਣਾਈ ਰੱਖਣਾ ਬੁਢਾਪੇ ਵਿੱਚ ਖੁਸ਼ੀ ਦੀ ਕੁੰਜੀ ਹੈ। ਚਿੰਤਾਵਾਂ ਨੂੰ ਛੱਡਣਾ ਅਤੇ ਮਨ ਦੀ ਸ਼ਾਂਤੀ ‘ਤੇ ਧਿਆਨ ਕੇਂਦਰਿਤ ਕਰਨਾ ਇਸ ਪੜਾਅ ਨੂੰ ਸੱਚਮੁੱਚ ਸੰਪੂਰਨ ਬਣਾ ਸਕਦਾ ਹੈ।

### ਜੀਵਨ ਦੇ ਸਾਰੇ ਪੜਾਵਾਂ ਲਈ ਆਮ ਸਿਧਾਂਤ

ਜਦੋਂ ਕਿ ਜੀਵਨ ਦਾ ਹਰ ਪੜਾਅ ਵੱਖਰਾ ਹੁੰਦਾ ਹੈ, ਕੁਝ ਸਿਧਾਂਤ ਇੱਕੋ ਜਿਹੇ ਰਹਿੰਦੇ ਹਨ। ਚੰਗੀਆਂ ਸਿਹਤ ਆਦਤਾਂ, ਜਿਵੇਂ ਕਿ ਸਹੀ ਖੁਰਾਕ, ਕਸਰਤ ਅਤੇ ਨੀਂਦ ਹਰ ਉਮਰ ਵਿੱਚ ਮਹੱਤਵਪੂਰਨ ਹਨ। ਸਮੇਂ ਦਾ ਸਮਝਦਾਰੀ ਨਾਲ ਪ੍ਰਬੰਧਨ ਕਰਨਾ ਅਤੇ ਬੇਲੋੜੇ ਤਣਾਅ ਤੋਂ ਬਚਣਾ ਵੀ ਜ਼ਰੂਰੀ ਹੈ।

ਭਾਵਨਾਤਮਕ ਸਿਹਤ ਸਰੀਰਕ ਸਿਹਤ ਵਾਂਗ ਹੀ ਮਹੱਤਵਪੂਰਨ ਹੈ। ਦੂਜਿਆਂ ਨਾਲ ਗੱਲ ਕਰਨਾ, ਭਾਵਨਾਵਾਂ ਦਾ ਪ੍ਰਗਟਾਵਾ ਕਰਨਾ ਅਤੇ ਲੋੜ ਪੈਣ ‘ਤੇ ਸਹਾਇਤਾ ਦੀ ਮੰਗ ਕਰਨਾ ਤਣਾਅ ਨੂੰ ਵਧਣ ਤੋਂ ਰੋਕ ਸਕਦਾ ਹੈ। ਧੀਰਜ ਅਤੇ ਹਿੰਮਤ ਨਾਲ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਨੂੰ ਸਵੀਕਾਰ ਕਰਨਾ ਸਿੱਖਣਾ ਮਨ ਦੀ ਸ਼ਾਂਤੀ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ।

ਇੱਕ ਹੋਰ ਮਹੱਤਵਪੂਰਨ ਸਿਧਾਂਤ ਵਰਤਮਾਨ ਵਿੱਚ ਜੀਣਾ ਹੈ। ਭੂਤਕਾਲ ਜਾਂ ਭਵਿੱਖ ਬਾਰੇ ਬਹੁਤ ਜ਼ਿਆਦਾ ਚਿੰਤਾ ਕਰਨ ਨਾਲ ਤਣਾਅ ਪੈਦਾ ਹੁੰਦਾ ਹੈ। ਵਰਤਮਾਨ ਪਲ ‘ਤੇ ਧਿਆਨ ਕੇਂਦਰਿਤ ਕਰਨਾ ਅਤੇ ਇਸ ਵਿੱਚ ਆਪਣੀ ਪੂਰੀ ਕੋਸ਼ਿਸ਼ ਕਰਨਾ ਇੱਕ ਵਧੇਰੇ ਸ਼ਾਂਤੀਪੂਰਨ ਜੀਵਨ ਵੱਲ ਲੈ ਜਾਂਦਾ ਹੈ।

ਅੰਤ ਵਿੱਚ, ਉਦੇਸ਼ ਦੀ ਭਾਵਨਾ ਜ਼ਿੰਦਗੀ ਨੂੰ ਅਰਥ ਦਿੰਦੀ ਹੈ। ਭਾਵੇਂ ਇਹ ਕੰਮ ਹੋਵੇ, ਪਰਿਵਾਰ ਹੋਵੇ, ਦੂਜਿਆਂ ਦੀ ਮਦਦ ਹੋਵੇ ਜਾਂ ਨਿੱਜੀ ਵਿਕਾਸ ਹੋਵੇ, ਕਿਸੇ ਚੀਜ਼ ਦੀ ਦੇਖਭਾਲ ਕਰਨ ਵਾਲਾ ਹੋਣਾ ਮਨ ਨੂੰ ਰੁਝੇਵੇਂ ਅਤੇ ਖੁਸ਼ ਰੱਖਦਾ ਹੈ।

**ਸਿੱਟਾ:** ਇੱਕ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਸਾਰੇ ਤਣਾਅ ਤੋਂ ਬਚਣ ਬਾਰੇ ਨਹੀਂ ਹੈ, ਸਗੋਂ ਇਸਨੂੰ ਸਮਝਦਾਰੀ ਨਾਲ ਪ੍ਰਬੰਧਨ ਬਾਰੇ ਹੈ। ਜੀਵਨ ਦੇ ਹਰ ਪੜਾਅ ਦੀਆਂ ਆਪਣੀਆਂ ਚੁਣੌਤੀਆਂ ਹੁੰਦੀਆਂ ਹਨ, ਪਰ ਸਹੀ ਆਦਤਾਂ ਅਤੇ ਰਵੱਈਏ ਨਾਲ ਵਿਅਕਤੀ ਸ਼ਾਂਤੀ ਨਾਲ ਜੀਅ ਸਕਦਾ ਹੈ। ਸਰੀਰ ਦੀ ਦੇਖਭਾਲ ਕਰਕੇ, ਮਜਬੂਤ ਸਬੰਧਾਂ ਨੂੰ ਬਣਾਈ ਰੱਖ ਕੇ, ਮਾਨਸਿਕ ਤੌਰ ‘ਤੇ ਸਰਗਰਮ ਰਹਿ ਕੇ ਅਤੇ ਜ਼ਿੰਦਗੀ ਨੂੰ ਜਿਵੇਂ ਆਉਂਦੀ ਹੈ ਉਸੇ ਤਰ੍ਹਾਂ ਸਵੀਕਾਰ ਕਰਕੇ, ਇੱਕ ਵਿਅਕਤੀ ਜ਼ਿੰਦਗੀ ਦੇ ਹਰ ਪੜਾਅ ਦਾ ਆਨੰਦ ਮਾਣ ਸਕਦਾ ਹੈ। ਸੱਚੀ ਖੁਸ਼ੀ ਇੱਕ ਸੰਪੂਰਨ ਜੀਵਨ ਤੋਂ ਨਹੀਂ, ਸਗੋਂ ਇੱਕ ਸੰਤੁਲਿਤ ਅਤੇ ਸਕਾਰਾਤਮਕ ਜੀਵਨ ਢੰਗ ਨਾਲ ਮਿਲਦੀ ਹੈ।

## ਵਿਸ਼ਵ ਹੀਮੋਫਿਲੀਆ ਦਿਵਸ-2026

ਹੀਮੋਫਿਲੀਆ ਦਾ ਪਰਿਵਾਰਕ ਇਤਿਹਾਸ ਹੁੰਦਾ ਹੈ। ਇਹ ਵੀ ਗਲਤ ਹੈ, ਜਦੋਂਕਿ ਹੀਮੋਫਿਲੀਆ ਆਮ ਤੌਰ ‘ਤੇ ਵਿਰਾਸਤ ਵਿੱਚ ਮਿਲਦਾ ਹੈ, ਇਹ ਇੱਕ ਤਿਹਾਈ ਮਾਮਲਿਆਂ ਵਿੱਚ ਆਪਣੇ ਆਪ ਹੁੰਦਾ ਹੈ।

*ਹੀਮੋਫਿਲੀਆ ਵਾਲਾ ਹਰ ਕੋਈ ਅੰਤ ਵਿੱਚ ਜੋੜਾਂ ਦੇ ਨੁਕਸਾਨ ਕਾਰਨ ਅਪਾਹਜ ਹੋ ਜਾਵੇਗਾ। ਇਹ ਵੀ ਗਲਤ ਹੈ, ਚੰਗੀ ਖ਼ਬਰ ਇਹ ਹੈ ਕਿ ਸਹੀ ਰੋਕਥਾਮ ਇਲਾਜ ਨਾਲ ਹੀਮੋਫਿਲੀਆ ਵਾਲੇ ਲੋਕ ਵਾਰ-ਵਾਰ ਜੋੜਾਂ ਦੇ ਖ਼ੂਨ ਵਹਿਣ ਅਤੇ ਲੰਬੇ ਸਮੇਂ ਦੇ ਜੋੜਾਂ ਦੇ ਨੁਕਸਾਨ ਤੋਂ ਬਚਣ ਦੇ ਯੋਗ ਹੋ ਸਕਦੇ ਹਨ।

ਹਾਲ ਹੀ ਵਿੱਚ ਮਨਾਏ ਗਏ ਹੀਮੋਫਿਲੀਆ ਦਿਵਸ 2026 ਦੀ ਪੂਰਵ ਸੰਧਿਆ ‘ਤੇ ਹੀਮੋਫਿਲੀਆ ਸੰਬੰਧੀ ਉੱਪਰ ਦਿੱਤਾ ਗਿਆ ਵੇਰਵਾ ਯਕੀਨੀ ਤੌਰ ‘ਤੇ ਲੋਕਾਂ ਨੂੰ ਲਾਭ ਪਹੁੰਚਾਏਗਾ ਅਤੇ ਉਨ੍ਹਾਂ ਦੇ ਮਨਾਂ ਵਿੱਚੋਂ ਬਹੁਤ ਸਾਰੀਆਂ ਗਲਤਫਹਿਮੀਆਂ ਦੂਰ ਕਰੇਗਾ।







info@punjabistarlive.com - www.punjabistarlive.com - Ph:908-368-7541

